ਸੰਪਰਕ : 99998-89104 ਸਾਲ : 16 ਅੰਕ : 282 ਪੇਜ : 12 ਮਿਤੀ : 13 ਅਕਤੂਬਰ, 2026 ਦਿਨ : ਮੰਗਲਵਾਰ ₹ 2 epaper.onlinejagran.com facebook.com/janjagranpunjab

ਜਨ ਜਾਗਰਣ ਟੀ.ਵੀ ਪੰਜਾਬ ਦੇਖਣ ਲਈ ਹੇਠਾਂ ਦਿੱਤੇ ਫੇਸਬੁੱਕ ਅਕਾਊਂਟ 'ਤੇ ਜਾਓ
जन जागरण TV पंजाब
Facebook.com/janjagranpunjab

ਜਨ-ਜਨ ਦੀ ਅਵਾਜ਼ ਜਲੰਧਰ ਤੋਂ ਪ੍ਰਕਾਸ਼ਿਤ

# ਜਨ ਜਾਗਰਣ

Daily Jan Jagran, Punjab RNI : PUNPUN/ 2011/ 44547
janjagranpunjab@gmail.com ਪੰਜਾਬ ਐਡੀਸ਼ਨ ਜਲੰਧਰ - ਦਿੱਲੀ - ਚੰਡੀਗੜ੍ਹ



ਰੋਜ਼ਾਨਾ 'ਜਨ ਜਾਗਰਣ' ਨੂੰ ਪੰਜਾਬ ਦੇ ਵੱਖ - ਵੱਖ ਸਟੇਸ਼ਨਾਂ ਤੋਂ ਪੱਤਰਕਾਰਾਂ ਦੀ ਲੋੜ ਹੈ।
ਈ ਮੇਲ - janjagranpunjab1@gmail.com
ਸੰਪਰਕ : 8360452008

## ਵਿਰੋਧੀ ਧਿਰ ਨੇ ਸੁਪਰੀਮ ਕੋਰਟ ਤੱਕ ਕੱਢਿਆ ਮਾਰਚ

### ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਖ਼ਿਲਾਫ਼ ਪਟੀਸ਼ਨ ਕੀਤੀ ਦਾਇਰ



ਨਵੀਂ ਦਿੱਲੀ 12 ਅਕਤੂਬਰ (ਪੱਤਰ ਪ੍ਰੇਰਕ): : ਐਸ.ਆਈ.ਆਰ. ਵਿੱਚ ਗੜਬੜੀ ਖ਼ਿਲਾਫ਼ ਕਾਂਗਰਸ ਨੇ ਸੋਮਵਾਰ ਨੂੰ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਖ਼ਲ ਕੀਤੀ ਹੈ। ਜਿਸ ਵਿੱਚ ਰਾਹੁਲ ਗਾਂਧੀ, ਅਖਿਲੇਸ਼ ਯਾਦਵ, ਤੇਜਸਵੀ ਯਾਦਵ ਸਮੇਤ 11 ਵਿਰੋਧੀ ਆਗੂ ਪਟੀਸ਼ਨਰ ਹਨ। ਇਸ ਵਿੱਚ ਚੋਣ ਕਮਿਸ਼ਨ ਅਤੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੂੰ ਧਿਰ ਬਣਾਇਆ ਗਿਆ ਹੈ। ਇਸ ਤੋਂ ਪਹਿਲਾਂ ਵਿਰੋਧੀ ਧਿਰ ਦੇ ਨੇਤਾਵਾਂ ਨੇ ਬਾਰਾਖੰਭਾ ਤੋਂ ਸੁਪਰੀਮ ਕੋਰਟ ਤੱਕ ਮਾਰਚ ਕੱਢਿਆ। ਇਹ ਪਹਿਲਾ ਮੌਕਾ ਹੈ ਜਦੋਂ ਵਿਰੋਧੀ ਧਿਰ ਦੇ ਆਗੂਆਂ ਨੇ ਕਿਸੇ ਮੰਗ ਨੂੰ ਲੈ ਕੇ ਸੁਪਰੀਮ ਕੋਰਟ ਤੱਕ ਮਾਰਚ ਕੱਢਿਆ ਹੈ। ਲਗਭਗ ਇੱਕ ਕਿਲੋਮੀਟਰ ਲੰਬੇ ਮਾਰਚ ਵਿੱਚ ਵਿਰੋਧੀ ਧਿਰ ਦੇ ਆਗੂ ਬੱਸ ਵਿੱਚ, ਪੈਦਲ ਅਤੇ ਵਾਹਨਾਂ ਵਿੱਚ ਸਵਾਰ ਹੋਏ।

ਮਾਰਚ ਤੋਂ ਪਹਿਲਾਂ ਰਾਹੁਲ ਗਾਂਧੀ ਨੇ ਪ੍ਰੈੱਸ ਕਾਨਫਰੰਸ ਕੀਤੀ। ਇਸ ਵਿੱਚ ਉਨ੍ਹਾਂ ਕਿਹਾ ਸੀ ਕਿ ਵਿਰੋਧੀ ਧਿਰ ਦਾ ਮਾਰਚ ਸ਼ਿਵ ਜੀ ਦੀ ਬਰਾਤ ਵਾਂਗ ਹੈ, ਇਸ ਵਿੱਚ ਕੋਈ ਵੀ ਸ਼ਾਮਲ ਹੋ ਸਕਦਾ ਹੈ। ਜ਼ਿਕਰਯੋਗ ਹੈ ਕਿ ਐਤਵਾਰ ਨੂੰ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਭਾਰਤ ਦੇ ਚੀਫ਼ ਜਸਟਿਸ ਸੂਰਜ ਕਾਂਤ ਨੂੰ ਪੱਤਰ ਲਿਖਿਆ ਸੀ ਅਤੇ ਮੰਗ-ਪੱਤਰ ਸੌਂਪਣ ਲਈ ਸਮਾਂ ਮੰਗਿਆ ਸੀ। ਪਰ ਸੀ.ਆਈ.ਜੀ. ਨੇ ਮਿਲਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਪਟੀਸ਼ਨ ਦਾਖ਼ਲ ਕਰਨ ਲਈ ਕਿਹਾ ਸੀ।

## ਰਾਸ਼ਟਰਪਤੀ ਦਰੋਪਦੀ ਮੁਰਮੂ ਨੇ 6 ਰਾਜਾਂ ਦੇ ਨਵੇਂ ਰਾਜਪਾਲ ਕੀਤੇ ਨਿਯੁਕਤ

### ਓਮ ਪ੍ਰਕਾਸ਼ ਮਾਥੁਰ ਨੂੰ ਕੇਰਲ ਦਾ ਰਾਜਪਾਲ ਬਣਾਇਆ

ਨਵੀਂ ਦਿੱਲੀ 12 ਅਕਤੂਬਰ (ਪੱਤਰ ਪ੍ਰੇਰਕ): ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਸੋਮਵਾਰ ਨੂੰ 6 ਰਾਜਾਂ ਵਿੱਚ ਨਵੇਂ ਰਾਜਪਾਲ ਨਿਯੁਕਤ ਕੀਤੇ ਹਨ। ਇਨ੍ਹਾਂ ਵਿੱਚ ਇੱਕ ਮਹਿਲਾ ਵੀ ਸ਼ਾਮਲ ਹੈ। ਓਮ ਪ੍ਰਕਾਸ਼ ਮਾਥੁਰ ਨੂੰ ਕੇਰਲ ਦਾ ਰਾਜਪਾਲ ਬਣਾਇਆ ਗਿਆ ਹੈ। ਜਦਕਿ ਤਾਮਿਲਨਾਡੂ ਦੇ ਰਾਜਪਾਲ ਰਾਜਿੰਦਰ ਵਿਸ਼ਵਨਾਥ ਆਰਲੇਕਰ ਹੋਣਗੇ। ਇਸੇ ਤਰ੍ਹਾਂ ਡਾ. ਸੁਧਾ ਯਾਦਵ ਨੂੰ ਕਰਨਾਟਕ ਦੀ ਰਾਜਪਾਲ ਬਣਾਇਆ ਗਿਆ ਹੈ। ਇਸ ਦੇ ਨਾਲ ਹੀ ਬ੍ਰਿਜ ਮੋਹਨ ਰਾਮ ਨੂੰ ਉੜੀਸਾ, ਡਾ. ਢਾਲ ਸਿੰਘ ਬਿਸੇਨ ਉਤਰਾਖੰਡ ਦਾ ਅਤੇ ਦੁਸ਼ਯੰਤ ਗੌਤਮ ਸਿੱਕਮ ਦਾ ਰਾਜਪਾਲ ਨਿਯੁਕਤ ਕੀਤਾ ਗਿਆ ਹੈ।

## ਬੰਦੀ ਸਿੰਘਾਂ ਦੀ ਰਿਹਾਈ ਲਈ ਸਰਕਾਰ ਗੰਭੀਰਤਾ ਨਾਲ ਕਰ ਰਹੀ ਹੈ ਯਤਨ: ਭਗਵੰਤ ਮਾਨ

### ਮੁੱਖ ਮੰਤਰੀ ਦੀ ਕੌਮੀ ਇਨਸਾਫ਼ ਮੋਰਚੇ ਨਾਲ ਅਹਿਮ ਮੀਟਿੰਗ



ਚੰਡੀਗੜ੍ਹ, 12 ਅਕਤੂਬਰ (ਪੱਤਰ ਪ੍ਰੇਰਕ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਹਰ ਕਾਨੂੰਨੀ ਅਤੇ ਸੰਵਿਧਾਨਕ ਰਾਹ ਅਪਣਾਇਆ ਜਾਵੇਗਾ ਕਿਉਂਕਿ ਲੰਬੇ ਸਮੇਂ ਤੋਂ ਲਟਕਦੇ ਆ ਰਹੇ ਇਸ ਮਾਮਲੇ ਨੂੰ ਅਣਮਿੱਥੇ ਸਮੇਂ ਲਈ ਅਣ-ਸੁਲਝਿਆ ਨਹੀਂ ਰਹਿਣ ਦਿੱਤਾ ਜਾ ਸਕਦਾ। ਉਨ੍ਹਾਂ ਦੱਸਿਆ ਕਿ ਸਰਕਾਰ ਨੇ ਕੇਂਦਰ ਅਤੇ ਰਾਜਪਾਲ ਨੂੰ ਭਰੋਸਾ ਦਿਵਾਇਆ ਸੀ ਕਿ ਜੇਕਰ ਜਗਤਾਰ ਸਿੰਘ ਹਵਾਰਾ ਨੂੰ ਆਪਣੀ ਬਿਮਾਰ ਮਾਂ ਨੂੰ ਮਿਲਣ ਲਈ ਪੈਰੋਲ ਦਿੱਤੀ ਜਾਂਦੀ ਹੈ ਤਾਂ ਅਮਨ-ਕਾਨੂੰਨ ਦੀ ਸਥਿਤੀ ਪੂਰੀ ਤਰ੍ਹਾਂ ਬਰਕਰਾਰ ਰੱਖੀ ਜਾਵੇਗੀ ਪਰ ਕੇਂਦਰ ਨੇ ਅਜੇ ਤੱਕ ਇਸ ਨੂੰ ਮਨਜ਼ੂਰੀ ਨਹੀਂ ਦਿੱਤੀ। ਮੁੱਖ ਮੰਤਰੀ ਨੇ ਇਹ ਵੀ ਦੱਸਿਆ ਕਿ ਉਹ ਪਰਮਜੀਤ ਸਿੰਘ ਭਿਓਰਾ ਅਤੇ ਜਗਤਾਰ ਸਿੰਘ ਤਾਰਾ ਦੀ ਪੈਰੋਲ ਦੇ ਮੁੱਦੇ ਨੂੰ ਪੰਜਾਬ ਦੇ ਰਾਜਪਾਲ ਜੋ ਚੰਡੀਗੜ੍ਹ ਦੇ ਪ੍ਰਸ਼ਾਸਕ ਵੀ ਹਨ, ਕੋਲ ਉਠਾਉਣਗੇ। ਉਨ੍ਹਾਂ ਨੇ ਸਿੱਖ ਜਥੇਬੰਦੀਆਂ ਨੂੰ ਆਪਣਾ ਸੰਘਰਸ਼ ਸ਼ਾਂਤਮਈ ਅਤੇ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਜਾਰੀ ਰੱਖਣ ਦੀ ਅਪੀਲ ਵੀ ਕੀਤੀ। ਆਪਣੇ 'ਐਕਸ' ਅਕਾਊਂਟ 'ਤੇ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਅੱਜ ਕੌਮੀ ਇਨਸਾਫ਼ ਮੋਰਚੇ ਦੇ ਨੁਮਾਇੰਦਿਆਂ ਨਾਲ ਇੱਕ ਅਹਿਮ ਮੀਟਿੰਗ ਹੋਈ। ਮੀਟਿੰਗ ਦੌਰਾਨ ਅਸੀਂ ਉਨ੍ਹਾਂ ਦੀਆਂ ਮੰਗਾਂ 'ਤੇ ਵਿਆਪਕ ਚਰਚਾ ਕੀਤੀ ਅਤੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਸਾਡੀ ਸਰਕਾਰ ਬੰਦੀ ਸਿੰਘਾਂ ਦੀ ਜਲਦ ਰਿਹਾਈ ਲਈ ਲਗਾਤਾਰ ਅਤੇ ਸੁਹਿਰਦ ਯਤਨ ਕਰ ਰਹੀ ਹੈ। ਅਸੀਂ ਇਸ ਮਸਲੇ ਦੇ ਅਰਥਪੂਰਨ ਹੱਲ ਲਈ ਪੂਰੀ ਗੰਭੀਰਤਾ ਨਾਲ ਕੰਮ ਕਰ ਰਹੇ ਹਾਂ ਅਤੇ ਸਾਨੂੰ ਉਮੀਦ ਹੈ ਕਿ ਜਲਦ ਹੀ ਸਕਾਰਾਤਮਕ ਨਤੀਜੇ ਸਾਹਮਣੇ ਆਉਣਗੇ।" ਸਿੱਖ ਜਥੇਬੰਦੀਆਂ, ਕਿਸਾਨ ਯੂਨੀਅਨਾਂ ਅਤੇ ਹੋਰ ਸਮੂਹਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਸਰਕਾਰ ਕਾਨੂੰਨ ਦੇ ਦਾਇਰੇ ਵਿੱਚ ਰਹਿੰਦਿਆਂ ਇਸ ਮਾਮਲੇ ਵਿੱਚ ਹਰ ਸੰਭਵ ਮਦਦ ਕਰਨ ਲਈ ਤਿਆਰ ਹੈ। ਬੰਦੀ ਸਿੰਘਾਂ ਨਾਲ ਜੁੜੇ ਲੰਬੇ ਸਮੇਂ ਤੋਂ ਲਟਕਦੇ ਆ ਰਹੇ ਮਾਮਲੇ ਨੂੰ ਅਣਮਿੱਥੇ ਸਮੇਂ ਲਈ ਅਣ-ਸੁਲਝਿਆ ਨਹੀਂ ਰਹਿਣ ਦਿੱਤਾ ਜਾ ਸਕਦਾ। 'ਆਪ' ਸਰਕਾਰ ਦੇ ਇਰਾਦੇ ਅਤੇ ਵਚਨਬੱਧਤਾ ਬਿਲਕੁਲ ਸਪੱਸ਼ਟ ਹਨ ਅਤੇ ਅਸੀਂ ਇਨਸਾਫ਼ ਦੇ ਹੱਕ ਵਿੱਚ ਮਜ਼ਬੂਤੀ ਨਾਲ ਖੜ੍ਹੇ ਹਾਂ।" ਮੁੱਖ ਮੰਤਰੀ ਨੇ ਅੱਗੇ ਕਿਹਾ, "ਮੈਂ ਆਪਣੇ ਅਧਿਕਾਰਾਂ ਦੇ ਦਾਇਰੇ ਵਿੱਚ ਰਹਿ ਕੇ ਹਰ ਸੰਭਵ ਮਦਦ ਕਰਨ ਲਈ ਤਿਆਰ ਹਾਂ ਅਤੇ ਸੂਬਾ ਸਰਕਾਰ ਇਸ ਮਾਮਲੇ ਵਿੱਚ ਕਦੇ ਵੀ ਰੁਕਾਵਟ ਨਹੀਂ ਬਣੇਗੀ।" ਉਨ੍ਹਾਂ ਨੇ ਰਾਮਪੁਰ ਖੇੜਾ ਤੋਂ ਸੰਤ ਸੇਵਾ ਸਿੰਘ, ਬਠਿੰਡਾ ਤੋਂ ਗੁਰਦੀਪ ਸਿੰਘ, ਭਾਈ ਮੋਹਕਮ ਸਿੰਘ, ਗੁਰਸੇਵਕ ਸਿੰਘ ਕਹਾਨੇਕੇ, ਬਾਬਾ ਭੁਪਿੰਦਰ ਸਿੰਘ ਅਤੇ ਕਿਸਾਨ ਆਗੂ ਬੂਟਾ ਸਿੰਘ ਬੁਰਜਗਿੱਲ ਸਮੇਤ ਹੋਰਨਾਂ ਦੀ ਅਗਵਾਈ ਵਾਲੇ ਵਫ਼ਦ ਨੂੰ ਭਰੋਸਾ ਦਿਵਾਇਆ ਕਿ ਸੂਬਾ ਸਰਕਾਰ ਜਗਤਾਰ ਸਿੰਘ ਹਵਾਰਾ ਦੀ ਪੈਰੋਲ ਦੌਰਾਨ ਅਮਨ-ਕਾਨੂੰਨ ਦੀ ਸਥਿਤੀ ਬਰਕਰਾਰ ਰੱਖਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।" ਇਸ ਮੁੱਦੇ 'ਤੇ ਬੋਲਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਸਰਕਾਰ ਪਹਿਲਾਂ ਹੀ ਕੇਂਦਰ ਸਰਕਾਰ ਅਤੇ ਪੰਜਾਬ ਦੇ ਰਾਜਪਾਲ ਨੂੰ ਭਰੋਸਾ ਦੇ ਚੁੱਕੀ ਹੈ ਕਿ ਜੇਕਰ ਹਵਾਰਾ ਨੂੰ ਆਪਣੀ ਬਿਮਾਰ ਮਾਂ ਨੂੰ ਮਿਲਣ ਲਈ ਪੈਰੋਲ ਦਿੱਤੀ ਜਾਂਦੀ ਹੈ ਤਾਂ ਸੂਬੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਬਰਕਰਾਰ ਰੱਖੀ ਜਾਵੇਗੀ।" ਮੁੱਖ ਮੰਤਰੀ ਨੇ ਅਫਸੋਸ ਪ੍ਰਗਟਾਉਂਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਦਿੱਤੇ ਗਏ ਭਰੋਸੇ ਦੇ ਬਾਵਜੂਦ ਪੈਰੋਲ ਨਹੀਂ ਦਿੱਤੀ ਗਈ। ਉਨ੍ਹਾਂ ਕਿਹਾ, "ਇਹ ਮਾਮਲਾ ਹੁਣ ਕੇਂਦਰ ਸਰਕਾਰ ਦੇ ਅਧਿਕਾਰ ਖੇਤਰ ਵਿੱਚ ਹੈ। ਪੰਜਾਬ ਸਰਕਾਰ ਸੂਬੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਬਣਾਈ ਰੱਖਣ ਦੀ ਪੂਰੀ ਜ਼ਿੰਮੇਵਾਰੀ ਲਵੇਗੀ। ਅਸੀਂ ਇਸ ਸਬੰਧੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਵੀ ਭਰੋਸਾ ਦਿੱਤਾ ਹੈ ਪਰ ਕੇਂਦਰ ਸਰਕਾਰ ਵੱਲੋਂ ਅਜੇ ਤੱਕ ਪੈਰੋਲ ਨਹੀਂ ਦਿੱਤੀ ਗਈ।"

ਸਿੱਖ ਜਥੇਬੰਦੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ, "ਜੇਕਰ ਜਗਤਾਰ ਸਿੰਘ ਹਵਾਰਾ ਨੂੰ ਕੁਝ ਦਿਨਾਂ ਲਈ ਵੀ ਪੈਰੋਲ ਦਿੱਤੀ ਜਾਂਦੀ ਹੈ ਤਾਂ ਇਹ ਇਸ ਗੱਲ ਦੀ ਮਿਸਾਲ ਬਣਨੀ ਚਾਹੀਦੀ ਹੈ ਕਿ ਸੂਬੇ ਵਿੱਚ ਸ਼ਾਂਤੀ ਅਤੇ ਭਾਈਚਾਰਕ ਸਾਂਝ ਕਿਵੇਂ ਕਾਇਮ ਰੱਖੀ ਜਾ ਸਕਦੀ ਹੈ।" ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਸ ਨਾਲ ਹੋਰ ਬੰਦੀ ਸਿੰਘਾਂ ਦੀ ਰਿਹਾਈ ਦਾ ਰਾਹ ਵੀ ਪੱਧਰਾ ਹੋ ਸਕਦਾ ਹੈ।" ਉਨ੍ਹਾਂ ਨੇ ਸਿੱਖ ਜਥੇਬੰਦੀਆਂ ਨੂੰ ਆਪਣਾ ਸੰਘਰਸ਼ ਸ਼ਾਂਤਮਈ ਅਤੇ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਜਾਰੀ ਰੱਖਣ ਦੀ ਅਪੀਲ ਵੀ ਕੀਤੀ। ਉਨ੍ਹਾਂ ਅੱਗੇ ਕਿਹਾ, "ਕੁਝ ਸਮੂਹ ਕਈ ਵਾਰ ਜਾਣ-ਬੁੱਝ ਕੇ ਅਜਿਹੀਆਂ ਲਹਿਰਾਂ ਨੂੰ ਲੀਹੋਂ ਲਾਹੁਣ ਅਤੇ ਵਿਸ਼ਵ ਪੱਧਰ 'ਤੇ ਸਿੱਖਾਂ ਦੀ ਸ਼ਾਖ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕਰਦੇ ਹਨ।" ਬੁੜੈਲ ਜੇਲ੍ਹ ਵਿੱਚ ਬੰਦ ਪਰਮਜੀਤ ਸਿੰਘ ਭਿਓਰਾ ਅਤੇ ਜਗਤਾਰ ਸਿੰਘ ਤਾਰਾ ਦੀ ਪੈਰੋਲ ਦੇ ਮਾਮਲੇ 'ਤੇ ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਇਹ ਮਾਮਲਾ ਚੰਡੀਗੜ੍ਹ ਪ੍ਰਸ਼ਾਸਨ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ। ਮੁੱਖ ਮੰਤਰੀ ਨੇ ਅੱਗੇ ਕਿਹਾ, "ਮੈਂ ਇਹ ਮਾਮਲਾ ਪੰਜਾਬ ਦੇ ਰਾਜਪਾਲ ਕੋਲ ਉਠਾਵਾਂਗਾ, ਜੋ ਚੰਡੀਗੜ੍ਹ ਦੇ ਪ੍ਰਸ਼ਾਸਕ ਵੀ ਹਨ।" ਉਨ੍ਹਾਂ ਨੇ ਮੀਟਿੰਗ ਵਿੱਚ ਮੌਜੂਦ ਪੰਜਾਬ ਦੇ ਐਡਵੋਕੇਟ ਜਨਰਲ ਮਨਿੰਦਰਜੀਤ ਸਿੰਘ ਬੇਦੀ ਨੂੰ ਕਿਹਾ ਕਿ ਉਹ ਹਰੇਕ ਕੇਸ ਦੀ ਕਾਨੂੰਨੀ ਪੱਖ ਤੋਂ ਜਾਂਚ ਕਰਨ ਤਾਂ ਜੋ ਕੋਈ ਸੁਖਾਵਾਂ ਹੱਲ ਲੱਭਿਆ ਜਾ ਸਕੇ। ਭਗਵੰਤ ਸਿੰਘ ਮਾਨ ਨੇ ਕਮੇਟੀ ਨੂੰ ਭਰੋਸਾ ਦਿਵਾਇਆ ਕਿ "ਆਪ ਸਰਕਾਰ ਇਸ ਮਾਮਲੇ ਦੇ ਢੁਕਵੇਂ ਅਤੇ ਜਲਦ ਹੱਲ ਲਈ ਹਰ ਉਚਿਤ, ਕਾਨੂੰਨੀ ਅਤੇ ਸੰਵਿਧਾਨਕ ਰਾਹ ਅਪਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।" ਮੁੱਖ ਮੰਤਰੀ ਨੇ ਕਿਹਾ, "ਸਰਕਾਰ ਵੱਲੋਂ ਜੇਲ੍ਹਾਂ ਵਿੱਚ ਕੈਦ 'ਬੰਦੀ ਸਿੰਘਾਂ' ਦੀ ਰਿਹਾਈ ਲਈ ਹਰ ਸੰਭਵ ਕਾਨੂੰਨੀ ਅਤੇ ਸੰਵਿਧਾਨਕ ਕਦਮ ਚੁੱਕੇ ਜਾਣਗੇ ਕਿਉਂਕਿ ਇਸ ਵਿੱਚ ਇਨਸਾਫ਼, ਮਨੁੱਖਤਾ ਅਤੇ ਉਨ੍ਹਾਂ ਵਿਅਕਤੀਆਂ ਦੇ ਅਧਿਕਾਰਾਂ ਦਾ ਮਾਮਲਾ ਸ਼ਾਮਲ ਹੈ ਜੋ ਪਹਿਲਾਂ ਹੀ ਲੰਬੇ ਸਮੇਂ ਤੱਕ ਕੈਦ ਕੱਟ ਚੁੱਕੇ ਹੈ। ਸਰਕਾਰ ਸੰਵਿਧਾਨਕ ਅਤੇ ਕਾਨੂੰਨੀ ਢਾਂਚੇ ਦਾ ਪੂਰਾ ਸਤਿਕਾਰ ਕਰਦੀ ਹੋਈ ਇਸ ਮਾਮਲੇ ਨੂੰ ਸੰਵੇਦਨਸ਼ੀਲਤਾ, ਜ਼ਿੰਮੇਵਾਰੀ ਅਤੇ ਇਨਸਾਫ਼ ਪ੍ਰਤੀ ਸਪੱਸ਼ਟ ਵਚਨਬੱਧਤਾ ਨਾਲ ਹੱਲ ਕਰੇਗੀ।'

## ਕੇਂਦਰ ਸਰਕਾਰ ਨੇ ਕੈਂਸਰ ਦੀਆਂ ਦਵਾਈਆਂ ਦਾ ਮਾਰਜਿਨ 30 ਫ਼ੀਸਦੀ ਕੀਤਾ ਤੈਅ, ਸੁਪਰੀਮ ਕੋਰਟ ਨੇ ਚੁੱਕੇ ਸਵਾਲ

ਨਵੀਂ ਦਿੱਲੀ 12 ਅਕਤੂਬਰ (ਪੱਤਰ ਪ੍ਰੇਰਕ): : ਸੁਪਰੀਮ ਕੋਰਟ ਨੇ ਕੈਂਸਰ ਦੀਆਂ ਦਵਾਈਆਂ 'ਤੇ ਟਰੇਡ ਮਾਰਜਿਨ 30% ਤੱਕ ਸੀਮਤ ਕਰਨ ਦੇ ਕੇਂਦਰ ਦੇ ਫ਼ੈਸਲੇ 'ਤੇ ਸਵਾਲ ਚੁੱਕੇ। ਕੋਰਟ ਨੇ ਕਿਹਾ ਕਿ ਸਰਕਾਰ ਦੇ ਜਵਾਬ ਵਿੱਚ ਖ਼ੁਸ਼ ਹੋਣ ਵਰਗਾ ਕੁਝ ਨਹੀਂ ਹੈ। ਕੋਰਟ ਨੇ ਪੁੱਛਿਆ ਕਿ ਜਦੋਂ ਕੈਂਸਰ ਦੀਆਂ ਦਵਾਈਆਂ 'ਤੇ ਮਾਰਜਿਨ ਤੈਅ ਕੀਤਾ ਜਾ ਸਕਦਾ ਹੈ, ਤਾਂ ਦੂਜੀਆਂ ਦਵਾਈਆਂ 'ਤੇ ਅਜਿਹਾ ਕਿਉਂ ਨਹੀਂ ਕੀਤਾ ਜਾ ਸਕਦਾ? ਕੇਂਦਰ ਨੇ ਦੱਸਿਆ ਕਿ ਇਸ ਫ਼ੈਸਲੇ ਨਾਲ ਮਰੀਜ਼ਾਂ ਨੂੰ ਸਾਲਾਨਾ ਕਰੀਬ 2,500 ਕਰੋੜ ਰੁਪਏ ਦੀ ਬਚਤ ਹੋਣ ਦੀ ਉਮੀਦ ਹੈ। ਅਦਾਲਤ ਨੇ ਦਵਾਈਆਂ ਦੀ ਕੀਮਤ ਤੈਅ ਕਰਨ ਦੇ ਤਰੀਕੇ ਬਾਰੇ ਜਾਣਕਾਰੀ ਦੇਣ ਲਈ ਸੌਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੂੰ 27 ਅਕਤੂਬਰ ਤੱਕ ਦਾ ਸਮਾਂ ਦਿੱਤਾ।

## ਸੀ.ਜੇ.ਆਈ. ਸੂਰਿਆ ਕਾਂਤ ਨੇ ਵਿਰੋਧ ਧਿਰ ਦੇ ਸੰਸਦ ਮੈਂਬਰਾਂ ਦੇ ਪੱਤਰ ਦਾ ਦਿੱਤਾ ਜਵਾਬ

### ਵਿਰੋਧੀ ਧਿਰ ਦੇ ਆਗੂਆਂ ਨੂੰ ਮਿਲਣ ਤੋਂ ਕੀਤਾ ਇਨਕਾਰ



ਨਵੀਂ ਦਿੱਲੀ 12 ਅਕਤੂਬਰ (ਪੱਤਰ ਪ੍ਰੇਰਕ): : ਦਿੱਲੀ ਵਿੱਚ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਵਿਰੁੱਧ ਪ੍ਰਦਰਸ਼ਨ ਅਤੇ ਪਾਬੰਦੀਆਂ 'ਤੇ ਸੀ.ਜੇ.ਆਈ. ਸੂਰਿਆ ਕਾਂਤ ਨੇ ਸੋਮਵਾਰ ਨੂੰ ਕਿਹਾ ਕਿ ਇਹ ਮੇਰਾ ਮੁੱਦਾ ਨਹੀਂ ਹੈ। ਸੀ.ਜੇ.ਆਈ. ਵਿਗਿਆਨ ਭਵਨ ਵਿਖੇ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਦੇ 33ਵੇਂ ਸਥਾਪਨਾ ਦਿਵਸ ਦੇ ਪ੍ਰੋਗਰਾਮ ਵਿੱਚ ਸ਼ਾਮਲ ਹੋਏ ਸਨ। ਪ੍ਰੋਗਰਾਮ ਤੋਂ ਪਹਿਲਾਂ ਉਨ੍ਹਾਂ ਨੇ 'ਇੰਡੀਆ' ਗੱਠਜੋੜ ਦੇ ਆਗੂਆਂ ਨੂੰ ਨਾ ਮਿਲਣ ਦਾ ਕਾਰਨ ਵੀ ਦੱਸਿਆ। ਚੀਫ਼ ਜਸਟਿਸ ਆਫ਼ ਇੰਡੀਆ ਨੇ ਕਿਹਾ ਕਿ ਐਤਵਾਰ ਨੂੰ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਦਾ ਪੱਤਰ ਮਿਲਿਆ ਸੀ, ਜਿਸ ਦਾ ਜਵਾਬ ਮੈਂ ਉਸੇ ਰਾਤ ਦੇ ਦਿੱਤਾ ਸੀ। ਸੁਪਰੀਮ ਕੋਰਟ ਦੇ ਦਰਵਾਜ਼ੇ ਸਾਰਿਆਂ ਲਈ ਖੁੱਲ੍ਹੇ ਹਨ। ਕੋਈ ਵੀ ਆਮ ਨਾਗਰਿਕ ਜਾਂ ਚੁਣਿਆ ਹੋਇਆ ਜਨ ਪ੍ਰਤੀਨਿਧ ਪਟੀਸ਼ਨ ਦਾਖ਼ਲ ਕਰ ਸਕਦਾ ਹੈ। ਕੋਰਟ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੇਗਾ ਅਤੇ ਕਾਨੂੰਨ ਮੁਤਾਬਕ ਕਾਰਵਾਈ ਕਰੇਗਾ।

ਇਸ ਦੌਰਾਨ ਰਾਹੁਲ ਗਾਂਧੀ ਨੇ ਕਿਹਾ ਹੈ ਕਿ ਸੀ.ਜੇ.ਆਈ. ਨੇ ਉਨ੍ਹਾਂ ਨੂੰ ਆਪਣੀਆਂ ਚਿੰਤਾਵਾਂ ਨੂੰ ਲੈ ਕੇ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਖ਼ਲ ਕਰਨ ਲਈ ਕਿਹਾ ਹੈ। ਰਾਹੁਲ ਮੁਤਾਬਕ 'ਇੰਡੀਆ' ਗੱਠਜੋੜ ਦੇ ਆਗੂਆਂ ਨੇ ਸੋਮਵਾਰ ਸ਼ਾਮ ਨੂੰ ਸਾਂਝੇ ਤੌਰ 'ਤੇ ਪਟੀਸ਼ਨ ਦਾਖ਼ਲ ਕਰਨਗੇ। ਰਾਹੁਲ ਨੇ ਮੁੱਖ ਚੋਣ ਕਮਿਸ਼ਨ ਖ਼ਿਲਾਫ਼ ਕਾਰਵਾਈ ਦੀ ਮੰਗ ਨੂੰ ਲੈ ਕੇ ਸੀ.ਜੇ.ਆਈ. ਤੋਂ ਮਿਲਣ ਦਾ ਸਮਾਂ ਮੰਗਿਆ ਸੀ, ਪਰ ਸੀ.ਆਈ.ਜੀ. ਨੇ ਇਨਕਾਰ ਕਰ ਦਿੱਤਾ।

## ਜਾਅਲੀ ਫੋਰੈਂਸਿਕ ਰਿਪੋਰਟ ਦੇ ਵਿਵਾਦ 'ਚ ਈ.ਡੀ. ਦੀ ਐਂਟਰੀ

### ਲੁਧਿਆਣਾ ਦੇ ਪੁਲਿਸ ਕਮਿਸ਼ਨਰ ਸਵਪਨ ਸ਼ਰਮਾ ਨੂੰ ਸੰਮਨ ਭੇਜਣ ਦਾ ਦਾਅਵਾ



ਚੰਡੀਗੜ੍ਹ 12 ਅਕਤੂਬਰ (ਪੱਤਰ ਪ੍ਰੇਰਕ): : ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਸਬੰਧਤ ਇੱਕ ਵਿਵਾਦਿਤ ਵਾਇਰਲ ਵੀਡੀਓ ਅਤੇ ਉਸ ਦੀ ਫੋਰੈਂਸਿਕ ਰਿਪੋਰਟ ਨੂੰ ਲੈ ਕੇ ਚੱਲ ਰਹੇ ਵਿਵਾਦ ਵਿੱਚ ਇਨਫੋਰਸਮੈਂਟ ਡਾਇਰੈਕਟੋਰੇਟ ਦੀ ਐਂਟਰੀ ਹੋਣ ਦਾ ਦਾਅਵਾ ਕੀਤਾ ਗਿਆ ਹੈ। ਇਸ ਮਾਮਲੇ ਵਿੱਚ ਲੁਧਿਆਣਾ ਦੇ ਪੁਲਿਸ ਕਮਿਸ਼ਨਰ ਸਵਪਨ ਸ਼ਰਮਾ, ਆਈ.ਪੀ.ਐੱਸ. ਸਮੇਤ ਹੋਰ ਵਿਅਕਤੀਆਂ ਨੂੰ 19 ਅਕਤੂਬਰ 2026 ਨੂੰ ਚੰਡੀਗੜ੍ਹ ਸਥਿਤ ਈ.ਡੀ. ਦੇ ਦਫ਼ਤਰ ਵਿੱਚ ਪੇਸ਼ ਹੋਣ ਲਈ ਸੰਮਨ ਜਾਰੀ ਕੀਤੇ ਜਾਣ ਦੀ ਗੱਲ ਕਹੀ ਗਈ ਹੈ। ਵਾਇਰਲ ਵੀਡੀਓ ਵਿੱਚ ਗੁਰੂ ਸਾਹਿਬਾਨ ਦੀਆਂ ਤਸਵੀਰਾਂ 'ਤੇ ਸ਼ਰਾਬ ਦੇ ਛਿੱਟੇ ਮਾਰਨ ਅਤੇ ਅਮਰ ਸ਼ਹੀਦ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਤਸਵੀਰ ਦੀ ਬੇਅਦਬੀ ਕਰਨ ਦੇ ਦੋਸ਼ ਲੱਗੇ ਸਨ। ਇਸ ਮਾਮਲੇ ਵਿੱਚ ਅਰੁਣ ਮਹਿੰਦਰੂ ਅਤੇ ਅੰਕਿਤ ਦੀ ਗ੍ਰਿਫ਼ਤਾਰੀ ਹੋਣ ਦਾ ਵੀ ਜ਼ਿਕਰ ਕੀਤਾ ਗਿਆ ਹੈ।

ਇਸ ਮਾਮਲੇ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਦੀ ਫੋਰੈਂਸਿਕ ਰਿਪੋਰਟ ਸਬੰਧੀ ਭੂਮਿਕਾ 'ਤੇ ਵੀ ਸਵਾਲ ਚੁੱਕੇ ਜਾ ਰਹੇ ਹਨ। ਹਾਲਾਂਕਿ, ਰਿਪੋਰਟ ਜਾਅਲੀ ਹੋਣ ਅਤੇ ਮੁੱਖ ਮੰਤਰੀ ਵੱਲੋਂ ਝੂਠ ਬੋਲਣ ਦੇ ਦੋਸ਼ਾਂ ਦੀ ਸੁਤੰਤਰ ਪੁਸ਼ਟੀ ਲੋੜੀਂਦੀ ਹੈ। ਈ.ਡੀ. ਵੱਲੋਂ ਸੰਮਨ ਜਾਰੀ ਕੀਤੇ ਜਾਣ ਅਤੇ ਇਸ ਜਾਂਚ ਦੇ ਦਾਇਰੇ ਬਾਰੇ ਅਧਿਕਾਰਤ ਪੁਸ਼ਟੀ ਸਾਹਮਣੇ ਆਉਣ ਤੋਂ ਬਾਅਦ ਹੀ ਮਾਮਲੇ ਦੀ ਅਗਲੀ ਸਥਿਤੀ ਸਪੱਸ਼ਟ ਹੋ ਸਕੇਗੀ। ਸੰਮਨ ਜਾਰੀ ਹੋਣਾ ਆਪਣੇ ਆਪ ਵਿੱਚ ਕਿਸੇ ਵਿਅਕਤੀ ਦੇ ਦੋਸ਼ੀ ਹੋਣ ਦਾ ਸਬੂਤ ਨਹੀਂ ਹੈ।

## 2026 ਦਾ ਅਰਥ ਸ਼ਾਸਤਰ ਦਾ ਨੋਬਲ ਪੁਰਸਕਾਰ ਦੋ ਅਮਰੀਕੀ ਅਰਥਸ਼ਾਸਤਰੀਆਂ ਨੂੰ ਮਿਲਿਆ

ਵਾਸ਼ਿੰਗਟਨ 12 ਅਕਤੂਬਰ (ਪੱਤਰ ਪ੍ਰੇਰਕ): 2026 ਦਾ ਅਰਥਸ਼ਾਸਤਰ ਦਾ ਨੋਬਲ ਪੁਰਸਕਾਰ ਰੌਬਰਟ ਈ. ਹਾਲ ਅਤੇ ਮਾਈਕਲ ਵੁੱਡਫੋਰਡ ਨੂੰ ਦਿੱਤਾ ਗਿਆ ਹੈ। ਉਨ੍ਹਾਂ ਨੂੰ ਅਰਥਵਿਵਸਥਾ ਨੂੰ ਸਥਿਰ ਰੱਖਣ ਵਾਲੀਆਂ ਨੀਤੀਆਂ ਨੂੰ ਸਮਝਣ ਵਿੱਚ ਅਹਿਮ ਯੋਗਦਾਨ ਲਈ ਇਹ ਸਨਮਾਨ ਮਿਲਿਆ ਹੈ। ਉਨ੍ਹਾਂ ਦੀ ਖੋਜ ਨਾਲ ਸਰਕਾਰਾਂ ਅਤੇ ਕੇਂਦਰੀ ਬੈਂਕਾਂ ਨੂੰ ਇਹ ਸਮਝਣ ਵਿੱਚ ਮਦਦ ਮਿਲੀ ਕਿ ਮਹਿੰਗਾਈ ਵਧਣ ਜਾਂ ਅਰਥਵਿਵਸਥਾ ਕਮਜ਼ੋਰ ਹੋਣ 'ਤੇ ਕਿਹੜੇ ਕਦਮ ਚੁੱਕੇ ਜਾਣੇ ਚਾਹੀਦੇ ਹਨ। ਦੋਵਾਂ ਅਰਥਸ਼ਾਸਤਰੀਆਂ ਨੇ ਨਿਊ ਕੀਨਜ਼ੀਅਨ ਮਾਡਲ ਨੂੰ ਵਿਕਸਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ।

## ਕਿਸਾਨਾਂ ਦੀ ਫ਼ਸਲ ਬਰਬਾਦ ਹੋਣ ਲਈ ਭਗਵੰਤ ਮਾਨ ਸਰਕਾਰ ਜ਼ਿੰਮੇਵਾਰ : ਪਰਗਟ ਸਿੰਘ

### ਇੱਕ-ਇੱਕ ਦਾਣਾ ਚੁੱਕਣ ਦੇ ਦਾਅਵੇ ਕਰਨ ਵਾਲੀ ਮਾਨ ਸਰਕਾਰ ਮੰਡੀਆਂ ਵਿੱਚ ਲੋੜੀਂਦੇ ਪ੍ਰਬੰਧ ਕਰਨ ਵਿੱਚ ਨਾਕਾਮ



ਚੰਡੀਗੜ੍ਹ 12 ਅਕਤੂਬਰ (ਪੱਤਰ ਪ੍ਰੇਰਕ): : ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਵਿਧਾਇਕ ਪਰਗਟ ਸਿੰਘ ਨੇ ਬੇਮੌਸਮੀ ਬਾਰਿਸ਼ ਅਤੇ ਮੰਡੀਆਂ ਵਿੱਚ ਝੋਨੇ ਦੀ ਫ਼ਸਲ ਦੀ ਸੰਭਾਲ ਲਈ ਲੋੜੀਂਦੇ ਪ੍ਰਬੰਧਾਂ ਦੀ ਘਾਟ ਕਾਰਨ ਕਿਸਾਨਾਂ ਨੂੰ ਆ ਰਹੀਆਂ ਮੁਸ਼ਕਲਾਂ ਨੂੰ ਲੈ ਕੇ ਪੰਜਾਬ ਸਰਕਾਰ 'ਤੇ ਤਿੱਖਾ ਹਮਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਕਿਸਾਨ ਛੇ ਮਹੀਨਿਆਂ ਦੀ ਸਖ਼ਤ ਮਿਹਨਤ, ਭਾਰੀ ਖ਼ਰਚੇ ਅਤੇ ਅਨੇਕਾਂ ਮੁਸ਼ਕਲਾਂ ਤੋਂ ਬਾਅਦ ਆਪਣੀ ਫ਼ਸਲ ਮੰਡੀਆਂ ਵਿੱਚ ਲੈ ਕੇ ਪਹੁੰਚਦੇ ਹਨ, ਪਰ ਉੱਥੇ ਲੋੜੀਂਦੇ ਪ੍ਰਬੰਧਾਂ ਦੀ ਘਾਟ ਕਾਰਨ ਉਨ੍ਹਾਂ ਦੀ ਫ਼ਸਲ ਬਰਬਾਦ ਹੋ ਰਹੀ ਹੈ। ਇਹ ਸਰਕਾਰ ਦੀ ਨਾਕਾਮੀ ਦਾ ਬੇਹੱਦ ਗੰਭੀਰ ਮਾਮਲਾ ਹੈ।

ਉਨ੍ਹਾਂ ਕਿਹਾ ਕਿ ਇੱਕ-ਇੱਕ ਦਾਣਾ ਖ਼ਰੀਦਣ ਦੇ ਦਾਅਵੇ ਕਰਨ ਵਾਲੇ ਮੁੱਖ ਮੰਤਰੀ ਭਗਵੰਤ ਮਾਨ ਕਿਸਾਨਾਂ ਨੂੰ ਮੰਡੀਆਂ ਵਿੱਚ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਵਿੱਚ ਅਸਫ਼ਲ ਸਾਬਤ ਹੋਏ ਹਨ। ਇੱਥੋਂ ਤੱਕ ਕਿ ਕਿਸਾਨਾਂ ਨੂੰ ਫ਼ਸਲ ਦੀ ਖ਼ਰੀਦ ਦਾ ਭੁਗਤਾਨ ਵੀ ਸਮੇਂ ਸਿਰ ਨਹੀਂ ਹੋ ਰਿਹਾ। ਕਿਸਾਨਾਂ ਨੂੰ ਆਪਣੀ ਫ਼ਸਲ ਦੀ ਸੰਭਾਲ, ਖ਼ਰੀਦ ਅਤੇ ਅਦਾਇਗੀ ਲਈ ਖੱਜਲ-ਖੁਆਰ ਹੋਣਾ ਪੈ ਰਿਹਾ ਹੈ। ਕੇਂਦਰ ਸਰਕਾਰ 'ਤੇ ਤੰਜ਼ ਕੱਸਦਿਆਂ ਪਰਗਟ ਸਿੰਘ ਨੇ ਕਿਹਾ ਕਿ ਪੰਜਾਬ ਦਾ ਮੰਡੀਕਰਨ ਸਿਸਟਮ ਦੇਸ਼ ਵਿੱਚ ਕਿਸਾਨਾਂ ਦੀ ਉਪਜ ਦੀ ਖ਼ਰੀਦ ਅਤੇ ਉਸ ਨੂੰ ਬਾਜ਼ਾਰ ਤੱਕ ਪਹੁੰਚਾਉਣ ਲਈ ਇੱਕ ਮਜ਼ਬੂਤ ਪ੍ਰਣਾਲੀ ਵਜੋਂ ਵਿਕਸਤ ਹੋਇਆ ਸੀ। ਪਰ ਕੇਂਦਰ ਸਰਕਾਰ ਦੀਆਂ ਨੀਤੀਆਂ ਨੇ ਇਸ ਨੂੰ ਕਮਜ਼ੋਰ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਹੁਣ ਭਾਜਪਾ ਦੀ ਬੀ-ਟੀਮ ਆਮ ਆਦਮੀ ਪਾਰਟੀ ਵੀ ਪੰਜਾਬ ਦੀ ਮੰਡੀਕਰਨ ਵਿਵਸਥਾ ਨੂੰ ਕਮਜ਼ੋਰ ਕਰਨ ਵਿੱਚ ਲੱਗੀ ਹੋਈ ਹੈ।

ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਵਿੱਚ ਮੰਡੀਕਰਨ ਪ੍ਰਣਾਲੀ ਨੂੰ ਮਜ਼ਬੂਤ ਕਰਨ ਦੇ ਦਾਅਵੇ ਕਰਨ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਮੰਡੀਆਂ ਵਿੱਚ ਕਿਸਾਨਾਂ ਦੀ ਫ਼ਸਲ ਦੀ ਸੁਰੱਖਿਆ, ਸਮੇਂ ਸਿਰ ਖ਼ਰੀਦ, ਲਿਫ਼ਟਿੰਗ ਅਤੇ ਭੰਡਾਰਨ ਦੇ ਲੋੜੀਂਦੇ ਪ੍ਰਬੰਧ ਕਰਨ ਵਿੱਚ ਨਾਕਾਮ ਰਹੀ ਹੈ। ਕੇਂਦਰ ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਕਰਨ ਦਾ ਦਾਅਵਾ ਕਰਨ ਵਾਲੀ 'ਆਪ' ਸਰਕਾਰ ਨੂੰ ਇਹ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਮੰਡੀਆਂ ਵਿੱਚ ਕਿਸਾਨਾਂ ਦੀ ਫ਼ਸਲ ਨੂੰ ਸੁਰੱਖਿਅਤ ਰੱਖਣ ਅਤੇ ਉਸ ਦੀ ਸਮੇਂ ਸਿਰ ਖ਼ਰੀਦ ਤੇ ਚੁਕਾਈ ਲਈ ਪਹਿਲਾਂ ਤੋਂ ਪ੍ਰਬੰਧ ਕਿਉਂ ਨਹੀਂ ਕੀਤੇ ਗਏ। ਸਰਕਾਰ ਕਿਸਾਨਾਂ ਦੀਆਂ ਮੁਸ਼ਕਲਾਂ ਦਾ ਸਾਰਾ ਦੋਸ਼ ਮੌਸਮ 'ਤੇ ਮੜ੍ਹ ਕੇ ਆਪਣੀ ਪ੍ਰਸ਼ਾਸਨਿਕ ਜ਼ਿੰਮੇਵਾਰੀ ਤੋਂ ਬਚ ਨਹੀਂ ਸਕਦੀ। ਪਰਗਟ ਸਿੰਘ ਨੇ ਪੰਜਾਬ ਕਾਂਗਰਸ ਦੇ ਸਾਰੇ ਜ਼ਿਲ੍ਹਾ ਪ੍ਰਧਾਨਾਂ, ਆਗੂਆਂ ਅਤੇ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਤੁਰੰਤ ਆਪਣੇ-ਆਪਣੇ ਇਲਾਕਿਆਂ ਦੀਆਂ ਮੰਡੀਆਂ ਵਿੱਚ ਪਹੁੰਚਣ, ਕਿਸਾਨਾਂ ਦੀਆਂ ਸਮੱਸਿਆਵਾਂ ਸੁਣਨ ਅਤੇ ਸਬੰਧਤ ਅਧਿਕਾਰੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੇ ਹੱਲ ਲਈ ਯਤਨ ਕਰਨ। ਉਨ੍ਹਾਂ ਕਿਹਾ ਕਿ ਕਾਂਗਰਸੀ ਵਰਕਰ ਮੰਡੀਆਂ ਵਿੱਚ ਫ਼ਸਲ ਦੀ ਸਥਿਤੀ, ਖ਼ਰੀਦ ਪ੍ਰਕਿਰਿਆ, ਲਿਫ਼ਟਿੰਗ, ਭੰਡਾਰਨ ਅਤੇ ਕਿਸਾਨਾਂ ਨੂੰ ਪੇਸ਼ ਆ ਰਹੀਆਂ ਹੋਰ ਮੁਸ਼ਕਲਾਂ ਦਾ ਜਾਇਜ਼ਾ ਲੈਣ ਅਤੇ ਇਨ੍ਹਾਂ ਮੁੱਦਿਆਂ ਨੂੰ ਪ੍ਰਸ਼ਾਸਨ ਸਾਹਮਣੇ ਮਜ਼ਬੂਤੀ ਨਾਲ ਉਠਾਉਣ। ਉਨ੍ਹਾਂ ਕਿਹਾ, ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਆਉਂਦੀ ਹੈ ਤਾਂ ਮੈਨੂੰ ਦੱਸੋ, ਮੈਂ ਖ਼ੁਦ ਉੱਥੇ ਪਹੁੰਚਾਂਗਾ। ਕਿਸਾਨਾਂ ਦੀ ਆਵਾਜ਼ ਬੁਲੰਦ ਕਰਨਾ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਡਟ ਕੇ ਖੜ੍ਹਨਾ ਸਾਡੀ ਜ਼ਿੰਮੇਵਾਰੀ ਹੈ।




# ਜ਼ਿਲ੍ਹਾ ਲਿਖਾਰੀ ਸਭਾ ਦੀ ਮਹੀਨੇਵਾਰ ਇਕੱਤਰਤਾ ਵਿੱਚ ਪੜ੍ਹੀਆਂ ਉਸਾਰੂ ਰਚਨਾਵਾਂ

## ਅਮਰਬੀਰ ਚੀਮਾ ਦੀ ਪਲੇਠੀ ਪੁਸਤਕ 'ਸਫਰਾਂ ਦਾ ਸਰਮਾਇਆ' ਜਲਦ ਹੋਵੇਗੀ ਪਾਠਕਾਂ ਦੇ ਹੱਥਾਂ 'ਚ-ਪਰਮਜੀਤ ਕੌਰ ਸਰਹਿੰਦ



ਫ਼ਤਹਿਗੜ੍ਹ ਸਾਹਿਬ 12 ਅਕਤੂਬਰ (ਗੁਰਪ੍ਰੀਤ ਸਿੰਘ ਜਖਵਾਲੀ) ਅਸ਼ੋਕਾ ਸੀਨੀਅਰ ਸੈਕੰਡਰੀ ਸਕੂਲ, ਸਰਹਿੰਦ ਮੰਡੀ ਵਿਖੇ ਜ਼ਿਲ੍ਹਾ ਲਿਖਾਰੀ ਸਭਾ ਸ਼੍ਰੀ ਫਤਿਹਗੜ੍ਹ ਸਾਹਿਬ ਦੀ ਪ੍ਰਧਾਨ ਬੀਬੀ ਪਰਮਜੀਤ ਕੌਰ ਸਰਹਿੰਦ ਦੀ ਅਗਵਾਈ ਹੇਠ ਸਭਾ ਦੀ ਮਹੀਨੇਵਾਰ ਇਕਤਰਤਾ ਕੀਤੀ ਗਈ। ਇਸ ਮੌਕੇ ਬੀਬੀ ਪਰਮਜੀਤ ਕੌਰ ਸਰਹਿੰਦ, ਮੈਡਮ ਪ੍ਰੇਮ ਲਤਾ ਤੇ ਬਲਤੇਜ ਸਿੰਘ ਬਠਿੰਡਾ ਮੰਚ 'ਤੇ ਸੁਸ਼ੋਭਿਤ ਰਹੇ, ਜਦਕਿ ਸਭਾ ਦੇ ਪ੍ਰੈਸ ਸਕੱਤਰ ਅਮਰਬੀਰ ਸਿੰਘ ਚੀਮਾ ਨੇ ਮੰਚ ਸੰਚਾਲਨ ਕੀਤਾ। ਇਕਤਰਤਾ ਦੌਰਾਨ ਸ਼ੁਰੂਆਤ ਮੌਕੇ ਲਿਖਾਰੀ ਸਭਾ ਦੇ ਜਨਰਲ ਸਕੱਤਰ ਹਰਜਿੰਦਰ ਸਿੰਘ ਗੋਪਾਲੋਂ ਦੇ ਨੌਜਵਾਨ ਭਾਣਜੇ ਦਵਿੰਦਰਜੀਤ ਸਿੰਘ ਦੀ ਬੇਵਕਤੀ ਮੌਤ ਉੱਤੇ ਦੋ ਮਿੰਟ ਦਾ ਮੌਨ ਰੱਖ ਕੇ ਉਹਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਲਿਖਾਰੀ ਸਭਾ ਵਿੱਚ ਪਹਿਲੀ ਵਾਰ ਪਹੁੰਚੇ ਬਲਦੇਵ ਜਲਾਲ ਨੂੰ ਜੀ ਆਇਆਂ ਆਖਦਿਆਂ ਉਹਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਉਪਰੰਤ ਕਰਵਾਏ ਕਵੀ ਦਰਬਾਰ ਦੌਰਾਨ ਅਜਮੇਰ ਸਿੰਘ ਮਾਨ ਨੇ 'ਕਵਿਤਾ', ਤਵਿੰਦਰ ਸਿੰਘ ਚੱਢਾ ਨੇ 'ਗੁਬਾਰਾ', ਬਲਤੇਜ ਸਿੰਘ ਬਠਿੰਡਾ ਨੇ 'ਰਾਵਣ', ਪ੍ਰੇਮ ਲਤਾ ਨੇ 'ਝੂਠ ਦਾ ਬੋਲਬਾਲਾ', ਅਮਰਬੀਰ ਸਿੰਘ ਚੀਮਾ ਨੇ 'ਹਿਜ਼ਰਾਂ ਦੀ ਸੂਲੀ', ਅਵਤਾਰ ਸਿੰਘ ਪੁਆਰ ਨੇ 'ਗਜ਼ਲ', ਬਲਦੇਵ ਜਲਾਲ ਨੇ 'ਦਿਵਾਲੀ-ਬੋਟ', ਪਰਮਜੀਤ ਕੌਰ ਸਰਹਿੰਦ ਨੇ 'ਅਸੀਂ ਕੁਝ ਸਮਝਿਆ ਸੀ ਹੋਰ, ਉਹ ਕੁਝ ਹੋਰ ਨਿਕਲੇ ਨੇ' ਨਾਮਕ ਰਚਨਾਵਾਂ ਨਾਲ ਹਾਜ਼ਰੀ ਲਵਾਈ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਜ਼ਿਲ੍ਹਾ ਲਿਖਾਰੀ ਸਭਾ ਦੀ ਪ੍ਰਧਾਨ ਬੀਬੀ ਪਰਮਜੀਤ ਕੌਰ ਸਰਹਿੰਦ ਨੇ ਪੜ੍ਹੀਆਂ ਰਚਨਾਵਾਂ ਦੀ ਪੜਚੋਲ ਕੀਤੀ। ਇਸ ਮੌਕੇ ਉਹਨਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਜ਼ਿਲ੍ਹਾ ਲਿਖਾਰੀ ਸਭਾ ਦੇ ਪ੍ਰੈਸ ਸਕੱਤਰ ਅਮਰਬੀਰ ਸਿੰਘ ਚੀਮਾ ਦੀ ਪਲੇਠੀ ਪੁਸਤਕ 'ਸਫ਼ਰਾਂ ਦਾ ਸਰਮਾਇਆ' ਛਪਾਈ ਅਧੀਨ ਹੈ, ਜਿਸਨੂੰ ਜ਼ਿਲ੍ਹਾ ਲਿਖਾਰੀ ਸਭਾ ਵੱਲੋਂ ਜਲਦ ਹੀ ਲੋਕ ਅਰਪਣ ਕੀਤਾ ਜਾਵੇਗਾ। ਇਸ ਮੌਕੇ ਉਹਨਾਂ ਪਹੁੰਚੇ ਕਵੀਆਂ ਤੇ ਸਰੋਤਿਆਂ ਦਾ ਧੰਨਵਾਦ ਕੀਤਾ ਤੇ ਲਿਖਾਰੀ ਸਭਾ ਦੇ ਸੀਨੀਅਰ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਜਿੰਮੇਵਾਰੀ ਦਾ ਅਹਿਸਾਸ ਕਰਦਿਆਂ ਸਭਾ ਦੀ ਮਹੀਨੇਵਾਰ ਇਕੱਤਰਤਾ ਵਿੱਚ ਆਉਣਾ ਯਕੀਨੀ ਬਣਾਉਣ। ਇਸ ਮੌਕੇ ਗੁਰਪ੍ਰੀਤ ਸਿੰਘ ਬਰਗਾੜੀ, ਅਰਮਾਨ ਖਾਨ ਤੇ ਹੋਰ ਵੀ ਹਾਜ਼ਰ ਸਨ।

# ਮਾਰਕੀਟ ਕਮੇਟੀ ਮਹਿਲ ਕਲਾਂ ਵੱਲੋਂ ਢੁਕਵੇਂ ਪ੍ਰਬੰਧਾਂ ਲਈ ਮੀਟਿੰਗ ਹੋਈ ਖਰੀਦ ਕੇਂਦਰ ਵਿੱਚ ਆੜ੍ਹਤੀਆਂ ਨੂੰ ਅਨਾਜ ਮੰਡੀ ਦੇ ਫੜਾ ਦੀ ਕੀਤੀ ਵੰਡ



ਮਹਿਲ ਕਲਾਂ, 11 ਅਕਤੂਬਰ ( ਜਗਸੀਰ ਸਿੰਘ ਸਹਿਜੜਾ): ਪੰਜਾਬ ਮੰਡੀਕਰਨ ਬੋਰਡ ਅਤੇ ਮਾਰਕੀਟ ਕਮੇਟੀ ਮਹਿਲ ਕਲਾਂ ਦੇ ਪ੍ਰਬੰਧਾਂ ਤਹਿਤ ਅਨਾਜ ਮੰਡੀ ਵਿੱਚ ਖਰੀਦ ਕਾਰਜਾਂ ਨੂੰ ਸੁਚਾਰੂ, ਵਿਵਸਥਿਤ ਅਤੇ ਪਾਰਦਰਸ਼ੀ ਢੰਗ ਨਾਲ ਚਲਾਉਣ ਲਈ ਆੜ੍ਹਤੀਆਂ ਨੂੰ ਮੰਡੀ ਦੇ ਫੜਿਆਂ ਦੀ ਵੰਡ ਕੀਤੀ ਗਈ। ਇਹ ਕਾਰਵਾਈ ਮਾਰਕੀਟ ਕਮੇਟੀ ਮਹਿਲ ਕਲਾਂ ਦੇ ਚੇਅਰਮੈਨ ਸਰਪੰਚ ਸੁਖਵਿੰਦਰ ਦਾਸ ਬਾਵਾ ਦੀ ਅਗਵਾਈ ਹੇਠ ਅਤੇ ਕਮੇਟੀ ਦੇ ਸਕੱਤਰ ਡੀਨਪਾਲ ਸਿੰਘ ਧੂਰੀ ਦੀ ਦੇਖ-ਰੇਖ ਵਿੱਚ ਕੀਤੀ ਗਈ। ਇਸ ਮੌਕੇ ਮੰਡੀਕਰਨ ਪ੍ਰਬੰਧਾਂ ਨਾਲ ਸਬੰਧਤ ਇੰਸਪੈਕਟਰ ਮਨੋਜ ਕੁਮਾਰ ਅਤੇ ਇੰਸਪੈਕਟਰ ਸੰਦੀਪ ਕੁਮਾਰ ਵੀ ਹਾਜ਼ਰ ਹੋਏ। ਮੰਡੀ ਵਿੱਚ ਫੜਾਂ ਦੀ ਵੰਡ ਕਰਨ ਦਾ ਮੁੱਖ ਮੰਤਵ ਆੜ੍ਹਤੀਆਂ ਦੇ ਕੰਮਕਾਜ ਨੂੰ ਸੁਚਾਰੂ ਢੰਗ ਨਾਲ ਚਲਾਉਣ ਅਤੇ ਅਨਾਜ ਦੀ ਖਰੀਦ ਦੌਰਾਨ ਮੰਡੀ ਅੰਦਰ ਢੁਕਵੀਂ ਵਿਵਸਥਾ ਬਣਾਈ ਰੱਖਣਾ ਹੈ। ਮੰਡੀਕਰਨ ਬੋਰਡ ਅਤੇ ਮਾਰਕੀਟ ਕਮੇਟੀ ਦੇ ਪ੍ਰਬੰਧਾ ਅਧੀਨ ਅਜਿਹੀਆਂ ਕਾਰਵਾਈਆਂ ਮੰਡੀ ਵਿੱਚ ਖਰੀਦ ਕਾਰਜਾਂ ਨੂੰ ਵਿਵਸਥਿਤ ਢੰਗ ਨਾਲ ਨੇਪਰੇ ਚਾੜ੍ਹਨ ਲਈ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਇਸ ਮੌਕੇ ਆੜ੍ਹਤੀ ਐਸੋਸੀਏਸ਼ਨ ਮਹਿਲ ਕਲਾਂ ਦੇ ਪ੍ਰਧਾਨ ਸੰਦੀਪ ਕੁਮਾਰ ਰਿੰਕੂ ਤੋਂ ਇਲਾਵਾ ਆੜ੍ਹਤੀ ਗੁਰਪ੍ਰੀਤ ਸਿੰਘ ਗੁਰੀ ਔਲਖ, ਸੁਰੇਸ਼ ਕੁਮਾਰ ਬਿੱਲੂ, ਧਨਪਤ ਰਾਏ, ਨਵਨੀਤ ਕੁਮਾਰ ਲੱਭੂ, ਰਾਜੇਸ਼ ਕੁਮਾਰ ਟੋਨੀ ਅਤੇ ਨਰੇਸ਼ ਕੁਮਾਰ' ' ਭੋਲਾ ਨੂੰ ਅਨਾਜ ਮੰਡੀ ਦੇ ਫੜਾ ਦੀ ਵੰਡ ਕੀਤੀ ਗਈ। ਇਸ ਮੌਕੇ ਮੰਡੀ ਸੁਪਰਵਾਈਜ਼ਰ ਰਾਜਦੀਪ ਸਿੰਘ ਬਰਨਾਲਾ, ਮੰਡੀ ਸੁਪਰਵਾਈਜ਼ਰ ਸੁਖਜਿੰਦਰ ਸਿੰਘ ਹੈਪੀ, ਮੰਡੀ ਸੁਪਰਵਾਈਜ਼ਰ ਰਜੀਵ ਕੁਮਾਰ ਬਰਨਾਲਾ, ਇੰਸਪੈਕਟਰ ਮਨੋਜ ਕੁਮਾਰ ਅਤੇ ਇੰਸਪੈਕਟਰ ਸੰਦੀਪ ਕੁਮਾਰ ਸਾਬਕਾ ਪੰਚ ਦਲਜੋਤ ਸਿੰਘ ਕੁਰੜ ਵੀ ਹਾਜ਼ਰ ਸਨ।

# ਦਸਮੇਸ਼ ਖਾਲਸਾ ਸਕੂਲ ਦੇ ਵਿਦਿਆਰਥੀਆਂ ਦੋ ਸੋਨੇ ਅਤੇ ਬਰਾਊਨ ਇਕ ਤਮਗਾ ਜਿੱਤਿਆ



ਪਾਤੜਾਂ 12 ਅਕਤੂਬਰ (ਬਲਬੀਰ ਸਿੰਘ ਢਿੱਲੋਂ)-ਕਸਬਾ ਬਾਦਸ਼ਾਹਪੁਰ ਵਿਖੇ ਚੱਲ ਰਹੀ ਵਿਦਿਕ ਸੰਸਥਾ ਦਸ਼ਮੇਸ਼ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਸਿੱਖਿਆ ਵਿਭਾਗ ਵੱਲੋਂ ਕਰਵਾਈਆਂ ਖੇਡਾਂ ਵਿੱਚ ਦੋ ਸੋਨੇ ਅਤੇ ਇੱਕ ਬਰਾਉਨ ਤਗਮਾ ਜਿੱਤ ਕੇ ਸੰਸਥਾ ਤੇ ਮਾਪਿਆਂ ਦਾ ਨਾਮ ਰੋਸ਼ਨ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਾਇਰੈਕਟਰ ਹਰਬੰਸ ਸਿੰਘ ਖਾਲਸਾ ਨੇ ਦੱਸਿਆ ਕਿ ਸਿੱਖਿਆ ਵਿਭਾਗ ਵੱਲੋਂ ਕਰਵਾਈਆਂ ਅਥਲੈਟਿਕ ਮੀਟ ਵਿੱਚ ਉਹਨਾਂ ਦੇ ਸਕੂਲ ਦੇ ਖਿਡਾਰੀ ਗਗਨਦੀਪ ਸਿੰਘ ਨੇ ਲੰਬੀ ਛਾਲ ਵਿੱਚ ਪਹਿਲਾ ਸਥਾਨ ਹਾਸਿਲ ਅਤੇ ਸਾਰਾ ਰਾਣੀ ਨੇ ਹੈਮਰਥਰੋ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਦੋਨਾਂ ਖਿਡਾਰੀਆਂ ਨੇ ਸੋਨੇ ਦੇ ਤਮਗੇ ਹਾਸਿਲ ਕੀਤੇ ਜਦਕਿ ਜਸ਼ਨਪ੍ਰੀਤ ਕੌਰ ਨੇ ਹੈਮਰਥਰੋ ਵਿੱਚ ਤੀਸਰੇ ਸਥਾਨ ਤੇ ਰਹਿ ਕੇ ਬਰਾਉਨਸ ਮੈਡਲ ਜਿੱਤਿਆ। ਖੇਡਾਂ ਵਿੱਚ ਮੱਲਾਂ ਮਾਰਨ ਨੂੰ ਉਪਰੰਤ ਸਕੂਲ ਪਹੁੰਚੇ ਇਹਨਾਂ ਵਿਦਿਆਰਥੀਆਂ ਦਾ ਅਧਿਆਪਕਾ ਅਮਨਦੀਪ ਕੌਰ ਰਵਨੀਤ ਕੌਰ ਅਨੀਤਾ ਰਾਣੀ ਪਰਮਜੀਤ ਕੌਰ ਕਵਿਤਾ ਰਾਣੀ ਬਲਵਿੰਦਰ ਕੌਰ ਸੁਪਰਿਆ ਰਾਣੀ ਮਨਰੂਪ ਕੌਰ ਅਤੇ ਸਕੂਲ ਦੇ ਕੋਚ ਕੋਮਲਪ੍ਰੀਤ ਸਿੰਘ ਬੂਟਾ ਸਿੰਘ ਵਾਲਾ ਨੇ ਸਵਾਗਤ ਕੀਤਾ।

# ਹਾਲੋਂ ਬੇਹਾਲ ਹੈ, ਹਿੰਮਤਪੁਰੇ ਦਾ ਕਮਿਊਨਿਟੀ ਹਾਲ

## ਇਕੱਲਾ ਉਦਘਾਟਨੀ ਪੱਥਰ ਸਲਾਮਤ ਇਮਾਰਤ ਦੀਆਂ ਇੱਟਾਂ ਗਾਇਬ,ਜਨਵਰੀ 2024 ਤੋਂ ਅਧੂਰਾ ਪਿਆ ਨਿਰਮਾਣ



ਨਿਹਾਲ ਸਿੰਘ ਵਾਲਾ, 12 ਅਕਤੂਬਰ (ਮਿੰਟੂ ਖੁਰਮੀ ਹਿੰਮਤਪੁਰਾ) — ਪਿੰਡ ਹਿੰਮਤਪੁਰਾ ਵਿੱਚ ਲੋਕਾਂ ਦੀ ਸਹੂਲਤ ਲਈ ਬਣਨ ਵਾਲੇ ਕਮਿਊਨਿਟੀ ਹਾਲ ਦਾ ਕੰਮ ਅਧੂਰਾ ਪਿਆ ਹੋਣ ਕਾਰਨ ਪਿੰਡ ਵਾਸੀਆਂ ਵਿੱਚ ਨਿਰਾਸ਼ਾ ਪਾਈ ਜਾ ਰਹੀ ਹੈ। ਹਾਲਾਤ ਇਹ ਹਨ ਕਿ ਇਸ ਪ੍ਰਾਜੈਕਟ ਦੀ ਨਿਸ਼ਾਨੀ ਵਜੋਂ ਸਿਰਫ਼ ਉਦਘਾਟਨੀ ਪੱਥਰ ਹੀ ਰਹਿ ਗਿਆ ਹੈ, ਜਦਕਿ ਇਮਾਰਤ ਦਾ ਨਿਰਮਾਣ ਅਧੂਰਾ ਪਿਆ ਹੈ। ਪਿੰਡ ਦੀ ਛੱਪੜ ਵਾਲੀ ਬੇਹੱਦ ਮਹਿੰਗੀ ਪੰਚਾਇਤੀ ਜ਼ਮੀਨ ਦੀ ਹਾਲ ਲਈ ਵਰਤਣ ਦੇ ਬਾਵਜੂਦ ਕਮਿਊਨਿਟੀ ਹਾਲ ਦਾ ਸੁਪਨਾ ਅਜੇ ਤੱਕ ਸਾਕਾਰ ਨਹੀਂ ਹੋ ਸਕਿਆ। ਪਿੰਡ ਵਾਸੀਆਂ ਅਨੁਸਾਰ, ਜਨਵਰੀ 2024 ਤੋਂ ਬਾਅਦ ਕਮਿਊਨਿਟੀ ਹਾਲ ਦੇ ਨਿਰਮਾਣ ਵਿੱਚ ਕੋਈ ਖ਼ਾਸ ਪ੍ਰਗਤੀ ਨਹੀਂ ਹੋਈ। ਸਮੇਂ ਦੇ ਨਾਲ ਅਧੂਰੀ ਇਮਾਰਤ ਵਿੱਚੋਂ ਇੱਟਾਂ ਵੀ ਗਾਇਬ ਹੋ ਗਈਆਂ ਹਨ, ਜਦਕਿ ਉੱਪਰ ਹਵਾ ਵਿੱਚ ਲਟਕਦੇ ਗਾਰਡਰ ਕਿਸੇ ਵੱਡੇ ਹਾਦਸੇ ਦਾ ਕਾਰਨ ਬਣ ਸਕਦੇ ਹਨ। ਇਹ ਸਥਿਤੀ ਨਾ ਸਿਰਫ਼ ਸਰਕਾਰੀ ਪੈਸੇ ਅਤੇ ਪੰਚਾਇਤੀ ਜ਼ਮੀਨ ਦੀ ਵਰਤੋਂ ਸਬੰਧੀ ਸਵਾਲ ਖੜ੍ਹੇ ਕਰਦੀ ਹੈ, ਸਗੋਂ ਲੋਕਾਂ ਦੀ ਸੁਰੱਖਿਆ ਲਈ ਵੀ ਚਿੰਤਾ ਦਾ ਵਿਸ਼ਾ ਹੈ। ਕਮਿਊਨਿਟੀ ਹਾਲ ਦੇ ਨੇੜੇ ਵਾਲੇ ਘਰਾਂ ਵਾਸਤੇ ਇਹ ਅਧੂਰਾ ਹਾਲ ਹੋਰ ਵੀ ਜ਼ਿਆਦਾ ਮੁਸੀਬਤਾਂ ਦਾ ਪਹਾੜ ਸਾਬਤ ਹੋ ਰਿਹਾ ਹੈ ਕਿਉਂਕਿ ਇਸ ਵਿੱਚ ਸੂਰਜ ਛਿਪਦਿਆਂ ਹੀ ਨਸ਼ੇੜੀਆਂ ਦਾ ਰਾਜ ਸਥਾਪਿਤ ਹੋ ਜਾਂਦਾ ਹੈ। ਪਿੰਡ ਵਾਸੀਆਂ ਨੇ ਹਲਕਾ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਤੋਂ ਇਸ ਹਾਲ ਲਈ ਗਰਾਂਟ ਦੇਣ ਦੀ ਮੰਗ ਕਰਦਿਆਂ ਕਿਹਾ ਕਿ ਇਸ ਅਧੂਰੀ ਇਮਾਰਤ ਨੂੰ ਜਲਦੀ ਤੋਂ ਜਲਦੀ ਪੂਰਾ ਕੀਤਾ ਜਾਵੇ, ਪਿੰਡ ਵਾਸੀਆਂ ਨੇ ਕਿਹਾ ਕਿ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਨੇ ਉਦਘਾਟਨ ਤਾਂ ਕਰ ਦਿੱਤਾ ਪਰ ਕਮਿਊਨਿਟੀ ਹਾਲ ਨੂੰ ਮੁਕੰਮਲ ਕਰਨ ਲਈ ਲੋੜੀਂਦੀ ਗਰਾਂਟ ਜਾਰੀ ਕਰਨ ਤੋਂ ਹੁਣ ਤੱਕ ਪਾਸਾ ਹੀ ਵੱਟੀ ਰੱਖਿਆ। ਉਨ੍ਹਾਂ ਦਾ ਕਹਿਣਾ ਹੈ ਕਿ ਸਿਰਫ਼ ਉਦਘਾਟਨੀ ਪੱਥਰ ਲਗਾਉਣ ਨਾਲ ਲੋਕਾਂ ਦੀ ਲੋੜ ਪੂਰੀ ਨਹੀਂ ਹੁੰਦੀ, ਸਗੋਂ ਇਮਾਰਤ ਨੂੰ ਮੁਕੰਮਲ ਕਰਕੇ ਲੋਕਾਂ ਦੇ ਹਵਾਲੇ ਕਰਨਾ ਵੀ ਜ਼ਰੂਰੀ ਹੈ। ਪਿੰਡ ਵਾਸੀਆਂ ਨੇ ਪਿੰਡ ਦੀ ਪੰਚਾਇਤ ਸਰਪੰਚ ਬਾਦਲ ਸਿੰਘ ਅਤੇ ਹਲਕਾ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਨੂੰ ਅਪੀਲ ਕੀਤੀ ਹੈ ਕਿ ਕਮਿਊਨਿਟੀ ਹਾਲ ਦੇ ਅਧੂਰੇ ਪਏ ਕੰਮ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕਰਵਾਇਆ ਜਾਵੇ। ਹੁਣ ਦੇਖਣਾ ਇਹ ਹੋਵੇਗਾ ਕਿ ਸਬੰਧਤ ਅਧਿਕਾਰੀ ਅਤੇ ਚੁਣੇ ਹੋਏ ਨੁਮਾਇੰਦੇ ਇਸ ਮਾਮਲੇ ਦਾ ਨੋਟਿਸ ਲੈ ਕੇ ਕਮਿਊਨਿਟੀ ਹਾਲ ਨੂੰ ਮੁਕੰਮਲ ਕਰਵਾਉਣ ਲਈ ਕਦੋਂ ਕਦਮ ਚੁੱਕਦੇ ਹਨ। ਪਿੰਡ ਵਾਸੀਆਂ ਨੂੰ ਅਜੇ ਵੀ ਉਮੀਦ ਹੈ ਕਿ ਇਹ ਕਮਿਊਨਿਟੀ ਹਾਲ ਉਦਘਾਟਨੀ ਪੱਥਰ ਤੱਕ ਸੀਮਤ ਨਹੀਂ ਰਹੇਗਾ ਅਤੇ ਇਹ ਪ੍ਰਾਜੈਕਟ ਜਲਦੀ ਹੀ ਹਕੀਕਤ ਬਣੇਗਾ ਅਤੇ ਇਕ ਨਾ ਇਕ ਦਿਨ ਪਿੰਡ ਨੂੰ ਇਸ ਦਾ ਬਣਦਾ ਲਾਭ ਮਿਲੇਗਾ। ਫ਼ਿਲਹਾਲ ਪਿੰਡ ਹਿੰਮਤਪੁਰਾ ਦੇ ਵਾਸੀਆਂ ਲਈ ਇਹ ਮੁੰਗੇਰੀ ਲਾਲ ਕੇ ਹਸੀਨ ਸੁਪਨੇ ਹਨ।

# ਸਟੀਫਨ ਇੰਟਰਨੈਸ਼ਨਲ ਸਕੂਲ ਸੰਗਰੂਰ ਨੇ ਜ਼ਿਲ੍ਹਾ ਪੱਧਰੀ 'ਭਾਰਤ ਕੋ ਜਾਣੋ' ਮੁਕਾਬਲੇ ਵਿੱਚ ਮਾਰੀਆਂ ਮੱਲਾਂ



ਸੰਗਰੂਰ, 12 ਅਕਤੂਬਰ (ਰਾਜੂ ਸਿੰਗਲਾ): ਸਟੀਫਨ ਇੰਟਰਨੈਸ਼ਨਲ ਸਕੂਲ ਸੰਗਰੂਰ ਦੇ ਵਿਦਿਆਰਥੀਆਂ ਨੇ ਆਦਰਸ਼ ਮਾਡਲ ਸਕੂਲ ਸੰਗਰੂਰ ਵਿਖੇ ਕਰਵਾਏ ਗਏ ਜ਼ਿਲ੍ਹਾ ਪੱਧਰੀ ਭਾਰਤ ਕੋ ਜਾਣੋ ਮੁਕਾਬਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਦਾ ਨਾਮ ਰੌਸ਼ਨ ਕੀਤਾ। ਇਸ ਮੁਕਾਬਲੇ ਵਿੱਚ ਸਕੂਲ ਦੀ ਸੀਨੀਅਰ ਟੀਮ ਨੇ ਪਹਿਲਾ ਸਥਾਨ ਅਤੇ ਜੂਨੀਅਰ ਟੀਮ ਨੇ ਤੀਜਾ ਸਥਾਨ ਹਾਸਲ ਕੀਤਾ। ਸੀਨੀਅਰ ਟੀਮ ਵਿੱਚ ਸੁਖਮਨਜੋਤ ਸਿੰਘ ਅਤੇ ਅਸ਼ਮਨ ਬਾਵਾ ਸ਼ਾਮਲ ਸਨ, ਜਦਕਿ ਜੂਨੀਅਰ ਟੀਮ ਵਿੱਚ ਆਰਵ ਅਤੇ ਗਿਰੀਸ਼ ਗੋਇਲ ਨੇ ਆਪਣੀ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਵਿਦਿਆਰਥੀਆਂ ਦੇ ਨਾਲ ਜਸਵਿੰਦਰ ਸਿੰਘ ਅਧਿਆਪਕ ਵਜੋਂ ਮੌਜੂਦ ਰਹੇ ਅਤੇ ਉਨ੍ਹਾਂ ਵਿਦਿਆਰਥੀਆਂ ਨੂੰ ਮੁਕਾਬਲੇ ਵਿੱਚ ਭਾਗ ਲੈਣ ਲਈ ਮਾਰਗਦਰਸ਼ਨ ਅਤੇ ਹੌਸਲਾ ਅਫ਼ਜ਼ਾਈ ਦਿੱਤੀ। ਸਕੂਲ ਪ੍ਰਿੰਸੀਪਲ ਮੋਨਿਕਾ ਸ਼ਰਮਾ ਨੇ ਦੋਵਾਂ ਟੀਮਾਂ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਵੀ ਮਿਹਨਤ ਅਤੇ ਲਗਨ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਸਕੂਲ ਚੇਅਰਮੈਨ ਦੀਪਕ ਗੁਪਤਾ ਨੇ ਵੀ ਵਿਦਿਆਰਥੀਆਂ ਦੀ ਇਸ ਪ੍ਰਾਪਤੀ 'ਤੇ ਖੁਸ਼ੀ ਜ਼ਾਹਰ ਕਰਦਿਆਂ ਉਨ੍ਹਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਇਹ ਪ੍ਰਾਪਤੀ ਵਿਦਿਆਰਥੀਆਂ ਦੀ ਮਿਹਨਤ, ਗਿਆਨ ਅਤੇ ਆਤਮ-ਵਿਸ਼ਵਾਸ ਦਾ ਪ੍ਰਤੀਕ ਹੈ। ਉਹਨਾਂ ਆਖਿਆ ਕਿ ਸਟੀਫਨ ਇੰਟਰਨੈਸ਼ਨਲ ਸਕੂਲ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਅਤੇ ਵਿੱਦਿਅਕ ਉੱਤਮਤਾ ਲਈ ਨਿਰੰਤਰ ਯਤਨਸ਼ੀਲ ਹੈ। ਵਿਦਿਆਰਥੀਆਂ ਦੀ ਇਸ ਸ਼ਾਨਦਾਰ ਸਫਲਤਾ 'ਤੇ ਸਮੁੱਚੇ ਸਕੂਲ ਪਰਿਵਾਰ ਨੂੰ ਮਾਣ ਹੈ।

# ਵਿਧਾਇਕ ਰਾਮਲੀਲਾ ਦੀ ਅਰੰਭਤਾ ਮੌਕੇ ਭਰੀ ਹਾਜ਼ਰੀ



ਪਾਤੜਾਂ, 12 ਅਕਤੂਬਰ (ਬਲਬੀਰ ਸਿੰਘ ਢਿੱਲੋਂ)-ਮਰਹੂਮ ਰਾਮ ਸੇਵਕ ਸ੍ਰੀ ਭਾਨਾ ਮੱਲ ਸਿੰਗਲਾ ਦੀ ਯਾਦ ਨੂੰ ਸਮਰਪਿਤ ਰਾਮਲੀਲਾ ਦਾ ਸ਼ੁਭ ਆਰੰਭ ਬੜੀ ਸ਼ਰਧਾ ਅਤੇ ਭਗਤੀ ਭਾਵਨਾ ਨਾਲ ਕੀਤਾ ਗਿਆ । ਰਾਮ ਲੀਲਾ ਕਮੇਟੀ ਵੱਲੋਂ ਸਮਾਗਮ ਗਊ ਸੇਵਾ ਸੋਸਾਇਟੀ, ਐਮ ਬੀ ਡੀ ਗਰੁੱਪ ਦੇ ਸਹਿਯੋਗ ਨਾਲ ਕਰਵਾਇਆ ਹੈ। ਰਾਮ ਲੀਲਾ ਦੇ ਪਹਿਲੇ ਦਿਨ ਮੁੱਖ ਮਹਿਮਾਨ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ, ਰਾਕੇਸ਼ ਗਰਗ ਚੇਅਰਮੈਨ ਮਦਰ ਇੰਡੀਆ ਐਜੂਕੇਸ਼ਨ ਸੁਸਾਇਟੀ, ਰਮੇਸ਼ ਬਾਂਸਲ ਪ੍ਰਧਾਨ ਗਰੀਨ ਅਵੈਨਿਊ ਵੈਲਫੇਅਰ ਸੋਸਾਇਟੀ, 'ਆਪ' ਦੇ ਸੀਨੀਅਰ ਆਗੂ ਭਗਵਤ ਦਿਆਲ ਨਿੱਕਾ ਨੇ ਕਰ-ਕਮਲਾਂ ਨਾਲ ਰਾਮਲੀਲਾ ਦਾ ਸ਼ੁਭ ਆਰੰਭ ਕੀਤਾ ਗਿਆ। ਰਾਮ ਲੀਲਾ ਕਮੇਟੀ ਦੇ ਪ੍ਰਧਾਨ ਪ੍ਰੇਮ ਕੁਮਾਰ, ਟੀਨੂ ਸਿੰਗਲਾ ਸੀਨੀਅਰ ਮੀਤ ਪ੍ਰਧਾਨ, ਦੀਪਕ ਕੁਮਾਰ, ਸੁਰਿੰਦਰ ਗਰਗ ਚੇਅਰਮੈਨ ਵੱਲੋਂ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਸਰਪੰਚ ਤਲਵਿੰਦਰ ਸਿੰਘ ਮੌਲਵੀਵਾਲਾ, ਸਰਪੰਚ ਜਗਦੀਪ ਸਿੰਘ ਬੂਰੜ, ਅੰਮ੍ਰਿਤ ਸਿੰਘ, ਸਰਪੰਚ ਕੁਲਦੀਪ ਸਿੰਘ ਕੋਟਲੀ, ਸਰਪੰਚ ਹਰਜਿੰਦਰ ਸਿੰਘ ਕਾਠ, ਹਰਭਜਨ ਸਿੰਘ, ਪਾਰਸ ਪੀ ਏ, ਲਾਭ ਸਿੰਘ ਡਰੌਲੀ, ਸਰਪੰਚ ਕਰਨੈਲ ਸਿੰਘ ਨਾਮਸੋਤ, ਸਰਪੰਚ ਜਗਨਾ ਰਾਮ ਆਦਿ ਹਾਜ਼ਰ ਸਨ ।

# ਪਰਾਲੀ ਸਾੜਨ ਦੇ ਮੁੱਦੇ ਉੱਤੇ ਪ੍ਰਸ਼ਾਸਨ ਦੀ ਨਾਜਾਇਜ਼ ਧੱਕੇਸ਼ਾਹੀ ਬਰਦਾਸ਼ਤ ਨਹੀ ਕੀਤੀ ਜਾਵੇਗੀ- ਭਾਕਿਯੂ ਕਾਦੀਆਂ

## ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਨੂੰ ਮਾਣਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ 100 ਰੁਪਈਏ ਪ੍ਰਤੀ ਕੁਇੰਟਲ ਜਾਂ 500 ਰੁਪਈਏ ਪ੍ਰਤੀ ਏਕੜ ਦੀ ਸਹਾਇਤਾ ਦੇਵੇ ਸਰਕਾਰ-ਜਗਸੀਰ



ਛੀਨੀਵਾਲ, ਬਰਨਾਲਾ 12 ਅਕਤੂਬਰ (ਜਗਸੀਰ ਸਿੰਘ ਸਹਿਜੜਾ) ਭਾਰਤੀ ਕਿਸਾਨ ਯੂਨੀਅਨ ਕਾਦੀਆਂ ਜ਼ਿਲ੍ਹਾ ਬਰਨਾਲਾ ਦੀ ਅਹਿਮ ਮੀਟਿੰਗ ਜ਼ਿਲ੍ਹਾ ਪ੍ਰਧਾਨ ਜਗਸੀਰ ਸਿੰਘ ਛੀਨੀਵਾਲ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਤਪ ਅਸਥਾਨ ਬੀਬੀ ਪ੍ਰਧਾਨ ਕੌਰ ਬਰਨਾਲਾ ਵਿਖੇ ਹੋਈ । ਜਿਸ ਵਿੱਚ ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਜਗਸੀਰ ਸਿੰਘ ਛੀਨੀਵਾਲ ਨੇ ਦੱਸਿਆ ਕਿ ਸਰਕਾਰ 2019 ਦੇ ਮਾਣਯੋਗ ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਭੱਜ ਚੁੱਕੀ ਹੈ ਜਿਸ ਵਿੱਚ ਕੋਰਟ ਵੱਲੋਂ ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਨੂੰ 100 ਰੁਪਈਏ ਪ੍ਰਤੀ ਕੁਇੰਟਲ ਜਾਂ 2500 ਰੁਪਈਏ ਪ੍ਰਤੀ ਏਕੜ ਦੀ ਨਕਦ ਸਹਾਇਤਾ ਦਿੱਤੀ ਜਾਵੇ ਅਤੇ 90% ਸਬਸਿਡੀ ਤੇ ਪਰਾਲੀ ਨਾਲ ਸਬੰਧਿਤ ਮਸ਼ੀਨਰੀ ਮੁਹੱਈਆ ਕਰਵਾਈ ਜਾਵੇ , ਪਰ ਸਰਕਾਰ ਮਾਣਯੋਗ ਸੁਪਰੀਮ ਕੋਰਟ ਦੇ ਫ਼ੈਸਲੇ ਦੀਆਂ ਧੱਜੀਆਂ ਉਡਾ ਕੇ ਉੱਪਰੋਂ ਕਰਜ਼ੇ ਦੀ ਮਾਰ ਝੱਲ ਰਹੇ ਕਿਸਾਨਾਂ ਨੂੰ ਧਮਕਾ ਰਹੀ ਹੈ ਕਿ ਜੋ ਕਿਸਾਨ ਮਜਬੂਰੀ ਵੱਸ ਪਰਾਲੀ ਨੂੰ ਅੱਗ ਲਗਾਏਗਾ ਉਸ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ । ਸਰਕਾਰ ਇਸ ਵਾਰ ਖੇਤਾਂ ਦੀ ਨਿਗਰਾਨੀ ਲਈ ਡਰੋਨਾਂ ਦਾ ਸਹਾਰਾ ਲੈ ਰਹੀ ਹੈ ਜਦੋਂਕਿ ਫਸਲਾਂ ਕੁਦਰਤੀ ਆਫ਼ਤਾਂ ਨਾਲ ਤਬਾਹ ਹੁੰਦੀਆਂ ਹਨ ਉਦੋਂ ਡਰੋਨਾਂ ਦੀ ਵਰਤੋਂ ਕਰਕੇ ਮੁਆਵਜ਼ਾ ਕਿਉਂ ਨਹੀਂ ਦਿੱਤਾ ਜਾਂਦਾ ਹੈ ਉਨ੍ਹਾਂ ਪ੍ਰਸ਼ਾਸਨ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਦੇ ਕਿਸਾਨਾਂ ਨਾਲ ਪਰਾਲੀ ਸਾੜਨ ਨਾਲ ਸਬੰਧਤ ਕਿਸੇ ਵੀ ਕਿਸਮ ਦੀ ਨਾਜਾਇਜ਼ ਧੱਕੇਸ਼ਾਹੀ ਕੀਤੀ ਤਾਂ ਉਸ ਦਾ ਪੁਰਜ਼ੋਰ ਵਿਰੋਧ ਕੀਤਾ ਜਾਵੇਗਾ ਅਤੇ ਡਰੋਨਾਂ ਨੂੰ ਉੱਡਣ ਤੋਂ ਵੀ ਰੋਕਿਆ ਜਾਵੇਗਾ । ਜ਼ਿਲ੍ਹਾ ਸਕੱਤਰ ਜਨਰਲ ਜਸਮੇਲ ਸਿੰਘ ਕਾਲੇਕੇ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਝੋਨੇ ਦੀ ਫ਼ਸਲ ਕੱਟਣ ਉਪਰੰਤ ਕਣਕ ਅਤੇ ਆਲੂਆਂ ਦੀ ਬਿਜਾਈ ਤਿਆਰ ਹੈ ਪਰ ਜ਼ਿਲ੍ਹੇ ਅੰਦਰ 41 ਖਾਦ ਦੀ ਵੱਡੀ ਪੱਧਰ ਤੇ ਕਮੀ ਹੈ ਜਿਸ ਦੀ ਆੜ ਵਿੱਚ ਕਿਸਾਨਾਂ ਨੂੰ ਬੇਲੋੜੀਆਂ ਦਵਾਈਆਂ ਧੱਕੇ ਨਾਲ ਦਿੱਤੀਆਂ ਜਾ ਰਹੀਆਂ ਹਨ, ਇਸ ਲਈ ਜ਼ਿਲ੍ਹੇ ਅੰਦਰ ਖਾਦ ਦੀ ਕਮੀ ਨੂੰ ਪੂਰਾ ਕਰਕੇ ਤੁਰੰਤ ਕਾਲਾਬਾਜ਼ਾਰੀ ਨੂੰ ਬੰਦ ਕੀਤਾ ਜਾਵੇ ਇਸ ਮੌਕੇ ਸੂਬਾ ਮੀਤ ਪ੍ਰਧਾਨ ਗੁਰਨਾਮ ਸਿੰਘ ਠੀਕਰੀਵਾਲ ਮਹਿੰਦਰ ਸਿੰਘ ਵਡੈਂਚ ਬੁੱਗਰ ਸਿੰਘ ਫਰਵਾਹੀ ਯਾਦਵਿੰਦਰ ਸਿੰਘ ਰਾਜਗੜ੍ਹ ਬਲਾਕ ਪ੍ਰਧਾਨ ਜਸਵੀਰ ਸਿੰਘ ਕਾਲੇਕੇ ਜਸਵੀਰ ਸਿੰਘ ਸੁਖਪੁਰਾ ਪਰਮਜੀਤ ਸਿੰਘ ਮਹਿਲ ਕਲਾਂ ਪਰਮਿੰਦਰ ਹੰਡਿਆਇਆ ਉਦੇ ਸਿੰਘ ਹਮੀਦੀ ਊਧਮ ਜੋਧਪੁਰ ਪਿਰਤਪਾਲ ਕੈਰੇ ਜੱਗਾ ਸੇਖਾ ਕਾਲਾ ਚੀਮਾ ਇੰਦਰਜੀਤ ਧਨੌਲ਼ਾ ਜਗਤ ਧੂਰਕੋਟ ਮਿੱਠੂ ਕਲਾਲਾ ਟੇਕ ਸਿੰਘ ਪੱਤੀ ਸੇਖਵਾ ਹਰਭਜਨ ਸਰਜੀਤਪੁਰਾ ਕੋਠੇ ਬਲਜੀਤ ਬੱਲੀ ਪੱਖੋਂ ਬੂਟਾ ਮੱਲੀਆਂ ਤੇਜਾ ਸਿੰਘ ਕੱਟੂ ਜੱਸੀ ਫਰਵਾਹੀ ਬੇਅੰਤ ਸੁਖਪੁਰਾ ਗੁਰਵਿੰਦਰ ਧਨੌਲ਼ਾ ਅਤੇ ਵੱਡੀ ਗਿਣਤੀ ਵਿਚ ਕਿਸਾਨ ਹਾਜ਼ਰ ਸਨ ?

# ਲੰਡੇ-ਲੁੱਚਿਆਂ ਅਤੇ ਭ੍ਰਿਸ਼ਟਾਂ ਦੇ ਦੌਰ 'ਚ ਇਮਾਨਦਾਰੀ ਹੋਈ ਹਾਸ਼ੀਏ 'ਤੇ



ਮਾਨਸਾ 11 ਅਕਤੂਬਰ (ਰੀਤਵਾਲ)-ਅੱਜ ਸਮਾਜ ਵਿੱਚ ਇੱਕ ਗੱਲ ਆਮ ਸੁਣਨ ਨੂੰ ਮਿਲਦੀ ਹੈ ਕਿ ਇਹ ਦੌਰ ਲੰਡੇ-ਲੁੱਚਿਆਂ ਅਤੇ ਭ੍ਰਿਸ਼ਟ ਲੋਕਾਂ ਦਾ ਹੈ। ਦਫ਼ਤਰਾਂ ਵਿੱਚ ਰਿਸ਼ਵਤ ਤੋਂ ਬਿਨਾਂ ਫ਼ਾਈਲ ਨਹੀਂ ਹਿਲਦੀ, ਸੱਤਾ ਦੇ ਗਲਿਆਰਿਆਂ ਵਿੱਚ ਸੌਦੇਬਾਜ਼ੀ ਦਾ ਬੋਲਬਾਲਾ ਹੈ, ਅਤੇ ਗਲੀ-ਮੁਹੱਲਿਆਂ ਵਿੱਚ ਧੌਂਸ ਤੇ ਬਦਤਮੀਜ਼ੀ ਕਰਨ ਵਾਲੇ ਅਕਸਰ ਬੇਖ਼ੌਫ਼ ਘੁੰਮਦੇ ਹਨ। ਆਮ ਨਾਗਰਿਕਾਂ ਦਾ ਕਹਿਣਾ ਹੈ ਕਿ ਮਿਹਨਤ ਅਤੇ ਇਮਾਨਦਾਰੀ ਨਾਲ ਜਿਊਣ ਵਾਲਾ ਵਿਅਕਤੀ ਅੱਜ ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰਦਾ ਹੈ। ਜਿੱਥੇ ਕਦੇ ਚਰਿੱਤਰ ਅਤੇ ਸਾਖ ਨੂੰ ਸਭ ਤੋਂ ਵੱਡੀ ਪੂੰਜੀ ਮੰਨਿਆ ਜਾਂਦਾ ਸੀ, ਉੱਥੇ ਹੁਣ ਪੈਸੇ, ਪਹੁੰਚ ਅਤੇ ਦਿਖਾਵੇ ਨੂੰ ਹੀ ਸਫ਼ਲਤਾ ਦਾ ਪੈਮਾਨਾ ਸਮਝਿਆ ਜਾਣ ਲੱਗਾ ਹੈ। ਮਾਹਿਰਾਂ ਅਨੁਸਾਰ ਇਸ ਗਿਰਾਵਟ ਦੇ ਪਿੱਛੇ ਕਈ ਕਾਰਨ ਹਨ ਜਿਵੇਂ ਕਿ ਕਾਨੂੰਨ ਦੀ ਢਿੱਲੀ ਪਕੜ, ਅਪਰਾਧੀਆਂ ਨੂੰ ਮਿਲਦੀ ਸਿਆਸੀ ਸ਼ਹਿ, ਤੇਜ਼ੀ ਨਾਲ ਅਮੀਰ ਬਣਨ ਦੀ ਦੌੜ, ਅਤੇ ਨੈਤਿਕ ਕਦਰਾਂ-ਕੀਮਤਾਂ ਦੀ ਘਾਟ । ਸੂਝਵਾਨ ਲੋਕਾਂ ਦਾ ਮੰਨਣਾ ਹੈ ਕਿ ਹਾਲਾਤ ਬਦਲ ਸਕਦੇ ਹਨ, ਪਰ ਇਹ ਤਾਂ ਹੀ ਸੰਭਵ ਹੈ ਜੇ ਹਰ ਨਾਗਰਿਕ ਗ਼ਲਤ ਦੇ ਖ਼ਿਲਾਫ਼ ਆਵਾਜ਼ ਉਠਾਵੇ ਅਤੇ ਚੁੱਪ ਰਹਿ ਕੇ ਬੇਇਨਸਾਫ਼ੀ ਨੂੰ ਸਵੀਕਾਰ ਨਾ ਕਰੇ।

# ਨੂਰਪੁਰ ਬੇਦੀ ਮੈਰਾਥਨ ਦੇ ਜੇਤੂਆਂ ਨੂੰ ਵਿਧਾਇਕ ਦਿਨੇਸ਼ ਚੱਢਾ ਨੇ ਕੀਤਾ ਸਨਮਾਨਿਤ

## ਪੀਰ ਬਾਬਾ ਜਿੰਦਾ ਸ਼ਹੀਦ ਸੁਸਾਇਟੀ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਰਵਾਈ ਗਈ ਸੀ ਪਹਿਲੀ ਮੈਰਾਥਨ




ਨੂਰਪੁਰ ਬੇਦੀ, 12 ਅਕਤੂਬਰ (ਬਲਵਿੰਦਰ ਰੈਤ): ਪੀਰ ਬਾਬਾ ਜਿੰਦਾ ਸ਼ਹੀਦ ਸੁਸਾਇਟੀ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਬੀਤੇ ਦਿਨੀਂ ਨੂਰਪੁਰ ਬੇਦੀ ਵਿਖੇ ਕਰਵਾਈ ਗਈ ਪਹਿਲੀ ਮੈਰਾਥਨ ਦੌੜ ਵਿੱਚ ਜੇਤੂ ਰਹੇ ਦੌੜਾਕਾਂ ਨੂੰ ਅੱਜ ਹਲਕਾ ਰੂਪਨਗਰ ਦੇ ਵਿਧਾਇਕ ਐਡਵੋਕੇਟ ਦਿਨੇਸ਼ ਚੱਢਾ ਨੇ ਸਨਮਾਨਿਤ ਕੀਤਾ। ਇਸ ਮੈਰਾਥਨ ਵਿੱਚ 5 ਕਿਲੋਮੀਟਰ ਅਤੇ 10 ਕਿਲੋਮੀਟਰ ਦੀਆਂ ਦੌੜਾਂ ਕਰਵਾਈਆਂ ਗਈਆਂ ਸਨ, ਜਿਨ੍ਹਾਂ ਵਿੱਚ ਵੱਖ-ਵੱਖ ਉਮਰ ਵਰਗਾਂ ਦੇ ਮੁੰਡਿਆਂ ਅਤੇ ਕੁੜੀਆਂ ਨੇ ਉਤਸ਼ਾਹ ਨਾਲ ਭਾਗ ਲਿਆ। 5 ਕਿਲੋਮੀਟਰ ਦੌੜ ਦੇ 6 ਤੋਂ 14 ਸਾਲ ਉਮਰ ਵਰਗ ਦੇ ਮੁੰਡਿਆਂ ਵਿੱਚ ਦਿਲਪ੍ਰੀਤ ਸਿੰਘ ਭੱਟੋ ਨੇ ਪਹਿਲਾ, ਆਕਾਸ਼ਦੀਪ ਸਿੰਘ ਨੇ ਦੂਜਾ ਅਤੇ ਆਕਾਸ਼ ਰਾਏਪੁਰ ਨੇ ਤੀਜਾ ਸਥਾਨ ਹਾਸਲ ਕੀਤਾ। ਕੁੜੀਆਂ ਦੇ ਇਸੇ ਉਮਰ ਵਰਗ ਵਿੱਚ ਦਿਲਪ੍ਰੀਤ ਕੌਰ ਪਹਿਲੇ, ਰਾਜਵੀਰ ਕੌਰ ਦੂਜੇ ਅਤੇ ਜਸਕੀਰਤ ਕੌਰ ਤੀਜੇ ਸਥਾਨ 'ਤੇ ਰਹੀ। 15 ਤੋਂ 40 ਸਾਲ ਉਮਰ ਵਰਗ ਦੇ ਮੁੰਡਿਆਂ ਵਿੱਚ ਸਹਿਜਵੀਰ ਸਿੰਘ ਚਨੌਲੀ ਨੇ ਪਹਿਲਾ, ਅਮਨ ਨੇ ਦੂਜਾ ਅਤੇ ਕਰਨਵੀਰ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਕੁੜੀਆਂ ਵਿੱਚ ਦੀਆ ਪਹਿਲੇ, ਮਨਜੀਤ ਕੌਰ ਦੂਜੇ ਅਤੇ ਕੋਮਲ ਤੀਜੇ ਸਥਾਨ 'ਤੇ ਰਹੀ। 40 ਸਾਲ ਤੋਂ ਵੱਧ ਉਮਰ ਦੇ ਮੁੰਡਿਆਂ ਵਿੱਚ ਸੰਦੀਪ ਸਿੰਘ ਚਮਕੌਰ ਸਾਹਿਬ ਨੇ ਪਹਿਲਾ, ਫੌਜੀ ਅਮਰਜੀਤ ਸਿੰਘ ਸੈਣੀ ਮਾਜਰਾ ਨੇ ਦੂਜਾ ਅਤੇ ਏਐੱਸਆਈ ਮੋਹਣ ਲਾਲ ਸੈਣੀ ਮਾਜਰਾ ਨੇ ਤੀਜਾ ਸਥਾਨ ਹਾਸਲ ਕੀਤਾ। ਇਸੇ ਉਮਰ ਵਰਗ ਦੀਆਂ ਕੁੜੀਆਂ ਵਿੱਚ ਸੋਨੀਆ ਸ਼ਰਮਾ ਪਹਿਲੇ, ਰਜਨੀ ਅਰੋੜਾ ਦੂਜੇ ਅਤੇ ਹਰਜੀਤ ਕੌਰ ਤੀਜੇ ਸਥਾਨ 'ਤੇ ਰਹੀ। 10 ਕਿਲੋਮੀਟਰ ਦੌੜ ਦੇ 15 ਤੋਂ 40 ਸਾਲ ਉਮਰ ਵਰਗ ਦੇ ਮੁੰਡਿਆਂ ਵਿੱਚ ਅਨਮੋਲਪ੍ਰੀਤ ਸਿੰਘ ਭਨੂਹਾ ਨੇ ਪਹਿਲਾ, ਪ੍ਰਿਤਪਾਲ ਸਿੰਘ ਨੇ ਦੂਜਾ ਅਤੇ ਫੌਜੀ ਮਲਕੀਤ ਸਿੰਘ ਚਨੌਲੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਕੁੜੀਆਂ ਵਿੱਚ ਮੀਨਾਕਸ਼ੀ ਪਹਿਲੇ, ਦਲਜੀਤ ਕੌਰ ਦੂਜੇ ਅਤੇ ਜੈਸਮੀਨ ਕੌਰ ਚੁਨੌਲੀ ਤੀਜੇ ਸਥਾਨ 'ਤੇ ਰਹੀ। 40 ਸਾਲ ਤੋਂ ਵੱਧ ਉਮਰ ਦੇ ਮੁੰਡਿਆਂ ਵਿੱਚ ਫੌਜੀ ਸੁਖਬੀਰ ਸਿੰਘ ਭੋਗੀਪੁਰ ਨੇ ਪਹਿਲਾ, ਜਸਵੀਰ ਸਿੰਘ ਫੌਜੀ ਸੰਗਤਪੁਰ ਨੇ ਦੂਜਾ ਅਤੇ ਭੁਪਿੰਦਰ ਪ੍ਰਤਾਪ ਕਰੂਰਾ ਨੇ ਤੀਜਾ ਸਥਾਨ ਹਾਸਲ ਕੀਤਾ। ਕੁੜੀਆਂ ਦੇ ਇਸ ਵਰਗ ਵਿੱਚ ਨਿਸ਼ਾ ਪਹਿਲੇ, ਅੰਜੂ ਗੌਤਮ ਦੂਜੇ ਅਤੇ ਪਰਮਜੀਤ ਕੌਰ ਤੀਜੇ ਸਥਾਨ 'ਤੇ ਰਹੀ।ਵਿਧਾਇਕ ਦਿਨੇਸ਼ ਚੱਢਾ ਵੱਲੋਂ ਜੇਤੂਆਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਐੱਸਐੱਚਓ ਗੁਰਮੁਖ ਸਿੰਘ, ਜ਼ਿਲ੍ਹਾ ਪਰਿਸ਼ਦ ਦੇ ਵਾਈਸ ਚੇਅਰਮੈਨ ਦੇਸਰਾਜ ਸੈਣੀ, ਸੰਮਤੀ ਮੈਂਬਰ ਹੇਮੰਤ ਸੈਣੀ, ਜ਼ਿਲ੍ਹਾ ਪਰਿਸ਼ਦ ਮੈਂਬਰ ਜਰਨੈਲ ਸਿੰਘ ਲਾਲੀ, ਅਵਨੀਤ ਚੱਢਾ, ਮਨੀਸ਼ ਰੀਹਲ, ਸੰਮਤੀ ਮੈਂਬਰ ਸਤਨਾਮ ਨਾਗਰਾ, ਸਰਪੰਚ ਅਵਤਾਰ ਸਿੰਘ ਕੂੰਨਰ, ਡਾਇਰੈਕਟਰ ਲੇਖਰਾਮ ਬਜਾੜ, ਐਡਵੋਕੇਟ ਮੁਨੀਸ਼ ਪੁਰੀ ਆਦਿ ਹਾਜ਼ਰ ਸਨ।



# ਬੰਗਲਾਦੇਸ਼ ਨੂੰ ਕੋਚਾਂ ਦੀ ਬਰਾਮਦ (ਐਕਸਪੋਰਟ) ਨਾਲ ਫਿਰੋਜ਼ਪੁਰ ਮੰਡਲ ਨੂੰ 91.73 ਲੱਖ ਰੁਪਏ ਦਾ ਮਾਲੀਆ ਪ੍ਰਾਪਤ

## ਹੁਸੈਨਪੁਰ ਤੋਂ 18 ਕੋਚਾਂ ਦੀ ਪਹਿਲੀ ਰੇਕ ਬੰਗਲਾਦੇਸ਼ ਲਈ ਸਫਲਤਾਪੂਰਵਕ ਰਵਾਨਾ

ਜਨ ਜਾਗਰਣ ਬਿਊਰੋ

**ਫਿਰੋਜ਼ਪੁਰ (ਪ੍ਰੇਮ ਨਾਥ ਸ਼ਰਮਾ):** ਮੰਡਲ ਰੇਲ ਪ੍ਰਬੰਧਕ ਸੰਜੀਵ ਕੁਮਾਰ ਦੀ ਰਹਿਨੁਮਾਈ ਹੇਠ ਫਿਰੋਜ਼ਪੁਰ ਮੰਡਲ ਦੀ ਬਿਜ਼ਨਸ ਡਿਵੈਲਪਮੈਂਟ ਯੂਨਿਟ ਦੇ ਯਤਨਾਂ ਨਾਲ 18 ਐੱਲ.ਐੱਚ.ਬੀ. ਕੋਚਾਂ ਦੀ ਪਹਿਲੀ ਰੇਕ 11 ਅਕਤੂਬਰ ਨੂੰ ਹੁਸੈਨਪੁਰ ਰੇਲਵੇ ਸਟੇਸ਼ਨ ਤੋਂ ਬੰਗਲਾਦੇਸ਼ ਦੇ ਦਰਸ਼ਨਾ ਰੇਲਵੇ ਸਟੇਸ਼ਨ ਲਈ ਸਫਲਤਾਪੂਰਵਕ ਰਵਾਨਾ ਹੋਈ। ਇਨ੍ਹਾਂ 18 ਐੱਲ.ਐੱਚ.ਬੀ. ਕੋਚਾਂ ਦਾ ਨਿਰਮਾਣ ਰੇਲ ਕੋਚ ਫੈਕਟਰੀ ਕਪੂਰਥਲਾ ਦੁਆਰਾ ਕੀਤਾ ਗਿਆ ਹੈ, ਜੋ ਕਿ ਇਕ ਮਹੱਤਵਪੂਰਨ ਪ੍ਰਾਪਤੀ ਹੈ। ਬੰਗਲਾਦੇਸ਼ ਰੇਲਵੇ ਦੀਆਂ ਸੰਚਾਲਨ ਅਤੇ ਯਾਤਰੀ ਲੋੜਾਂ ਨੂੰ ਪੂਰਾ ਕਰਨ ਲਈ ਇਨ੍ਹਾਂ ਕੋਚਾਂ ਨੂੰ ਵਿਸ਼ੇਸ਼ ਤੌਰ ’ਤੇ ਤਿਆਰ ਕੀਤਾ ਗਿਆ ਹੈ। ਫਿਰੋਜ਼ਪੁਰ ਮੰਡਲ ਨੇ ਬੰਗਲਾਦੇਸ਼ ਰੇਲਵੇ ਨੂੰ ਰੇਲ ਕੋਚਾਂ ਦੀ ਬਰਾਮਦ ਰਾਹੀਂ 91.73 ਲੱਖ ਰੁਪਏ ਦਾ ਮਾਲੀਆ (ਕਮਾਈ) ਇਕੱਠਾ ਕੀਤਾ ਹੈ। ਇਹ ਪ੍ਰਾਪਤੀ ਫਿਰੋਜ਼ਪੁਰ ਮੰਡਲ, ਰੇਲ ਕੋਚ ਫੈਕਟਰੀ ਕਪੂਰਥਲਾ, ਰਾਈਟਸ (ਰਾਈਟਸ-ਰੇਲ ਇੰਡੀਆ ਟੈਕਨੀਕਲ ਐਂਡ ਇਕਨਾਮਿਕ ਸਰਵਿਸ) ਲਿਮਟਿਡ ਅਤੇ ਬੰਗਲਾਦੇਸ਼ ਰੇਲਵੇ ਵਿਚਕਾਰ ਬਿਹਤਰ ਤਾਲਮੇਲ ਦਾ ਨਤੀਜਾ ਹੈ। ‘ਮੇਕ ਇਨ ਇੰਡੀਆ, ਫਾਰ ਦ ਵਰਲਡ’ ਦੇ ਵਿਜ਼ਨ ਦੇ ਅਨੁਕੂਲ ਇਹ ਪ੍ਰਾਪਤੀ ਦੇਸ਼ ਵਿਚ ਬਣੇ ਰੇਲ ਕੋਚਾਂ ਦੀ ਬਰਾਮਦ ਨੂੰ ਉਤਸ਼ਾਹਤ ਕਰਨ ਅਤੇ ਗਲੋਬਲ ਰੇਲਵੇ ਖੇਤਰ ਵਿਚ ਭਾਰਤ ਦੀ ਸਥਿਤੀ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿਚ ਇਕ ਮਹੱਤਵਪੂਰਨ ਕਦਮ ਹੈ। ਸੀਨੀਅਰ ਮੰਡਲ ਵਪਾਰਕ ਪ੍ਰਬੰਧਕ/ਫਰੇਟ ਪਰਮਦੀਪ ਸਿੰਘ ਸੈਣੀ ਨੇ ਦੱਸਿਆ ਕਿ ਫਿਰੋਜ਼ਪੁਰ ਮੰਡਲ ਦੀ ਇਹ ਪਹਿਲਕਦਮੀ ਬਿਜ਼ਨਸ ਡਿਵੈਲਪਮੈਂਟ ਯੂਨਿਟ ਦੇ ਯਤਨਾਂ ਅਤੇ ਵੱਖ-ਵੱਖ ਸੰਸਥਾਵਾਂ ਨਾਲ ਬਿਹਤਰ ਤਾਲਮੇਲ ਦਾ ਨਤੀਜਾ ਹੈ। ਇਸ ਨਾਲ ਭਾਰਤੀ ਰੇਲਵੇ ਦੀ ਆਮਦਨ ਵਧਣ ਦੇ ਨਾਲ-ਨਾਲ ਅੰਤਰਰਾਸ਼ਟਰੀ ਬਰਾਮਦ ਨੂੰ ਵੀ ਹੁਲਾਰਾ ਮਿਲੇਗਾ।



ਬੰਗਲਾਦੇਸ਼ ਨੂੰ ਕੋਚਾਂ ਦੀ ਬਰਾਮਦ (ਐਕਸਪੋਰਟ) ਨਾਲ ਹੋਈ ਆਮਦਨੀ ਬਾਰੇ ਜਾਣਕਾਰੀ ਦਿੰਦੇ ਹੋਏ ਰੇਲਵੇ ਦੇ ਅਧਿਕਾਰੀ।

# ਚੰਡੀਗੜ੍ਹ ’ਚ 0001 ਨੰਬਰ 21.31 ਲੱਖ ਤੇ 0007 ਨੰਬਰ 11.71 ਲੱਖ ’ਚ ਵਿਕਿਆ

ਜਨ ਜਾਗਰਣ ਬਿਊਰੋ




**ਚੰਡੀਗੜ੍ਹ :** ਪੰਜਾਬ ਤੇ ਹਰਿਆਣਾ ਦੀ ਰਾਜਧਾਨੀ ਚੰਡੀਗੜ੍ਹ ਦੇ ਲੋਕਾਂ ਵਿੱਚ ਮਹਿੰਗੀਆਂ ਗੱਡੀਆਂ ਦੇ ਨਾਲ-ਨਾਲ ਵੀ ਆਈ ਪੀ ਨੰਬਰ ਰੱਖਣ ਦਾ ਸ਼ੌਂਕ ਬਣਿਆ ਹੋਇਆ ਹੈ। ਚੰਡੀਗੜ੍ਹੀਆਂ ਵੱਲੋਂ ਆਪਣੀਆਂ ਮਹਿੰਗੀਆਂ ਗੱਡੀਆਂ ’ਤੇ ਵੀ ਆਈ ਪੀ ਨੰਬਰ ਲਾਉਣ ਲਈ ਲੱਖਾਂ ਰੁਪਏ ਖਰਚ ਕੀਤੇ ਜਾ ਰਹੇ ਹਨ। ਅੱਜ ਇੱਥੇ ਹੋਈ ਵੀਆਈਪੀ ਨੰਬਰਾਂ ਦੀ ਨਿਲਾਮੀ ਦੌਰਾਨ ਸੀਐੱਚ01 ਡੀਜੀ 0001 ਨੰਬਰ 21.31 ਲੱਖ ਰੁਪਏ ਵਿੱਚ ਨਿਲਾਮ ਹੋਇਆ ਹੈ। ਜਦੋਂ ਕਿ 0007 ਨੰਬਰ 11.71 ਲੱਖ ਰੁਪਏ ਵਿੱਚ ਨਿਲਾਮ ਹੋਇਆ ਹੈ। ਇਸ ਨਿਲਾਮੀ ਦੌਰਾਨ ਯੂਟੀ ਪ੍ਰਸ਼ਾਸਨ ਨੇ ਕੁੱਲ 2.97 ਕਰੋੜ ਰੁਪਏ ਦੀ ਕਮਾਈ ਕੀਤੀ ਹੈ। ਯੂਟੀ ਪ੍ਰਸ਼ਾਸਨ ਦੇ ਰਜਿਸਟਰੇਸ਼ਨ ਤੇ ਲਾਈਸੈਂਸਿੰਗ ਅਥਾਰਟੀ (ਆਰ.ਐੱਲ.ਏ) ਵੱਲੋਂ 10 ਤੋਂ 12 ਅਕਤੂਬਰ ਤੱਕ ਨਵੀਂ ਸੀਰੀਜ਼ ਸੀ.ਐੱਚ-01-ਡੀਜੀ ਦੇ 0001 ਤੋਂ 9999 ਤੱਕ ਦੇ ਫੈਂਸੀ ਨੰਬਰਾਂ ਦੀ ਨਿਲਾਮੀ ਕੀਤੀ ਗਈ। ਨਿਲਾਮੀ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਹਿੱਸਾ ਲਿਆ। ਪ੍ਰਸ਼ਾਸਨ ਨੇ ਨਿਲਾਮੀ ਦੌਰਾਨ 527 ਨੰਬਰ ਨਿਲਾਮ ਕੀਤੇ ਹਨ। ਇਸ ਨਿਲਾਮੀ ਦੌਰਾਨ 0001 ਨੰਬਰ ਸਭ ਤੋਂ ਮਹਿੰਗਾ 21.31 ਲੱਖ ਰੁਪਏ ਵਿੱਚ ਵਿਕਿਆ ਹੈ। ਜਦੋਂ ਕਿ 0007 ਨੰਬਰ 11.71 ਲੱਖ ਰੁਪਏ, 0009 ਨੰਬਰ 10.90 ਲੱਖ ਰੁਪਏ, 0003 ਨੰਬਰ 8.70 ਲੱਖ ਰੁਪਏ, 0002 ਨੰਬਰ 8.27 ਲੱਖ ਰੁਪਏ, 0005 ਨੰਬਰ 7.39 ਲੱਖ ਰੁਪਏ, 0008 ਨੰਬਰ 6.01 ਲੱਖ ਰੁਪਏ, 0004 ਨੰਬਰ 5.25 ਲੱਖ ਰੁਪਏ ਅਤੇ 0010 ਨੰਬਰ 5.21 ਲੱਖ ਰੁਪਏ ਅਤੇ 0011 ਨੰਬਰ 5.16 ਲੱਖ ਰੁਪਏ ਵਿੱਚ ਨਿਲਾਮ ਹੋਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਚੰਡੀਗੜ੍ਹ ਵਿੱਚ ਪਿਛਲੀ ਵਾਰ ਸੀਐੱਚ01 ਡੀਐੱਫ ਸੀਰੀਜ਼ ਦਾ ਇਹ ਨੰਬਰ 27.23 ਲੱਖ ਰੁਪਏ ਵਿੱਚ ਨਿਲਾਮ ਹੋਇਆ ਸੀ। ਇਸ ਤੋਂ ਪਹਿਲਾਂ ਸੀ ਐੱਚ 01 ਡੀ ਈ ਸੀਰੀਜ਼ ਦਾ 0001 ਨੰਬਰ 23.55 ਲੱਖ ਰੁਪਏ, ਸੀਐੱਚ 01 ਡੀਡੀ ਸੀਰੀਜ਼ ਦਾ 0001 ਨੰਬਰ 53.88 ਲੱਖ ਰੁਪਏ, ਸੀਐੱਚ01 ਡੀਸੀ 0001 ਨੰਬਰ 31.35 ਲੱਖ ਰੁਪਏ ਅਤੇ ਸੀਐੱਚ01 ਡੀ ਬੀ ਸੀਰੀਜ਼ ਦਾ 0001 ਨੰਬਰ 22.58 ਲੱਖ ਰੁਪਏ ਵਿੱਚ ਨਿਲਾਮ ਹੋਇਆ ਸੀ।

## ਸੰਖੇਪ ਖਬਰਾਂ

### ਬੱਸ ਰੇਡ ਰਾਹੀਂ ਵਿਸ਼ੇਸ਼ ਟਿਕਟ ਚੈਕਿੰਗ ਮੁਹਿੰਮ

**ਫਿਰੋਜ਼ਪੁਰ (ਪ੍ਰੇਮ ਨਾਥ ਸ਼ਰਮਾ):** ਫਿਰੋਜ਼ਪੁਰ ਮੰਡਲ ਵੱਲੋਂ ਬਿਨਾਂ ਟਿਕਟ ਅਤੇ ਅਨਿਯਮਿਤ ਟਿਕਟ ’ਤੇ ਯਾਤਰਾ ਕਰਨ ਵਾਲੇ ਯਾਤਰੀਆਂ ਵਿਰੁੱਧ ਲਗਾਤਾਰ ਵਿਸ਼ੇਸ਼ ਟਿਕਟ ਚੈਕਿੰਗ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ। ਇਸੇ ਲੜੀ ਤਹਿਤ ਸੀਨੀਅਰ ਮੰਡਲ ਵਣਜ ਪ੍ਰਬੰਧਕ ਬਸੰਤ ਕੁਮਾਰ ਦੇ ਨਿਰਦੇਸ਼ਾਂ ’ਤੇ ਫਿਰੋਜ਼ਪੁਰ ਕੈਂਟ ਅਤੇ ਜਲੰਧਰ ਸਿਟੀ ਰੇਲਵੇ ਖੰਡ ’ਤੇ ਬੱਸ ਰੇਡ ਰਾਹੀਂ ਵਿਸ਼ੇਸ਼ ਟਿਕਟ ਚੈਕਿੰਗ ਮੁਹਿੰਮ ਚਲਾਈ ਗਈ। ਮੁਹਿੰਮ ਦੌਰਾਨ ਟਿਕਟ ਚੈਕਿੰਗ ਕਰਮਚਾਰੀਆਂ ਅਤੇ ਰੇਲਵੇ ਸੁਰੱਖਿਆ ਬਲ ਦੀ ਸੰਯੁਕਤ ਟੀਮ ਨੇ ਵੱਖ-ਵੱਖ ਸਟੇਸ਼ਨਾਂ ਅਤੇ ਟਰੇਨਾਂ ਵਿਚ ਅਚਨਚੇਤ ਟਿਕਟ ਚੈਕਿੰਗ ਕੀਤੀ। ਚੈਕਿੰਗ ਦੌਰਾਨ ਬਿਨਾਂ ਟਿਕਟ ਜਾਂ ਅਨਿਯਮਿਤ ਯਾਤਰਾ ਕਰ ਰਹੇ 328 ਯਾਤਰੀਆਂ ਨੂੰ ਫੜਿਆ ਗਿਆ ਅਤੇ ਉਨ੍ਹਾਂ ਤੋਂ 2,78,835 ਦਾ ਰੇਲਵੇ ਮਾਲੀਆ ਵਸੂਲ ਕੀਤਾ ਗਿਆ। ਸੀਨੀਅਰ ਮੰਡਲ ਵਣਜ ਪ੍ਰਬੰਧਕ ਬਸੰਤ ਕੁਮਾਰ ਨੇ ਦੱਸਿਆ ਕਿ ਫਿਰੋਜ਼ਪੁਰ ਕੈਂਟ-ਜਲੰਧਰ ਸਿਟੀ ਰੇਲਵੇ ਖੰਡ ’ਤੇ ਬਿਨਾਂ ਟਿਕਟ ਅਤੇ ਅਨਿਯਮਿਤ ਯਾਤਰਾ ’ਤੇ ਪ੍ਰਭਾਵਸ਼ਾਲੀ ਰੋਕ ਲਗਾਉਣ ਦੇ ਉਦੇਸ਼ ਨਾਲ ਇਹ ਵਿਸ਼ੇਸ਼ ਮੁਹਿੰਮ ਚਲਾਈ ਗਈ। ਬਸ ਰੇਡ ਤਹਿਤ ਟਿਕਟ ਚੈਕਿੰਗ ਦਲ ਬੱਸ ਰਾਹੀਂ ਇਸ ਰੇਲਵੇ ਖੰਡ ’ਤੇ ਸਥਿਤ ਵੱਖ-ਵੱਖ ਸਟੇਸ਼ਨਾਂ ’ਤੇ ਪਹਿਲਾਂ ਹੀ ਪਹੁੰਚ ਗਏ ਅਤੇ ਉੱਥੋਂ ਲੰਘਣ ਵਾਲੀਆਂ ਟਰੇਨਾਂ ਅਤੇ ਸਟੇਸ਼ਨ ਪਰਿਸਰ ਵਿਚ ਅਚਨਚੇਤ ਟਿਕਟ ਚੈਕਿੰਗ ਕੀਤੀ ਗਈ। ਫਿਰੋਜ਼ਪੁਰ ਮੰਡਲ ਯਾਤਰੀਆਂ ਨੂੰ ਅਪੀਲ ਕਰਦਾ ਹੈ ਕਿ ਹਮੇਸ਼ਾ ਉੱਚਿਤ ਅਤੇ ਵੈਧ ਟਿਕਟ ਲੈ ਕੇ ਹੀ ਯਾਤਰਾ ਕਰੋ ਅਤੇ ਟਿਕਟ ਚੈਕਿੰਗ ਵਿਚ ਰੇਲਵੇ ਕਰਮਚਾਰੀਆਂ ਦਾ ਸਹਿਯੋਗ ਕਰੋ। ਯਾਤਰੀਆਂ ਨੂੰ ਬਿਹਤਰ ਅਤੇ ਸੁਵਿਧਾਜਨਕ ਰੇਲ ਯਾਤਰਾ ਉਪਲਬੱਧ ਕਰਵਾਉਣ ਲਈ ਆਉਣ ਵਾਲੇ ਦਿਨਾਂ ਵਿਚ ਵੀ ਇਸ ਤਰ੍ਹਾਂ ਦੀਆਂ ਵਿਸ਼ੇਸ਼ ਟਿਕਟ ਚੈਕਿੰਗ ਮੁਹਿੰਮਾਂ ਜਾਰੀ ਰਹਿਣਗੀਆਂ।


ਯਾਤਰੀਆਂ ਦੀਆਂ ਟਿਕਟਾਂ ਦੀ ਜਾਂਚ ਕਰਨ ਦੀ ਤਸਵੀਰ।

### ਰੋਲ ਆਬਜਰਵਰ ਨੇ ਜ਼ਿਲ੍ਹੇ ਦਾ ਕੀਤਾ ਦੌਰਾ, ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨ ਦੇ ਕੰਮਾਂ ਦਾ ਲਿਆ ਜਾਇਜ਼ਾ

**ਸ੍ਰੀ ਮੁਕਤਸਰ ਸਾਹਿਬ (ਦੀਪੰਕਰ) :** ਸਕੱਤਰ, ਸਹਿਕਾਰਤਾ ਵਿਭਾਗ ਚੰਡੀਗੜ੍ਹ ਅਤੇ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਰੋਲ ਆਬਜ਼ਰਵਰ ਰਿਤੂ ਅਗਰਵਾਲ, ਆਈ.ਏ.ਐਸ ਨੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿੱਚ ਅੱਜ ਆਪਣੀ ਤੀਜੀ ਵਿਜਿਟ ਦੌਰਾਨ ਯੋਗਤਾ ਮਿਤੀ 1 ਅਕਤੂਬਰ 2026 ਦੇ ਆਧਾਰ ਤੇ ਹੋ ਚੁੱਕੀ ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨ ਸਬੰਧੀ ਕੰਮਾਂ ਦਾ ਜਾਇਜਾ ਲਿਆ ਅਤੇ ਜ਼ਿਲ੍ਹੇ ਦੇ ਚੋਣ ਅਧਿਕਾਰੀਆਂ ਨਾਲ ਇੱਕ ਵਿਸਥਾਰਿਤ ਮੀਟਿੰਗ ਕੀਤੀ। ਇਸ ਮੌਕੇ ਤੇ ਅਮਿਤ ਕੁਮਾਰ, ਪੰਚਾਲ, ਆਈ.ਏ.ਐਸ., ਡਿਪਟੀ ਕਮਿਸ਼ਨਰ, ਸ੍ਰੀ ਮੁਕਤਸਰ ਸਾਹਿਬ, ਡੈਵੀ ਗੋਇਲ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਅਤੇ ਵਿਭੂ ਜੈਨ, ਚੋਣ ਤਹਿਸੀਲਦਾਰ, ਸ੍ਰੀ ਮੁਕਤਸਰ ਸਾਹਿਬ ਅਤੇ ਚੋਣਾਂ ਨਾਲ ਸਬੰਧਤ ਹੋਰ ਅਧਿਕਾਰੀ ਹਾਜ਼ਰ ਸਨ ਮੀਟਿੰਗ ਦੌਰਾਨ ਅਮਿਤ ਕੁਮਾਰ, ਪੰਚਾਲ, ਆਈ.ਏ.ਐਸ., ਡਿਪਟੀ ਕਮਿਸ਼ਨਰ, ਸ੍ਰੀ ਮੁਕਤਸਰ ਸਾਹਿਬ ਵੱਲੋਂ ਰੋਲ ਆਬਜਰਵਰ ਸਾਹਿਬਾਨ ਨੂੰ ਦੱਸਿਆ ਗਿਆ ਕਿ ਅੱਜ 12 ਅਕਤੂਬਰ 2026 ਨੂੰ ਸਵੇਰੇ 11 ਵਜੇ ਜਿਲ੍ਹੇ ਦੀਆਂ ਸਮੂਹ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕਰਕੇ ਉਹਨਾਂ ਨੂੰ ਜਿਲ੍ਹੇ ਦੇ ਚਾਰੋਂ ਵਿਧਾਨ ਸਭਾ ਚੋਣ ਹਲਕਿਆਂ ਦੀ ਵੋਟਰ ਸੂਚੀ ਦਾ ਇੱਕ—ਇੱਕ ਸੈੱਟ ਸਪਲਾਈ ਕਰ ਦਿੱਤਾ ਗਿਆ। ਰਿਤੂ ਅਗਰਵਾਲ, ਰੋਲ ਆਬਜਰਵਰ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਵੋਟਰ ਸੂਚੀ ਦਾ ਨਿਰੀਖਣ ਕੀਤਾ ਗਿਆ। ਇਸ ਦੇ ਨਾਲ ਹੀ ਜਿਲ੍ਹਾ ਚੋਣ ਦਫਤਰ ਵੱਲੋਂ ਮੁੱਖ ਚੋਣ ਅਫਸਰ, ਪੰਜਾਬ ਦੀ ਵੈਬਸਾਈਟ ਤੋ ਉਪਲੱਬਧ ਫਾਈਨਲ ਵੋਟਰ ਸੂਚੀ ਦਾ ਲਿੰਕ ਜਿਲ੍ਹਾ ਪ੍ਰਸ਼ਾਸ਼ਨ ਦੀ ਵੈੱਬਸਾਈਟ ਤੇ ਵੀ ਉਪਲੱਬਧ ਕਰਵਾਇਆ ਗਿਆ ਹੈ ।



## ਭ੍ਰਿਸ਼ਟਾਚਾਰ ਵਿਰੋਧੀ ਫਰੰਟ ਦੀ ਮਾਸਿਕ ਮੀਟਿੰਗ ਦੌਰਾਨ ਸਮਰਾਲਾ ਸ਼ਹਿਰ ਦੀਆਂ ਟਰੈਫ਼ਿਕ ਸਮੱਸਿਆਵਾਂ ’ਤੇ ਕੀਤੀ ਚਰਚਾ

### ਫਲਾਂ ਅਤੇ ਸਬਜ਼ੀਆਂ ਦੀਆਂ ਰੇਹੜੀਆਂ ਨੂੰ ਦਿਤੀ ਜਾਵੇ ਢੁਕਵੀਂ ਥਾਂ, ਬਜ਼ਾਰ ’ਚ ਲੱਗਦੇ ਫਲੈਕਸ ਬੋਰਡਾਂ ਨੂੰ ਕੀਤਾ ਜਾਵੇ ਬੰਦ

ਜਨ ਜਾਗਰਣ ਬਿਊਰੋ

**ਸਮਰਾਲਾ (ਮਹਿੰਦਰ ਸਿੰਘ) :** ਭ੍ਰਿਸ਼ਟਾਚਾਰ ਵਿਰੋਧੀ ਫਰੰਟ (ਰਜਿ:) ਸਮਰਾਲਾ ਦੀ ਮਾਸਿਕ ਮੀਟਿੰਗ ਦੇ ਮੁੱਖ ਦਫਤਰ ‘ਬਾਗੀ ਭਵਨ’ ਵਿਖੇ ਪ੍ਰਧਾਨ ਅਮਰਜੀਤ ਸਿੰਘ ਬਾਲਿਓਂ ਦੀ ਪ੍ਰਧਾਨਗੀ ਹੇਠ ਹੋਈ। ਸਭ ਤੋਂ ਪਹਿਲਾਂ ਫਰੰਟ ਦੇ ਸਕੱਤਰ ਸੁਵਿੰਦਰ ਸਿੰਘ ਨੇ ਪਿਛਲੇ ਮਹੀਨੇ ਹੱਲ ਕੀਤੇ ਕੇਸਾਂ ਸਬੰਧੀ ਹਾਜ਼ਰੀਨਾਂ ਨਾਲ਼ ਜਾਣਕਾਰੀ ਸਾਂਝੀ ਕੀਤੀ। ਉਪਰੰਤ ਵੱਖ ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ। ਜਿਨ੍ਹਾਂ ਵਿੱਚ ਫਰੰਟ ਦੇ ਮੀਤ ਪ੍ਰਧਾਨ ਦੀਪ ਦਿਲਬਰ ਨੇ ਕਿਹਾ ਕਿ ਨਗਰ ਕੌਂਸਲ ਸਮਰਾਲਾ ਨੂੰ ਸ਼ਹਿਰ ਵਿੱਚ ਥਾਂ ਥਾਂ ਲੱਗਦੀਆਂ ਫਲਾਂ ਅਤੇ ਸਬਜ਼ੀਆਂ ਦੀਆਂ ਰੇਹੜੀਆਂ ਨੂੰ ਕੋਈ ਢੁਕਵੀਂ ਥਾਂ ਦਿੱਤੀ ਜਾਵੇ। ਜਿਵੇਂ ਕਿ ਪੁਰਾਣੀ ਅਨਾਜ ਮੰਡੀ ਜਾਂ ਮਾਰਕੀਟ ਕਮੇਟੀ ਦਫ਼ਤਰ ਨੇੜੇ ਬਹਿਲੋਲਪੁਰ ਰੋਡ ਸਮਰਾਲਾ ਆਦਿ ਤਾਂ ਜੋ ਸ਼ਹਿਰ ਦੇ ਬਜ਼ਾਰਾਂ ਅਤੇ ਰਸਤਿਆਂ ਵਿੱਚੋਂ ਟਰੈਫ਼ਿਕ ਨੂੰ ਕੋਈ ਸਮੱਸਿਆ ਨਾ ਆਵੇ। ਕੇਵਲ ਸਿੰਘ ਮੰਜਾਲੀਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਲੋਕਾਂ ਨੂੰ ਜਾਗਰੂਕ ਹੋ ਕੇ ਇਕੱਠੇ ਹੋਣਾ ਚਾਹੀਦਾ ਹੈ ਤਾਂ ਜੋ ਸਰਕਾਰ ਤੋਂ ਸਾਰੇ ਕੰਮ ਸੰਚਾਰੂ ਢੰਗ ਨਾਲ਼ ਕਰਵਾਏ ਜਾ ਸਕਣ। ਫਰੰਟ ਦੇ ਪ੍ਰਧਾਨ ਜਥੇਦਾਰ ਅਮਰਜੀਤ ਸਿੰਘ ਬਾਲਿਓਂ ਨੇ ਸਰਕਾਰ ਨੂੰ ਖ਼ਾਲੀ ਪਏ ਰੈਸਟ ਹਾਊਸ ਵਿੱਚ ਨਵਾਂ ਬੱਸ ਸਟੈਂਡ ਬਣਾਉਣ ਦੀ ਮੰਗ ਕੀਤੀ ਅਤੇ ਮੇਜਰ ਚਰਨ ਸਿੰਘ ਸਮਰਾਲਾ ਵੱਲੋਂ ਫ਼ੌਜੀ ਹਸਪਤਾਲ ਅਤੇ ਫ਼ੌਜੀ ਕੰਟੀਨ ਲਈ ਕੀਤੀ ਜਾ ਰਹੀ ਜਗ ?ਹਾ ਦੀ ਮੰਗ ਦੀ ਵੀ ਹਮਾਇਤ ਕੀਤੀ। ਉਨ੍ਹਾਂ ਤੋਂ ਇਲਾਵਾ ਰਾਜਿੰਦਰ ਸਿੰਘ, ਕਰਨੈਲ ਸਿੰਘ, ਸੁਰਿੰਦਰ ਅੰਗਰੀਸ਼ ਨੇ ਵੀ ਸੰਬੋਧਨ ਕੀਤਾ। ਪਿਛਲੇ ਦਿਨੀਂ ਸਦੀਵੀਂ ਵਿਛੋੜਾ ਦੇ ਗਏ ਫਰੰਟ ਦੇ ਮੈਂਬਰ ਅਵਤਾਰ ਸਿੰਘ ਉਟਾਲਾਂ, ਇੰਦਰਜੀਤ ਸਿੰਘ ਕੰਗ ਦੇ ਸਹੁਰਾ ਸਾਹਿਬ ਕਸ਼ਮੀਰਾ ਸਿੰਘ ਭੰਗੂ, ਪਿ ?ਰੰਸੀਪਲ ਸੰਜੀਵ ਸੱਦੀ ਉਟਾਲਾਂ ਦੇ ਜਵਾਈ ਸ਼ਿਵਜੋਤ ਮੋਦਗਿੱਲ ਅਤੇ ਕੇਵਲ ਮੰਜਾਲੀਆਂ ਦੇ ਸਾਲੇ ਜਸਮੇਰ ਸਿੰਘ ਟਿਵਾਣਾ ਦੀ ਮੌਤ ’ਤੇ ਦੋ ਮਿੰਟ ਦਾ ਮੋਨ ਰੱਖ ਕੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਉਪਰੋਕਤ ਤੋਂ ਇਲਾਵਾ ਜਗਜੀਤ ਸਿੰਘ ਘਰਖਣਾ, ਹਰਪ੍ਰੀਤ ਸਿੰਘ, ਚਰਨਜੀਤ ਸਿੰਘ ਮਹੱਦੀਪੁਰ, ਸ਼ੀਤਲ ਸਿੰਘ ਸਿਹਾਲਾ, ਪਰਮਜੀਤ ਸਿੰਘ ਮਾਛੀਵਾੜਾ ਸਾਹਿਬ, ਪਿ ?ਰਤਪਾਲ ਸਿੰਘ ਭਗਵਾਨਪੁਰਾ ਆਦਿ ਵੀ ਸ਼ਾਮਲ ਹੋਏ।



ਭ੍ਰਿਸ਼ਟਾਚਾਰ ਵਿਰੋਧੀ ਫਰੰਟ ਸਮਰਾਲਾ ਦੀ ਮੀਟਿੰਗ ਵਿੱਚ ਸ਼ਾਮਲ ਅਹੁਦੇਦਾਰ ਅਤੇ ਮੈਂਬਰਾਨ।

## ਸਾਂਝ ਸਾਹਿਤ ਸਭਾ ਦੀ ਮਹੀਨਾਵਾਰ ਮੀਟਿੰਗ ਸ਼ਹੀਦ ਭਗਤ ਸਿੰਘ ਪਾਰਕ ਵਿਖੇ ਹੋਈ


ਸਾਂਝ ਸਾਹਿਤ ਸਭਾ ਦੇ ਮੈਂਬਰ ਮਹੀਨਾਵਾਰ ਮੀਟਿੰਗ ਸ਼ਹੀਦ ਭਗਤ ਸਿੰਘ ਪਾਰਕ ਵਿਖੇ ਕਰਦੇ ਹੋਏ।

**ਫਿਰੋਜ਼ਪੁਰ (ਪ੍ਰੇਮ ਨਾਥ ਸ਼ਰਮਾ):** ਸਾਂਝ ਸਾਹਿਤ ਸਭਾ ਤਲਵੰਡੀ ਭਾਈ ਦੀ ਮਹੀਨਾਵਾਰ ਮੀਟਿੰਗ ਸਥਾਨਕ ਸ਼ਹੀਦ ਭਗਤ ਸਿੰਘ ਪਾਰਕ ਵਿਖੇ ਹੋਈ। ਇਸ ਮੀਟਿੰਗ ਵਿੱਚ ਵੱਖ-ਵੱਖ ਕਵੀਆਂ, ਗੀਤਕਾਰਾਂ, ਕਹਾਣੀਕਾਰਾਂ ਅਤੇ ਹਾਸਰਸ ਕਲਾਕਾਰਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸਾਹਿਤਕ ਰਚਨਾਵਾਂ ਦੀ ਪੇਸ਼ਕਾਰੀ ਰਾਹੀਂ ਕਲਾਕਾਰਾਂ ਨੇ ਖੂਬ ਰੰਗ ਬੰਨਿ ?ਹਆ। ਮੀਟਿੰਗ ਦੌਰਾਨ ਕਵੀਆਂ ਅਤੇ ਗੀਤਕਾਰਾਂ ਨੇ ਆਪਣੀਆਂ ਰਚਨਾਵਾਂ ਸੁਣਾਈਆਂ, ਕਹਾਣੀਕਾਰਾਂ ਨੇ ਕਹਾਣੀਆਂ ਪੇਸ਼ ਕੀਤੀਆਂ ਅਤੇ ਹਾਸਰਸ ਕਲਾਕਾਰਾਂ ਨੇ ਚੁਟਕਲਿਆਂ ਰਾਹੀਂ ਹਾਜ਼ਰੀਨ ਦਾ ਮਨੋਰੰਜਨ ਕੀਤਾ। ਇਸ ਤੋਂ ਇਲਾਵਾ ਭਜਨਾਂ ਦੀ ਪੇਸ਼ਕਾਰੀ ਵੀ ਕੀਤੀ ਗਈ। ਮੀਟਿੰਗ ਦਾ ਮਾਹੌਲ ਸਾਹਿਤਕ ਅਤੇ ਸੁਹਿਰਦਤਾ ਭਰਿਆ ਰਿਹਾ। ਇਸ ਮੌਕੇ ਸਭਾ ਦੇ ਪ੍ਰਧਾਨ ਜਗਰੂਪ ਮਾਨ, ਵਾਈਸ ਪ੍ਰਧਾਨ ਡਾ. ਗੁਰਮੇਲ ਸਿੰਘ ਧਾਲੀਵਾਲ, ਖ਼ਜ਼ਾਨਚੀ ਜਸਮੇਲ ਸਿੰਘ ਕਲਸੀ, ਸੀਨੀਅਰ ਮੀਤ ਪ੍ਰਧਾਨ ਮਨਪ੍ਰੀਤ ਛੀਨਾ, ਸਕੱਤਰ ਸਲੀਮ ਸਾਬਰੀ, ਸੈਕਟਰੀ ਕੁਲਵੰਤ ਕਮਲਾ ਅਤੇ ਸਲਾਹਕਾਰ ਹੰਸਰਾਜ ਹੰਸਾ ਸਮੇਤ ਹੋਰ ਸਾਹਿਤ ਪ੍ਰੇਮੀ ਹਾਜ਼ਰ ਸਨ। ਮੀਟਿੰਗ ਦੌਰਾਨ ਸਾਹਿਤਕ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਅਤੇ ਕਲਾਕਾਰਾਂ ਨੂੰ ਆਪਣੀ ਕਲਾ ਪੇਸ਼ ਕਰਨ ਲਈ ਮੰਚ ਮੁਹੱਈਆ ਕਰਵਾਉਣ ਦੀ ਭਾਵਨਾ ਪ੍ਰਗਟਾਈ ਗਈ।

## ਪੰਜਾਬ ਸਾਂਝੀਵਾਲਤਾ ਦਲ ਵਲੋਂ ਕੁਲਵਿੰਦਰ ਸਿੰਘ ਮਾਨ ਹਲਕਾ ਧਰਮਕੋਟ ਤੋਂ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਉਮੀਦਵਾਰ ਐਲਾਨੇ



ਜਨ ਜਾਗਰਣ ਬਿਊਰੋ

**ਕੋਟ ਈਸੇ ਖਾਂ/ਮੋਗਾ (ਲਛਮਣ ਜੀਤ ਸਿੰਘ ਪੁਰਬਾ):** ਪੰਜਾਬ ਸਾਂਝੀਵਾਲਤਾ ਦਲ ਵੱਲੋਂ ਹਲਕਾ ਧਰਮਕੋਟ ਵਿੱਚ ਆਪਣੀਆਂ ਸਿਆਸੀ ਸਰਗਰਮੀਆਂ ਨੂੰ ਅੱਗੇ ਵਧਾਉਂਦਿਆਂ ਕੋਟ ਈਸੇ ਖਾਂ ਨੇੜਲੇ ਪਿੰਡ ਜਨੇਰ ਵਿਖੇ ਇੱਕ ਵੱਡਾ ਜਨਤਕ ਇਕੱਠ ਕੀਤਾ ਗਿਆ। ਇਸ ਮੌਕੇ ਪਾਰਟੀ ਵੱਲੋਂ ਕੁਲਵਿੰਦਰ ਸਿੰਘ ਮਾਨ ਨੂੰ ਸਾਲ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਹਲਕਾ ਧਰਮਕੋਟ ਤੋਂ ਆਪਣਾ ਉਮੀਦਵਾਰ ਐਲਾਨਿਆ ਗਿਆ। ਇਕੱਠ ਦੌਰਾਨ ਪਾਰਟੀ ਦੇ ਆਗੂਆਂ ਅਤੇ ਸਮਰਥਕਾਂ ਨੇ ਹਲਕੇ ਦੀ ਰਾਜਨੀਤੀ ਅਤੇ ਪਾਰਟੀ ਦੇ ਏਜੰਡੇ ਸਬੰਧੀ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਪਾਰਟੀ ਦੇ ਸੀਨੀਅਰ ਆਗੂ ਅਮਿਤੋਜ ਸਿੰਘ ਮਾਨ, ਖੁਸ਼ਵਿੰਦਰ ਸਿੰਘ ਅਤੇ ਮਹਿੰਦਰ ਪਾਲ ਲੂੰਬਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਾਂਝੀਵਾਲਤਾ ਦਲ ਨਾਲ ਜ਼ਮੀਰ ਦੀ ਆਵਾਜ਼ ’ਤੇ ਚੱਲਣ ਵਾਲੇ ਲੋਕ ਆਪਣੇ ਆਪ ਜੁੜ ਰਹੇ ਹਨ। ਉਨ੍ਹਾਂ ਕਿਹਾ ਕਿ ਪਾਰਟੀ ਦਾ ਮਕਸਦ ਲੋਕਾਂ ਸਾਹਮਣੇ ਆਪਣੀਆਂ ਨੀਤੀਆਂ ਅਤੇ ਏਜੰਡੇ ਨੂੰ ਸਪੱਸ਼ਟ ਰੂਪ ਵਿੱਚ ਰੱਖਣਾ ਹੈ, ਤਾਂ ਜੋ ਲੋਕਾਂ ਨੂੰ ਪਾਰਟੀ ਦੀ ਸੋਚ ਅਤੇ ਭਵਿੱਖ ਦੀ ਯੋਜਨਾ ਬਾਰੇ ਪੂਰੀ ਜਾਣਕਾਰੀ ਮਿਲ ਸਕੇ। ਇਸ ਮੌਕੇ ਕੁਲਵਿੰਦਰ ਸਿੰਘ ਮਾਨ ਨੇ ਪੰਜਾਬ ਸਾਂਝੀਵਾਲਤਾ ਦਲ ਦੀ ਸਮੁੱਚੀ ਲੀਡਰਸ਼ਿਪ ਦਾ ਵਿਸ਼ੇਸ਼ ਤੌਰ ’ਤੇ ਧੰਨਵਾਦ ਕੀਤਾ। ਪਿੰਡ ਜਨੇਰ ਨੇੜੇ ਹੋਏ ਇਸ ਜਨਤਕ ਇਕੱਠ ਰਾਹੀਂ ਪੰਜਾਬ ਸਾਂਝੀਵਾਲਤਾ ਦਲ ਨੇ ਹਲਕਾ ਧਰਮਕੋਟ ਵਿੱਚ ਆਪਣੀ ਸਿਆਸੀ ਮੌਜੂਦਗੀ ਦਰਜ ਕਰਵਾਉਂਦਿਆਂ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਆਪਣੀ ਤਿਆਰੀ ਦਾ ਸੰਕੇਤ ਦਿੱਤਾ।ਇਸ ਮੌਕੇ ਤੇ ਪੰਜਾਬ ਸਾਂਝੀਵਾਲਤਾ ਦੇ ਰੋਪੜ ਤੋਂ ਉਮੀਦਵਾਰ ਸ੍ਰੀ ਗੌਰਵ ਰਾਣਾ, ਐਡਵੋਕੇਟ ਮੈਡਮ ਪ੍ਰਭਜੋਤ ਕੌਰ ਨੰਬਰਦਾਰ ਸੰਤੋਖ ਸਿੰਘ, ਸੀ ਆਰ ਓ ਪੰਜਾਬ ਦੇ ਆਗੂ ਪੰਕਜ ਸੂਦ, ਜੱਥੇਦਾਰ ਬਲਦੇਵ ਸਿੰਘ ਗਗੜਾ ਨੇ ਵੀ ਸੰਬੋਧਨ ਕੀਤਾ।

## ਡਿਪਟੀ ਕਮਿਸ਼ਨਰ ਨੇ ਅਨਾਜ ਮੰਡੀ ’ਚ ਦੌਰਾ ਕਰਕੇ ਝੋਨੇ ਦੀ ਖਰੀਦ ਪ੍ਰਬੰਧਾਂ ਦਾ ਲਿਆ ਜਾਇਜ਼ਾ

ਜਨ ਜਾਗਰਣ ਬਿਊਰੋ

**ਸ੍ਰੀ ਮੁਕਤਸਰ ਸਾਹਿਬ (ਦੀਪਕ ਗਰਗ) :** ਕਿਸਾਨਾਂ ਨੂੰ ਅਨਾਜ ਮੰਡੀਆਂ ਵਿੱਚ ਝੋਨਾ ਵੇਚਣ ਲਈ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ, ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ੍ਰੀ ਅਮਿਤ ਕੁਮਾਰ ਪੰਚਾਲ ਨੇ ਅੱਜ ਸਥਾਨਕ ਅਨਾਜ ਮੰਡੀ ਦਾ ਦੌਰਾ ਕਰਕੇ ਖਰੀਦ ਪ੍ਰਬੰਧਾਂ ਦਾ ਜਾਇਜਾ ਲੈਂਦਿਆਂ ਦਿੱਤੀ। ਇਸ ਦੌਰਾਨ ਡਿਪਟੀ ਕਮਿ ?ਸਨਰ ਨੇ ਵੱਖ—ਵੱਖ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਕੀਤੀ ਹਦਾਇਤ ਕਿ ਝੋਨਾ ਵੇਚਣ ਆਏ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਪ੍ਰੇਸ਼ਾਨੀ ਪੇਸ਼ ਨਾ ਆਉਣ ਦਿੱਤੀ ਜਾਵੇ। ਡਿਪਟੀ ਕਮਿਸ਼ਨਰ ਨੇ ਮੰਡੀ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜਿ ?ਲ੍ਹੇ ਦੀਆਂ ਸਾਰੀਆਂ ਅਨਾਜ ਮੰਡੀਆਂ ਵਿੱਚ ਝੋਨੇ ਦੇ ਖਰੀਦ ਲਈ ਪੂਰੀ ਤਰ੍ਹਾਂ ਸਾਫ਼—ਸਫ਼ਾਈ, ਬਿਜਲੀ, ਪੀਣ ਲਈ ਸਾਫ ਸੁਥਰਾ ਪਾਣੀ ਦੇ ਢੁਕਵੇਂ ਪ੍ਰਬੰਧ ਯਕੀਨੀ ਬਣਾਏ ਜਾਣ ਤਾਂ ਜੋ ਕਿਸਾਨਾਂ ਨੂੰ ਮੰਡੀਆਂ ਵਿੱਚ ਝੋਨੇ ਦੀ ਫ਼ਸਲ ਵੇਚਣ ਸਬੰਧੀ ਕਿਸੇ ਕਿਸਮ ਦੀ ਕੋਈ ਮੁਸ਼ਕਿਲ ਪੇਸ਼ ਨਾ ਆਵੇ। ਉਹਨਾਂ ਜਿ ?ਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਮੰਡੀਆਂ ਵਿੱਚ ਸਾਫ਼—ਸੁਥਰਾ ਅਤੇ ਸੁੱਕਾ ਝੋਨੇ ਲੈ ਕੇ ਆਉਣ ਤਾਂ ਜੋ ਉਹਨਾਂ ਨੂੰ ਝੋਨੇ ਦੀ ਫਸਲ ਵੇਚਣ ਲਈ ਅਨਾਜ ਮੰਡੀਆਂ ਵਿੱਚ ਕੋਈ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਹੋਰਨਾ ਤੋਂ ਇਲਾਵਾ ਜਿ ?ਲ੍ਹਾ ਖੁਰਾਕ ਅਤੇ ਸਪਲਾਈ ਕੰਟਰੋਲਰ ਹਿਮਾਂਸੂ ਕੁੱਕੜ, ਜਿਲ੍ਹਾ ਮੰਡੀ ਅਫਸਰ ਅਜੇ ਪਾਲ ਸਿੰਘ, ਸਕੱਤਰ ਮਾਰਕੀਟ ਕਮੇਟੀ ਬਲਕਾਰ ਸਿੰਘ ਆਦਿ ਮੌਜੂਦ ਸਨ।



## ਐਸਆਈਆਰ ਦਾ ਵਿਰੋਧ ਕਰਨ ਵਾਲਿਆਂ ’ਤੇ ਡਾ. ਹਰਜੋਤ ਕਮਲ ਦਾ ਤਿੱਖਾ ਹਮਲਾ

### ਬੋਲੇਵੋਟ ਚੋਰੀ ਦੇ ਦੋਸ਼ਾਂ ਦੇ ਸਬੂਤ ਕਿੱਥੇ ਹਨ ?

ਜਨ ਜਾਗਰਣ ਬਿਊਰੋ

**ਮੋਗਾ (ਲਛਮਣ ਜੀਤ ਸਿੰਘ ਪੁਰਬਾ):** ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਨੇ ਵੋਟਰ ਸੂਚੀ ਦੀ ਵਿਸ਼ੇਸ਼ ਗਹਿਰੀ ਸੋਧ (ਐਸਆਈਆਰ) ਦਾ ਵਿਰੋਧ ਕਰ ਰਹੇ ਕਾਂਗਰਸੀ ਆਗੂਆਂ ’ਤੇ ਤਿੱਖਾ ਹਮਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਅਤੇ ਵਿਰੋਧੀ ਪਾਰਟੀਆਂ ਵੋਟ ਚੋਰੀ ਦੇ ਦੋਸ਼ ਤਾਂ ਲਗਾ ਰਹੀਆਂ ਹਨ, ਪਰ ਇਨ੍ਹਾਂ ਦੋਸ਼ਾਂ ਨੂੰ ਸਾਬਤ ਕਰਨ ਲਈ ਕੋਈ ਠੋਸ ਸਬੂਤ ਪੇਸ਼ ਨਹੀਂ ਕਰ ਸਕ ਰਹੀਆਂ। ਡਾ. ਹਰਜੋਤ ਕਮਲ ਨੇ ਕਿਹਾ ਕਿ ਦੋ ਦਿਨ ਪਹਿਲਾਂ ਮੋਗਾ ਵਿੱਚ ਕਾਂਗਰਸੀ ਆਗੂਆਂ ਅਤੇ ਵਰਕਰਾਂ ਵੱਲੋਂ ਐਸਆਈਆਰ ਦੇ ਵਿਰੋਧ ਵਿੱਚ ਰੋਸ ਮਾਰਚ ਕੱਢਿਆ ਗਿਆ ਸੀ, ਪਰ ਉਹ ਇਹ ਸਾਬਤ ਕਰਨ ਲਈ ਕੋਈ ਠੋਸ ਸਬੂਤ ਪੇਸ਼ ਨਹੀਂ ਕਰ ਸਕੇ ਕਿ ਆਖ਼ਰ ਕਿਸ ਵਿਅਕਤੀ ਦੀ ਵੋਟ ਚੋਰੀ ਹੋਈ ਹੈ। ਉਨ੍ਹਾਂ ਨੇ ਦਿੱਲੀ ਵਿੱਚ ਵਿਰੋਧੀ ਧਿਰ ਦੇ ਆਗੂਆਂ ਵੱਲੋਂ ਰਾਸ਼ਟਰਪਤੀ ਨਾਲ ਕੀਤੀ ਗਈ ਮੁਲਾਕਾਤ ਦਾ ਜ਼ਿਕਰ ਕਰਦਿਆਂ ਕਿਹਾ ਕਿ ਕਾਂਗਰਸੀ ਆਗੂ ਰਾਹੁਲ ਗਾਂਧੀ ਦੀ ਅਗਵਾਈ ਹੇਠ ਵਿਰੋਧੀ ਧਿਰ ਦੇ ਪ੍ਰਮੁੱਖ ਆਗੂ ਰਾਸ਼ਟਰਪਤੀ ਨੂੰ ਮਿਲਣ ਪਹੁੰਚੇ ਸਨ। ਡਾ. ਕਮਲ ਅਨੁਸਾਰ, ਜਦੋਂ ਉਨ੍ਹਾਂ ਤੋਂ ਸਬੂਤਾਂ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਅਗਲੀ ਮੁਲਾਕਾਤ ਦੌਰਾਨ ਸਬੂਤ ਪੇਸ਼ ਕਰਨ ਦੀ ਗੱਲ ਕਹੀ। ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਨੇ ਦੋਸ਼ ਲਾਇਆ ਕਿ ਐਸਆਈਆਰ ਦਾ ਵਿਰੋਧ ਕਰਨ ਪਿੱਛੇ ਕਾਂਗਰਸ ਦੀ ਸਿਆਸੀ ਮਨਸ਼ਾ ’ਤੇ ਸਵਾਲ ਖੜ੍ਹੇ ਹੁੰਦੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਕੀ ਉਹ ਚਾਹੁੰਦੀ ਹੈ ਕਿ ਘੁਸਪੈਠੀਆਂ ਦੇ ਨਾਂ ਵੋਟਰ ਸੂਚੀ ਵਿੱਚ ਦਰਜ ਰਹਿਣ ਅਤੇ ਅਜਿਹੇ ਲੋਕ ਵੀ ਵੋਟ ਪਾਉਣ, ਜੋ ਨਿਯਮਾਂ ਅਨੁਸਾਰ ਵੋਟਰ ਸੂਚੀ ਵਿੱਚ ਸ਼ਾਮਲ ਹੋਣ ਦੇ ਯੋਗ ਨਹੀਂ ਹਨ। ਅੰਤ ਵਿੱਚ ਡਾ. ਹਰਜੋਤ ਕਮਲ ਨੇ ਕਿਹਾ ਕਿ ਜੇਕਰ ਕਾਂਗਰਸ ਕੋਲ ਵੋਟ ਚੋਰੀ ਦੇ ਪੁਖ਼ਤਾ ਸਬੂਤ ਹਨ, ਤਾਂ ਉਨ੍ਹਾਂ ਨੂੰ ਜਨਤਕ ਤੌਰ ’ਤੇ ਸਾਹਮਣੇ ਲਿਆਉਣਾ ਚਾਹੀਦਾ ਹੈ, ਤਾਂ ਜੋ ਸੱਚਾਈ ਦੇਸ਼ ਦੇ ਲੋਕਾਂ ਸਾਹਮਣੇ ਆ ਸਕੇ।



## ਵਧੀਕ ਜ਼ਿਲ੍ਹਾ ਚੋਣ ਅ਼ਫਸਰ ਵਲੋਂ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਦੀ ਹਾਜ਼ਰੀ ’ਚ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ

### ਜ਼ਿਲ੍ਹਾ ਫ਼ਿਰੋਜ਼ਪੁਰ ਵਿਚ 6,89,046 ਆਮ ਵੋਟਰ ਅਤੇ 2,529 ਸਰਵਿਸ ਵੋਟਰ ਦਰਜ

ਜਨ ਜਾਗਰਣ ਬਿਊਰੋ

**ਫਿਰੋਜ਼ਪੁਰ (ਪ੍ਰੇਮ ਨਾਥ ਸ਼ਰਮਾ) :** ਵਧੀਕ ਜ਼ਿਲ੍ਹਾ ਚੋਣ ਅਫ਼ਸਰ-ਕਮ-ਵਧੀਕ ਡਿਪਟੀ ਕਮਿਸ਼ਨਰ ਡਾ. ਅਮਨਦੀਪ ਕੌਰ ਵੱਲੋਂ ਅੱਜ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਦੀ ਹਾਜ਼ਰੀ ਵਿਚ ਯੋਗਤਾ ਮਿਤੀ 1 ਅਕਤੂਬਰ 2026 ਦੇ ਆਧਾਰ ’ਤੇ ਤਿਆਰ ਕੀਤੀਆਂ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ ਕੀਤੀ ਗਈ। ਇਸ ਮੌਕੇ ਵਿਧਾਨ ਸਭਾ ਹਲਕਾ-ਵਾਰ ਵੋਟਰਾਂ ਦੇ ਵੇਰਵੇ ਸਾਂਝੇ ਕੀਤੇ ਗਏ ਅਤੇ ਚੋਣ ਸੂਚੀਆਂ ਨਾਲ ਸਬੰਧਤ ਜਾਣਕਾਰੀ ਦਿੱਤੀ ਗਈ। ਇਸ ਮੌਕੇ ਵਧੀਕ ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਅੰਤਿਮ ਪ੍ਰਕਾਸ਼ਿਤ ਵੋਟਰ ਸੂਚੀਆਂ ਅਨੁਸਾਰ ਜ਼ਿਲ੍ਹਾ ਫ਼ਿਰੋਜ਼ਪੁਰ ਵਿਚ ਕੁੱਲ 6,89,046 ਆਮ ਵੋਟਰ ਦਰਜ ਹਨ, ਜਿਨ੍ਹਾਂ ਵਿਚ 3,56,140 ਪੁਰਸ਼, 3,32,887 ਮਹਿਲਾਵਾਂ ਅਤੇ 19 ਤੀਜੇ ਲਿੰਗ ਦੇ ਵੋਟਰ ਸ਼ਾਮਲ ਹਨ। ਇਸ ਤੋਂ ਇਲਾਵਾ ਜ਼ਿਲ੍ਹੇ ਵਿਚ 2,529 ਸਰਵਿਸ ਵੋਟਰ ਦਰਜ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਵਿਧਾਨ ਸਭਾ ਹਲਕਾ ਜ਼ੀਰਾ ਵਿਚ 1,82,831, ਫ਼ਿਰੋਜ਼ਪੁਰ ਸ਼ਹਿਰੀ ਵਿਚ 1,56,090, ਫ਼ਿਰੋਜ਼ਪੁਰ ਦਿਹਾਤੀ ਵਿਚ 1,86,365 ਅਤੇ ਗੁਰੂਹਰਸਹਾਏ ਵਿਚ 1,63,760 ਆਮ ਵੋਟਰ ਦਰਜ ਹਨ। ਡਾ. ਅਮਨਦੀਪ ਕੌਰ ਨੇ ਕਿਹਾ ਕਿ ਵੋਟਰ ਸੂਚੀਆਂ ਦੀ ਸੁਧਾਈ ਦੌਰਾਨ ਗੈਰ-ਹਾਜ਼ਰ, ਤਬਦੀਲ ਹੋਏ, ਮ੍ਰਿਤਕ ਅਤੇ ਡੁਪਲੀਕੇਟ ਵੋਟਰਾਂ ਨਾਲ ਸਬੰਧਤ ਵੇਰਵਿਆਂ ਦੀ ਵੀ ਜਾਂਚ ਕੀਤੀ ਗਈ। ਯੋਗ ਨਾਗਰਿਕ ਵੋਟਰ ਸੂਚੀ ਵਿੱਚ ਆਪਣਾ ਨਾਮ ਚੈੱਕ ਕਰਨ ਅਤੇ ਨਵੀਂ ਵੋਟ ਬਣਾਉਣ ਜਾਂ ਵੇਰਵਿਆਂ ਵਿੱਚ ਸੋਧ ਕਰਵਾਉਣ ਲਈ ਭਾਰਤ ਚੋਣ ਕਮਿਸ਼ਨ ਦੀ ਅਧਿਕਾਰਤ ਵੈੱਬਸਾਈਟ ਜਾਂ ਮੋਬਾਈਲ ਐਪ ਦੀ ਵਰਤੋਂ ਕਰ ਸਕਦੇ ਹਨ ਜਾਂ ਆਫਲਾਈਨ ਦਸਤੀ ਫਾਰਮ ਭਰਨ ਲਈ ਆਪਣੇ ਹਲਕੇ ਦੇ ਈ.ਆਰ.ਓ. ਦਫਤਰ ਜਾਂ ਬੂਥ ਲੈਵਲ ਅਫਸਰ ਦੀ ਸਹਾਇਤਾ ਲੈ ਸਕਦੇ ਹਨ। ਇਸ ਮੌਕੇ ਚੋਣ ਕਾਨੂੰਗੋ ਗਗਨਦੀਪ ਕੌਰ ਅਤੇ ਦਲਜੀਤ ਸਿੰਘ, ਜ਼ਿਲ੍ਹਾ ਪ੍ਰੋਗਰਾਮਰ ਤਰਲੋਚਨ ਸਿੰਘ, ਇਲੈਕਸ਼ਨ ਦਫ਼ਤਰ ਦਾ ਹੋਰ ਸਟਾਫ ਅਤੇ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦੇ ਆਦਿ ਹਾਜ਼ਰ ਸਨ।




## ਸਿਵਲ ਸਰਜਨ ਨੇ ਐਸਪੀਐਸ ਹਸਪਤਾਲ ’ਚ ਕੀਤਾ ‘ਕੇਅਰ ਐਂਡ ਕੰਫਰਟ ਲਾਊਂਜ’ ਦਾ ਉਦਘਾਟਨ

ਜਨ ਜਾਗਰਣ ਬਿਊਰੋ

**ਲੁਧਿਆਣਾ (ਰਾਜੇਸ਼ ਆਹੂਜਾ) :** 350 ਬੈੱਡਾਂ ਵਾਲੇ ਮਲਟੀ-ਸਪੈਸ਼ਲਿਟੀ ਐੱਸਪੀਐੱਸ ਹਸਪਤਾਲ ਵਿੱਚ ਮਰੀਜ਼ਾਂ ਨੂੰ ਬਿਹਤਰ ਸਹੂਲਤਾਂ, ਆਰਾਮਦਾਇਕ ਮਾਹੌਲ ਅਤੇ ਉੱਚ ਪੱਧਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਦੀ ਆਪਣੀ ਵਚਨਬੱਧਤਾ ਨੂੰ ਅੱਗੇ ਵਧਾਉਂਦੇ ਨਵੇਂ “ਕੇਅਰ ਐਂਡ ਕੰਫਰਟ ਲਾਊਂਜ (3 ਬੈੱਡਾਂ ਵਾਲੀ ਓਪੀਡੀ)”ਸਥਾਫਿਤ ਕੀਤਾ ਗਿਆ। ਸਿਵਲ ਸਰਜਨ ਡਾ. ਰਮਨਦੀਪ ਕੌਰ ਆਹਲੂਵਾਲੀਆ ਨੇ ਇਸ ਲਾਊਂਜ ਦਾ ਉਦਘਾਟਨ ਕੀਤਾ। ਸਮਾਗਮ ਦੌਰਾਨ ਹਸਪਤਾਲ ਪ੍ਰਬੰਧਕਾਂ, ਸੀਨੀਅਰ ਡਾਕਟਰਾਂ ਅਤੇ ਹੋਰ ਪਤਵੰਤਿਆਂ ਦੀ ਮੌਜੂਦਗੀ ਵਿੱਚ ਇਸ ਨਵੀਂ ਸਹੂਲਤ ਦੀ ਸ਼ੁਰੂਆਤ ਕੀਤੀ ਗਈ। ਇਹ ਲਾਊਂਜ ਵਿਸ਼ੇਸ਼ ਤੌਰ ’ਤੇ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਵਧੇਰੇ ਆਰਾਮਦਾਇਕ, ਸ਼ਾਂਤ ਅਤੇ ਸੁਵਿਧਾਜਨਕ ਮਾਹੌਲ ਪ੍ਰਦਾਨ ਕਰਨ ਦੇ ਉਦੇਸ਼ ਨਾਲ ਤਿਆਰ ਕੀਤਾ ਗਿਆ ਹੈ। ਮੁੱਖ ਮਹਿਮਾਨ ਵਜੋਂ ਡਾ. ਰਮਨਦੀਪ ਕੌਰ ਆਹਲੂਵਾਲੀਆ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਿਹਤ ਸੇਵਾਵਾਂ ਵਿੱਚ ਇਲਾਜ ਦੇ ਨਾਲ-ਨਾਲ ਮਰੀਜ਼ਾਂ ਦੀ ਸਹੂਲਤ ਅਤੇ ਸੰਤੁਸ਼ਟੀ ਵੀ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਨੇ ਐੱਸਪੀਐੱਸ ਹਸਪਤਾਲ ਨੂੰ ਇਸ ਨਵੀਂ ਸਹੂਲਤ ਲਈ ਵਧਾਈ ਦਿੰਦਿਆਂ ਕਿਹਾ ਕਿ ਅਜਿਹੀਆਂ ਪਹਿਲਕਦਮੀਆਂ ਸਿਹਤ ਸੇਵਾਵਾਂ ਦੀ ਗੁਣਵੱਤਾ ਨੂੰ ਹੋਰ ਬਿਹਤਰ ਬਣਾਉਂਦੀਆਂ ਹਨ ਅਤੇ ਮਰੀਜ਼ਾਂ ਦਾ ਭਰੋਸਾ ਮਜ਼ਬੂਤ ਕਰਦੀਆਂ ਹਨ। ਹਸਪਤਾਲ ਦੇ ਚੀਫ਼ ਓਪਰੇਟਿੰਗ ਅ਼ਫਸਰ (ਸੀਓਓ) ਯੋਗੇਂਦਰ ਨਾਥ ਅਵਧੀਆ ਨੇ ਕਿਹਾ ਕਿ ਹਸਪਤਾਲ ਲਗਾਤਾਰ ਆਪਣੇ ਬੁਨਿਆਦੀ ਢਾਂਚੇ ਅਤੇ ਸੇਵਾਵਾਂ ਨੂੰ ਆਧੁਨਿਕ ਬਣਾ ਰਿਹਾ ਹੈ, ਤਾਂ ਜੋ ਮਰੀਜ਼ਾਂ ਨੂੰ ਵਿਸ਼ਵ ਪੱਧਰੀ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਸਕਣ। ਇਸ ਮੌਕੇ ਸਤਿਗੁਰੂ ਉਦੈ ਸਿੰਘ ਨੇ ਐੱਸਪੀਐੱਸ ਹਸਪਤਾਲ ਦੀ ਇਸ ਪਹਿਲਕਦਮੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡੀ ਸੇਵਾ ਹੈ। ਉਨ੍ਹਾਂ ਕਿਹਾ ਕਿ ਬਿਹਤਰ ਇਲਾਜ ਦੇ ਨਾਲ-ਨਾਲ ਮਰੀਜ਼ਾਂ ਨੂੰ ਸਨਮਾਨ, ਸੰਵੇਦਨਸ਼ੀਲਤਾ ਅਤੇ ਆਰਾਮਦਾਇਕ ਮਾਹੌਲ ਪ੍ਰਦਾਨ ਕਰਨਾ ਵੀ ਸਿਹਤ ਸੇਵਾਵਾਂ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਹਸਪਤਾਲ ਪ੍ਰਬੰਧਨ ਨੇ ਦੱਸਿਆ ਕਿ ਐੱਸਪੀਐੱਸ ਹਸਪਤਾਲ ਆਧੁਨਿਕ ਤਕਨਾਲੋਜੀ, ਤਜਰਬੇਕਾਰ ਡਾਕਟਰਾਂ ਅਤੇ ਮਰੀਜ਼-ਕੇਂਦਰਿਤ ਸੇਵਾਵਾਂ ਰਾਹੀਂ ਖੇਤਰ ਦੇ ਲੋਕਾਂ ਨੂੰ ਉੱਚ ਗੁਣਵੱਤਾ ਵਾਲੀਆਂ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ। ਆਉਣ ਵਾਲੇ ਸਮੇਂ ਵਿੱਚ ਵੀ ਹਸਪਤਾਲ ਵੱਲੋਂ ਮਰੀਜ਼ਾਂ ਦੀ ਸਹੂਲਤ ਅਤੇ ਸਿਹਤ ਸੇਵਾਵਾਂ ਨੂੰ ਹੋਰ ਮਜ਼ਬੂਤ ਬਣਾਉਣ ਲਈ ਨਵੀਆਂ ਪਹਿਲਕਦਮੀਆਂ ਜਾਰੀ ਰੱਖੀਆਂ ਜਾਣਗੀਆਂ।



# ਬਰਬਰਿਕ ਨੇ ਧਰਮ ਦੀ ਰੱਖਿਆ ਅਤੇ ਭਗਵਾਨ ਕ੍ਰਿਸ਼ਨ ਦੇ ਵਚਨ ਨੂੰ ਕਾਇਮ ਰੱਖਣ ਲਈ ਬਰਬਾਰਿਕ ਨੇ ਆਪਣਾ ਸਿਰ ਕੀਤਾ ਦਾਨ: ਵਿਸ਼ਾਲ ਸ਼ੈਲੀ

ਜਨ ਜਾਗਰਣ ਬਿਊਰੋ



**ਲੁਧਿਆਣਾ (ਰਾਜੇਸ਼ ਆਹੂਜਾ):** ਚੰਡੀਗੜ੍ਹ ਰੋਡ 'ਤੇ ਕੋਹਾੜਾ ਚੌਕ ਨੇੜੇ ਨਵੇਂ ਬਣੇ ਸ਼੍ਰੀ ਖਾਟੂ ਸ਼ਿਆਮ ਸਾਲਾਸਰ ਮੰਦਰ ਵਿਖੇ ਟਰੱਸਟੀ ਪ੍ਰਦੀਪ ਮਿੱਤਲ, ਸੰਦੀਪ ਅਗਰਵਾਲ, ਐਲ.ਆਰ. ਮਿੱਤਲ ਅਤੇ ਅਨਿਲ ਮਿੱਤਲ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤੀ ਜਾ ਰਹੀ ਤਿੰਨ ਦਿਨਾਂ ਸੰਪੂਰਨ ਸ਼੍ਰੀ ਖਾਟੂ ਸ਼ਿਆਮ ਕਥਾ ਦੇ ਆਖਰੀ ਦਿਨ, ਕਥਾ ਵਿਆਸ ਵਿਸ਼ਾਲ ਸ਼ੈਲੀ ਨੇ ਸ਼੍ਰੀ ਖਾਟੂ ਸ਼ਿਆਮ ਦੀ ਕਹਾਣੀ ਸੁਣਾਉਂਦੇ ਹੋਏ ਕਿਹਾ ਕਿ ਖਾਟੂ ਸ਼ਿਆਮ ਜੀ ਬਰਬਰਿਕ ਸਨ, ਜੋ ਕਿ ਮਹਾਂਭਾਰਤ ਕਾਲ ਦੌਰਾਨ ਭੀਮ ਦੇ ਪੋਤੇ ਅਤੇ ਘਟੋਟਕਚ ਦੇ ਪੁੱਤਰ ਸਨ। ਉਨ੍ਹਾਂ ਕੋਲ ਤਿੰਨ ਅਚੱਲ ਤੀਰ ਸਨ, ਜਿਨ੍ਹਾਂ ਨਾਲ ਉਹ ਇੱਕ ਪਲ ਵਿੱਚ ਮਹਾਂਭਾਰਤ ਯੁੱਧ ਨੂੰ ਖਤਮ ਕਰ ਸਕਦੇ ਸਨ। ਜਦੋਂ ਭਗਵਾਨ ਕ੍ਰਿਸ਼ਨ ਨੇ ਉਨ੍ਹਾਂ ਦੀ ਪਰਖ ਕੀਤੀ, ਤਾਂ ਬਰਬਰਿਕ ਨੇ ਧਰਮ ਦੀ ਰੱਖਿਆ ਅਤੇ ਭਗਵਾਨ ਕ੍ਰਿਸ਼ਨ ਦੇ ਵਚਨ ਨੂੰ ਕਾਇਮ ਰੱਖਣ ਲਈ ਖੁਸ਼ੀ ਨਾਲ ਆਪਣਾ ਸਿਰ ਦਾਨ ਕਰ ਦਿੱਤਾ। ਉਨ੍ਹਾਂ ਦੀ ਮਹਾਨ ਸ਼ਰਧਾ ਤੋਂ ਖੁਸ਼ ਹੋ ਕੇ, ਸ਼੍ਰੀ ਕ੍ਰਿਸ਼ਨ ਨੇ ਉਨ੍ਹਾਂ ਨੂੰ ਵਰਦਾਨ ਦਿੱਤਾ ਕਿ ਕਲਯੁਗ ਵਿੱਚ, ਉਹ ਖੁਦ ÷ਸ਼ਿਆਮ÷ ਨਾਮ ਨਾਲ ਪੂਜੇ ਜਾਣਗੇ, ਜੋ ਕਿ ਭਗਵਾਨ ਕ੍ਰਿਸ਼ਨ ਤੋਂ ਲਿਆ ਗਿਆ ਹੈ। ਅੱਜ ਰਾਜਸਥਾਨ ਦੇ ਸੀਕਰ ਜ਼ਿਲ੍ਹੇ ਵਿੱਚ ਸਥਿਤ ਖਾਟੂ ਸ਼ਿਆਮ ਮੰਦਿਰ ਪੂਰੀ ਦੁਨੀਆ ਵਿੱਚ ਮਸ਼ਹੂਰ ਹੈ। ਕਥਾ ਉਪਰੰਤ ਪਰਮਾਨੰਦ ਅਗਰਵਾਲ ਪਰਿਵਾਰ ਵੱਲੋਂ ਭੰਡਾਰਾ ਪ੍ਰਸ਼ਾਦ ਵਰਤਾਇਆ ਗਿਆ। ਕਥਾ ਵਿੱਚ ਬਾਬਾ ਸ਼ਿਆਮ ਦੀ ਅਲੌਕਿਕ ਸਜਾਵਟ ਨਿਤਿਨ ਕਾਨਵ ਪਰਿਵਾਰ ਵੱਲੋਂ ਕੀਤੀ ਗਈ। ਇਸ ਮੌਕੇ ਅਭਿਸ਼ੇਕ ਗੁਪਤਾ, ਸੰਜੇ ਅਗਰਵਾਲ, ਵਿਜੇ ਗੋਇਲ, ਮਨੀਸ਼ ਬਾਜ਼ਾਰੀ, ਚੰਦਰੇਸ਼ ਭਾਰਦਵਾਜ, ਸੰਦੀਪ ਗੋਇਲ, ਅਤੁਲ ਵਾਲੀਆ, ਸਤੀਸ਼ ਮਿੱਤਲ, ਸੁਸ਼ੀਲ ਅਗਰਵਾਲ, ਬਲਰਾਜ ਸ਼ਰਮਾ, ਵਿਸ਼ਾਲ ਮਹੇਸ਼ਵਰੀ, ਦੀਪਕ ਭਾਰਦਵਾਜ, ਸਤੀਸ਼ ਗਰਗ, ਦੀਪਕ ਸਿੰਗਲਾ, ਵਿਨੋਦ ਮਿੱਤਲ ਗੋਇਲ, ਨਿਤਿਨੰਦ ਗੋਇਲ, ਏ. ਬਾਂਸਲ, ਦੀਪਕ ਮਿੱਤਲ, ਜਤਿੰਦਰ ਭਾਟੀਆ, ਪ੍ਰਦੀਪ ਰਾਠੀ, ਨਿਤਿਨ ਗਰਗ, ਪ੍ਰਦੀਪ ਯਾਦਵ, ਹਰੀਸ਼ ਗਰਗ, ਸੁਨੀਲ ਗੋਇਲ, ਨਵੀਨ ਬਹਿਲ, ਰਮੇਸ਼ ਗਰਗ, ਨਰੇਸ਼ ਅਗਰਵਾਲ, ਨਿਧੀ ਗੁਪਤਾ, ਵਿਨੋਦ ਗੋਲਡ ਆਦਿ ਨੇ ਵਿਸ਼ੇਸ਼ ਸਹਿਯੋਗ ਦਿੱਤਾ।

# ਪਿੰਡ ਝੰਡੇਆਣਾ ਗਰਬੀ 'ਚ ਕੀਤੀ ਪ੍ਰਭਾਵਸ਼ਾਲੀ ਮੀਟਿੰਗ

## ਝਾੜੂ ਸਰਕਾਰ 'ਚ ਵਿਕਾਸ ਨਾਂ ਦੀ ਕੋਈ ਚੀਜ਼ ਨਹੀਂ: ਬੁੱਕਣ ਵਾਲਾ



ਜਨ ਜਾਗਰਣ ਬਿਊਰੋ

**ਮੋਗਾ (ਲਛਮਣ ਜੀਤ ਸਿੰਘ ਪੁਰਬਾ):** ਅਗਵਾਈ ਕਰਤਾ ਤਰਨਦੀਪ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਸ ਵਕਤ ਪੰਜਾਬ ਵਿੱਚ ਨਸ਼ਿਆਂ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਸਿਖਰ ਤੇ ਪਹੁੰਚ ਚੁੱਕੀ ਹੈ,ਪਰ ਪੰਜਾਬ ਸਰਕਾਰ ਨਸ਼ਿਆਂ ਤੋਂ ਹੋਣ ਵਾਲੀਆਂ ਮੌਤਾਂ ਨੂੰ ਕੁਦਰਤੀ ਦੱਸ ਕੇ ਪਰਦਾ ਪਾ ਰਹੀ ਹੈ ਜਦੋਂ ਕਿ ਹਕੀਕਤ ਇਹ ਹੈ ਕਿ ਸਿਆਸੀ ਲੋਕਾਂ ਦੀ ਸ਼ਹਿ ਤੋਂ ਬਗੈਰ ਨਸ਼ੇ ਦਾ ਕਾਰੋਬਾਰ ਨਹੀਂ ਚੱਲ ਸਕਦਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਨਸ਼ਿਆਂ ਦੀ ਸਮੱਸਿਆ ਦਾ ਹੱਲ ਇੱਕੋ ਹੀ ਹੈ ਭਾਈ ਅੰਮ੍ਰਿਤਪਾਲ ਸਿੰਘ ਦੀ ਸਰਕਾਰ ਬਣਨੀ। ਜਦੋਂ ਭਾਈ ਅੰਮ੍ਰਿਤਪਾਲ ਸਿੰਘ ਦੀ ਸਰਕਾਰ ਬਣੀ ਤਾਂ ਨਸ਼ਿਆਂ ਨੂੰ ਜੜ੍ਹ ਤੋਂ ਖਾਤਮਾ ਕਰਨਾ ਸਾਡਾ ਪਹਿਲਾ ਕੰਮ ਹੋਵੇਗਾ। ਭਰਾ ਜਗਜਿੰਦਰ ਸਿੰਘ ਨੇ ਕਿਹਾ ਕਿ 2027 ਦੀ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਉਹ ਮੋਗਾ ਹਲਕੇ ਦੇ ਪਿੰਡ-ਪਿੰਡ ਜਾ ਕੇ ਅਕਾਲੀ ਦਲ ਵਾਰਿਸ ਪੰਜਾਬ ਦੇ ਪਾਰਟੀ ਦੀ ਮਜ਼ਬੂਤੀ ਲਈ ਮੀਟਿੰਗਾਂ ਕਰ ਰਹੇ ਹਨ ਅਤੇ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾ ਰਹੇ ਹਨ ਅਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਪਾਰਟੀ ਬਣਨ ਤੋਂ ਪਹਿਲਾਂ ਜਦੋਂ ਭਾਈ ਅਮ੍ਰਿਤਪਾਲ ਸਿੰਘ ਖਾਲਸਾ ਨੇ ਖਾਲਸਾ ਵਹੀਰ ਸ਼ੁਰੂ ਕਰ ਕੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਆ ਤਾਂ ਹਜ਼ਾਰਾਂ ਹੀ ਨੌਜਵਾਨ ਨਸ਼ਾ ਛੱਡ ਕੇ ਗੁਰੂ ਵਾਲੇ ਬਣੇ ਤੇ ਅਮ੍ਰਿਤ ਪਾਨ ਕਰਕੇ ਖਾਲਸੇ ਸਜੇ। ਇਕੱਠ ਨੂੰ ਸੰਬੋਧਨ ਕਰਦਿਆਂ ਦਵਿੰਦਰ ਰਣੀਆ ਨੇ ਕਿਹਾ ਕਿ ਇਨਕਲਾਬ ਦਾ ਨਾਅਰਾ ਲੈ ਕੇ ਸੱਤਾ ਵਿੱਚ ਆਈ ਆਪ ਸਰਕਾਰ ਨੇ ਲੋਕਾ ਦਾ ਬੁਰਾ ਹਾਲ ਕਰਕੇ ਰੱਖ ਦਿੱਤਾ ਹੈ ਲਾਅ ਐਂਡ ਆਰਡਰ ਬੁਰੀ ਤਰ੍ਹਾਂ ਫੇਲ੍ਹ ਹੈ। ਇਸ ਮੌਕੇ ਬਲਜੀਤ ਸਿੰਘ ਜੱਸ ਮੰਗੇਵਾਲਾ, ਜਗਰਾਜ ਸਿੰਘ ਸਰਪੰਚ, ਸੁਖਦੀਪ ਸਿੰਘ, ਜਸਕਰਨ ਸਿੰਘ,ਲਾਲ ਸਿੰਘ ਮੈਂਬਰ, ਡਾਕਟਰ ਸਾਹਿਬ ਸਿੰਘ, ਕੇਵਲ ਸੰਘ, ਗੁਰਵਿੰਦਰ ਸਿੰਘ, ਹਰਪ੍ਰੀਤ ਸਿੰਘ,ਬੂਟਾ ਸਿੰਘ,ਹੀਰਾ ਬਾਬਾ, ਜਸਵੰਤ ਸਿੰਘ, ਬਲਵੀਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਵਰਕਰ ਸ਼ਾਮਲ ਸਨ।


**ਬਾ-ਅਦਾਲਤ ਸਹਾਇਕ ਕੁਲੈਕਟਰ ਦਰਜਾ ਅੱਵਲ-ਕਮ-ਨਾਇਬ ਤਹਿਸੀਲਦਾਰ ਬਾਲਿਆਂਵਾਲੀ**

ਵਿਸ਼ਾ- ਤਕਸੀਮ ਕੇਸ 1. ਟਹਿਲ ਸਿੰਘ ਪੁੱਤਰ ਕਰਤਾਰ ਸਿੰਘ ਪੁੱਤਰ ਕਿਰਪਾਲ ਸਿੰਘ ਵਗੈਰਾ ਵਾਸੀਆਨ ਸੂਚ ਤਹਿਸੀਲ ਮੌੜ ਜਿਲ੍ਹਾ ਬਠਿੰਡਾ।

**ਬਨਾਮ**

1.ਜਸਵੀਰ ਕੌਰ ਵਿਧਵਾ ਹਰਮੇਲ ਸਿੰਘ ਪੁੱਤਰ ਸਰਵਨ ਸਿੰਘ ਵਗੈਰਾ ਵਾਸੀਆਨ ਸੂਚ ਤਹਿਸੀਲ ਮੋੜ ਜਿਲਾ ਬਠਿੰਡਾ ਰਕਬਾ (85-4)

ਨੋਟਿਸ ਬਨਾਮ-1 (ਬਾਹਰ ਰਹਿੰਦੀਆਂ ਧਿਰਾਂ) 1.ਸਿਮਰਜੀਤ ਕੌਰ ਪੁੱਤਰੀ ਬਲਵੀਰ ਸਿੰਘ ਪੁੱਤਰ ਸਰਵਨ ਸਿੰਘ 2.ਸਮਸੇਰ ਸਿੰਘ ਪੁੱਤਰ ਹਰਮੇਲ ਸਿੰਘ ਪੁੱਤਰ ਸਰਵਨ ਸਿੰਘ 3.ਪਰਮਜੀਤ ਕੌਰ ਪੁੱਤਰੀ ਰੂਪ ਸਿੰਘ ਪੁੱਤਰ ਸਰਵਨ ਸਿੰਘ 4.ਸੁਖਵਿੰਦਰ ਸਿੰਘ ਪੁੱਤਰ ਦਰਸਨ ਸਿੰਘ ਪੁੱਤਰ ਪਰੀਤਮ ਸਿੰਘ 5. ਕੁਲਵਿੰਦਰ ਸਿੰਘ ਪੁੱਤਰ ਦਰਸਨ ਸਿੰਘ ਪੁੱਤਰ ਪਰੀਤਮ ਸਿੰਘ 6.ਰਿੰਪੀ ਸਿੰਘ ਪੁੱਤਰ ਦਰਸਨ ਸਿੰਘ ਪੁੱਤਰ ਪਰੀਤਮ ਸਿੰਘ 7.ਰਣਜੀਤ ਸਿੰਘ ਪੁੱਤਰ ਬਲਵੀਰ ਸਿੰਘ ਪੁੱਤਰ ਸੁਰਜਨ ਸਿੰਘ 8.ਸੁਖਜੀਤ ਸਿੰਘ ਪੁੱਤਰ ਬਲਵੀਰ ਸਿੰਘ ਪੁੱਤਰ ਸੁਰਜਨ ਸਿੰਘ 9. ਬਲਜਿੰਦਰ ਸਿੰਘ ਪੁੱਤਰ ਜਗਰਾਜ ਸਿੰਘ ਪੁੱਤਰ ਮੁਕੰਦ ਸਿੰਘ ਵਾਸੀਆਨ ਸੂਚ ਤਹਿਸੀਲ ਮੌੜ ਜਿਲਾ ਬਠਿੰਡਾ ਅਤੇ 10.ਯੂਨੀਅਨ ਬੈਂਕ ਆਫ ਇੰਡੀਆ ਬਰਾਂਚ ਰਾਮਪੁਰਾ ਫੂਲ ਮੈਨੇਜਰ ਬੈਂਕ ਮਜਕੂਰ।

ਨੋਟਿਸ ਬਨਾਮ-2) ਫੌਤ ਹੋਈਆਂ ਧਿਰਾਂ ਸਬੰਧੀ।

ਗੁਰਦੇਵ ਸਿੰਘ ਪੁੱਤਰ ਕਰਤਾਰ ਸਿੰਘ ਪੁੱਤਰ ਕਿਰਪਾਲ ਸਿੰਘ, ਕਰਨੈਲ ਕੌਰ ਵਿਧਵਾ ਬਲਵੀਰ ਸਿੰਘ ਪੁੱਤਰ ਸਰਵਨ ਸਿੰਘ ਵਾਸੀਆਨ ਸੂਚ ਤਹਿਸੀਲ ਮੌੜ ਦੇ ਵਾਰਿਸ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਾਇਲ ਟਹਿਲ ਸਿੰਘ ਨੇ ਇਸ ਅਦਾਲਤ ਵਿਖੇ ਕੇਸ ਤਕਸੀਮ ਦਾਇਰ ਕੀਤਾ ਹੋਇਆ ਹੈ। ਇਸ ਕੇਸ ਵਿੱਚ ਅਦਾਲਤ ਨੂੰ ਪੂਰਾ ਯਕੀਨ ਹੋ ਚੁੱਕਾ ਹੈ ਕਿ ਉਕਤ ਮਸੂਲ ਇਲਮਾ ਅਤੇ ਹੋਰਾਂ ਦੀ ਇਤਲਾਹ ਮਾਮੂਲੀ ਤਰੀਕੇ ਅਤੇ ਸੰਮਨਾ ਨਾਲ ਨਹੀ ਹੋ ਸਕਦੀ। ਇਸ ਲਈ ਇਸ ਨੋਟਿਸ ਰਾਂਹੀ ਹਰ ਆਮ ਅਤੇ ਖਾਸ ਵਿਅਕਤੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਅਗਰ (ਇਸ ਰਕਬੇ ਨਾਲ ਸਬੰਧਤ ਵਿਅਕਤੀਆਨ) ਅਤੇ ਹੋਰ ਕਿਸੇ ਵੀ ਵਿਅਕਤੀ ਨੂੰ ਇਸ ਮੁਕੱਦਮੇ ਵਿੱਚ ਕੋਈ ਉਜਰ ਹੈ ਤਾਂ ਉਹ ਇਹ ਇਸ਼ਤਿਹਾਰ ਛੱਪਣ ਤੋਂ 15 ਦਿਨਾ ਦੇ ਅੰਦਰ ਅੰਦਰ ਖੁਦ ਜਾ ਵਕੀਲ ਰਾਂਹੀ ਹਾਜਰ ਅਦਾਲਤ ਆਕਰ ਪੈਰਵਾਈ ਕਰ ਸਕਦਾ ਹੈ। ਬਾਅਦ ਗੁਜਰਨੇ ਮਿਆਦ ਕੋਈ ਵੀ ਇਤਰਾਜ ਕਾਬਲੇ ਸਮਾਇਤ ਨਾ ਹੋਵੇਗਾ।

ਇਹ ਇਸ਼ਤਿਹਾਰ ਅੱਜ ਮਿਤੀ 07/10/2026 ਨੂੰ ਮੇਰੇ ਦਸਤਖਤਾਂ ਅਤੇ ਮੋਹਰ ਅਦਾਲਤ ਨਾਲ ਜਾਰੀ ਹੋਇਆ ਹੈ।

**ਬਾ-ਅਦਾਲਤ ਸਹਾਇਕ ਕੁਲੈਕਟਰ ਦਰਜਾ ਅੱਵਲ -ਕਮ-ਨਾਇਬ ਤਹਿਸਲੀਦਾਰ, ਬਾਲਿਆਂਵਾਲੀ।**

**ਉੱਤਰ ਰੇਲਵੇ**

**ਟੈਂਡਰ ਸੂਚਨਾ**

ਸੀਨੀ. ਮੰਡਲ ਯਾਂਤ੍ਰਿਕ ਇੰਜੀਨੀਅਰ, ਉੱਤਰ ਰੇਲਵੇ, ਡੀ.ਐਮ.ਯੂ. ਕਾਰ ਸ਼ੇਡ, ਜਲੰਧਰ ਸ਼ਹਿਰ, ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੇ ਕੰਮ ਦੇ ਲਈ ਨਿਰਧਾਰਿਤ ਪ੍ਰਫੋਰਮੇ ਉਤੇ ਈ-ਟੈਂਡਰ ਮੰਗ ਕੀਤੀ ਜਾਂਦੀ ਹੈ।

| | |
|---|---|
| ਕੰਮ ਦਾ ਨਾਮ | ਡੀਐਮਯੂ ਕਾਰ ਸ਼ੇਡ, ਜਲੰਧਰ ਸਿਟੀ ਵਿਚ 03 ਸਾਲ ਦੇ ਸਮੇਂ ਦੇ ਲਈ DEMU ਕੋਚਾਂ ਦੀ ਦੇਖਰੇਖ ਅਤੇ ਰੱਖ-ਰੱਖਾਵ। |
| ਅਨੁਮਾਨਿਤ ਲਾਗਤ | ਰੁ:4,13,12,297 (ਰੁ: ਚਾਰ ਕਰੋੜ ਤੇਰਾਂ ਲੱਖ ਬਾਰਹ ਹਜ਼ਾਰ ਦੋ ਸੋ ਸਤਾਨਵੇ |
| ਬਿਆਨਾ ਰਾਸ਼ੀ | ਰੁ:8,26,300 ਰੁ:- (ਰੁ: ਅੱਠ ਲੱਖ ਛਬੀਸ ਹਜ਼ਾਰ ਤਿੰਨ ਸੋ ਕੇਵਲ) |
| ਟੈਂਡਰ ਦੀ ਉਪਲਬਧਤਾ | 10.10.2026 |
| ਟੈਂਡਰ ਜਮਾਂ ਕਰਨ ਦੀ ਆਖਰੀ ਮਿਤੀ ਅਤੇ ਸਮਾਂ | ਮਿਤੀ02.11.2026 ਨੂੰ 15.00 ਵਜੇ ਤਕ |
| ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਮਿਤੀ02.11.2026 ਨੂੰ 15.15 ਵਜੇ |
| ਵੈਧਤਾ | ਖੁਲਣ ਦੀ ਮਿਤੀ ਤੋਂ 60 ਦਿਨ ਤਕ |
| ਟੈਂਡਰ ਦਾ ਪ੍ਰਕਾਰ | ਖੁਲੀ ਟੈਂਡਰ (ਏਕਲ ਪੈਕੇਟ ਪ੍ਰਣਾਲੀ) |
| ਕੰਮ ਦਾ ਸਮਾਂ | 36 ਮਹੀਨੇ |
| ਵੇਬਸਾਈਟ | www.ireps.gov.in |

ਟੈਂਡਰ ਨੰਬਰ: 03-2026-27-ਡੀਈਐਮਯੂ-ਜਲੰਧਰ ਸ਼ਹਿਰ ਮਿਤੀ : 10.10.2026 3535/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


## ਸੰਖੇਪ ਖਬਰਾਂ

### ਅੰਮ੍ਰਿਤਸਰ 'ਚ ਏ ਐੱਸ ਆਈ 'ਤੇ ਹਮਲਾ ਕਰਨ ਦੇ ਦੋਸ਼ 'ਚ ਤਿੰਨ ਕਾਬੂ

**ਅੰਮ੍ਰਿਤਸਰ (ਜਨ ਜਾਗਰਣ ਬਿਊਰੋ) :** ਪੁਲੀਸ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਨੇ ਰੇਲਵੇ ਪੁਲੀਸ (ਜੀ ਆਰ ਪੀ) ਦੇ ਏ ਐੱਸ ਆਈ ਸੁਖਚੈਨ ਸਿੰਘ 'ਤੇ ਹੋਏ ਜਾਨਲੇਵਾ ਹਮਲੇ ਦੇ ਮਾਮਲੇ 'ਚ ਤਿੰਨ ਮੁੱਖ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਆਈ ਜੀ ਬਾਰਡਰ ਰੇਂਜ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ 4 ਅਕਤੂਬਰ ਨੂੰ ਜਗਦੇਵ ਖੁਰਦ ਨੇੜੇ ਜੀ ਆਰ ਪੀ ਵਿੱਚ ਤਾਇਨਾਤ ਏ ਐੱਸ ਆਈ ਸੁਖਚੈਨ ਸਿੰਘ 'ਤੇ ਮੋਟਰਸਾਈਕਲ ਸਵਾਰ ਤਿੰਨ ਜਣਿਆਂ ਨੇ ਗੋਲੀਆਂ ਚਲਾਈਆਂ ਸਨ। ਇੱਕ ਗੋਲੀ ਸੁਖਚੈਨ ਸਿੰਘ ਦੀ ਬਾਂਹ ਵਿੱਚ ਲੱਗੀ ਸੀ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਤੋਂ ਪੁੱਛ ਪੜਤਾਲ ਦੌਰਾਨ ਸਾਹਮਣੇ ਆਇਆ ਹੈ ਕਿ ਇਹ ਮੋਡਿਊਲ ਪਾਕਿਸਤਾਨ ਆਧਾਰਿਤ ਆਈ ਐੱਸ ਆਈ ਅਤੇ ਵਿਦੇਸ਼ਾਂ ਵਿੱਚ ਬੈਠੇ ਹੈਂਡਲਰਾਂ ਦੇ ਇਸ਼ਾਰਿਆਂ 'ਤੇ ਕੰਮ ਕਰ ਰਿਹਾ ਸੀ। ਪੁਲੀਸ ਨੇ ਇਸ ਮਾਮਲੇ ਵਿੱਚ ਸਿਮਰਨਜੀਤ ਸਿੰਘ ਉਰਫ਼ ਸਿਮਰ, ਬਲਜੀਤ ਸਿੰਘ ਅਤੇ ਮੁੱਖ ਸ਼ੂਟਰ ਬਲਜੀਤ ਸਿੰਘ ਉਰਫ਼ ਗੋਰੀ ਨੂੰ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਦੱਸਿਆ ਕਿ ਮਾਮਲੇ ਦੀ ਜਾਂਚ ਦੌਰਾਨ ਸਬੂਤ ਇਕੱਠੇ ਕਰਨ ਅਤੇ ਮੁਲਜ਼ਮਾਂ ਵੱਲੋਂ ਵਾਰਦਾਤ ਤੋਂ ਬਾਅਦ ਭੱਜਣ ਲਈ ਵਰਤੇ ਗਏ ਰਸਤੇ ਦੀ ਪੁਸ਼ਟੀ ਕਰਨ ਵਾਸਤੇ ਅਜਨਾਲਾ ਪੁਲੀਸ ਦੀ ਟੀਮ ਮੁੱਖ ਸ਼ੂਟਰ ਬਲਜੀਤ ਗੋਰੀ ਨੂੰ ਘਟਨਾ ਵਾਲੀ ਥਾਂ 'ਤੇ ਲੈ ਕੇ ਗਈ ਸੀ। ਪੁਲੀਸ ਟੀਮ ਜਦੋਂ ਗੱਡੀ ਵਿੱਚੋਂ ਹੇਠਾਂ ਉਤਰ ਰਹੀ ਸੀ ਤਾਂ ਮੁਲਜ਼ਮ ਬਲਜੀਤ ਗੋਰੀ ਨੇ ਅਚਾਨਕ ਸਬ-ਇੰਸਪੈਕਟਰ ਦਾ ਸਰਵਿਸ ਰਿਵਾਲਵਰ ਖੋਹ ਲਿਆ ਅਤੇ ਭੱਜਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਪੁਲੀਸ ਮੁਲਾਜ਼ਮਾਂ ਅਤੇ ਮੁਲਜ਼ਮ ਵਿਚਾਲੇ ਹੱਥੋਪਾਈ ਹੋ ਗਈ ਅਤੇ ਦੋ ਗੋਲੀਆਂ ਵੀ ਚੱਲੀਆਂ। ਪਹਿਲੀ ਗੋਲੀ ਪੁਲੀਸ ਦੀ ਗੱਡੀ ਦੀ ਛੱਤ ਨੂੰ ਪਾਰ ਕਰ ਗਈ, ਜਦਕਿ ਦੂਜੀ ਗੋਲੀ ਮੁਲਜ਼ਮ ਬਲਜੀਤ ਗੋਰੀ ਦੀ ਲੱਤ ਵਿੱਚ ਲੱਗੀ। ਪੁਲੀਸ ਮੁਲਾਜ਼ਮਾਂ ਨੇ ਤੁਰੰਤ ਕਾਰਵਾਈ ਕਰਦਿਆਂ ਮੁਲਜ਼ਮ ਨੂੰ ਕਾਬੂ ਕਰ ਲਿਆ ਅਤੇ ਇਲਾਜ ਲਈ ਅਜਨਾਲਾ ਦੇ ਹਸਪਤਾਲ ਵਿੱਚ ਦਾਖ਼ਲ ਕਰਵਾਇਆ।

### ਤਰਨ ਤਾਰਨ 'ਚ ਏ ਐੱਸ ਆਈ ਦੀ ਗੋਲੀਆਂ ਮਾਰ ਕੇ ਹੱਤਿਆ

**ਤਰਨ ਤਾਰਨ (ਜਨ ਜਾਗਰਣ ਬਿਊਰੋ) :** ਫ਼ਿਰੋਜ਼ਪੁਰ ਦੇ ਸੀ ਆਈ ਏ (391) ਸਟਾਫ਼ ਵਿੱਚ ਤਾਇਨਾਤ ਇੱਕ ਸਹਾਇਕ ਸਬ-ਇੰਸਪੈਕਟਰ (ਏ ਐੱਸ ਆਈ) ਦੀ ਐਤਵਾਰ ਸ਼ਾਮ ਤਰਨ ਤਾਰਨ ਜ਼ਿਲ੍ਹੇ ਦੇ ਲੌਹੁਕਾ ਰੋਡ 'ਤੇ ਅਣਪਛਾਤੇ ਹਥਿਆਰਬੰਦ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਜਿਸ ਦੀ ਪਛਾਣ ਇਕਬਾਲ ਸਿੰਘ ਵਜੋਂ ਹੋਈ ਜੋ ਥਾਣਾ ਸਰਹਾਲੀ ਅਧੀਨ ਪੈਂਦੇ ਪਿੰਡ ਨੌਸ਼ਹਿਰਾ ਪੰਨੂਆਂ ਦਾ ਰਹਿਣ ਵਾਲਾ ਸੀ। ਜਾਣਕਾਰੀ ਅਨੁਸਾਰ ਜਦੋਂ ਉਹ ਫ਼?ਰੋਜ਼ਪੁਰ ਵਿਚ ਆਪਣੀ ਡਿਊਟੀ ਖ਼ਤਮ ਕਰਕੇ ਘਰ ਪਰਤ ਰਿਹਾ ਸੀ, ਉਦੋਂ ਹਮਲਾਵਰਾਂ ਨੇ ਉਸ ਨੂੰ ਘੇਰ ਲਿਆ ਅਤੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ। ਇਸ ਦੌਰਾਨ ਉਹ ਗੰਭੀਰ ਜ਼ਖ਼ਮੀ ਹੋ ਗਿਆ ਅਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲੀਸ ਨੇ ਦੱਸਿਆ ਕਿ ਹਮਲਾਵਰਾਂ ਦੀ ਪਛਾਣ ਅਤੇ ਹੱਤਿਆ ਦੇ ਪਿੱਛੇ ਦੇ ਕਾਰਨਾਂ ਦਾ ਤੁਰੰਤ ਪਤਾ ਨਹੀਂ ਲੱਗ ਸਕਿਆ ਹੈ। ਤਰਨ ਤਾਰਨ ਦੇ ਐੱਸ ਐੱਸ ਪੀ ਸੁਰਿੰਦਰ ਲਾਂਬਾ ਸਮੇਤ ਸੀਨੀਅਰ ਪੁਲੀਸ ਅਧਿਕਾਰੀ ਮੌਕੇ 'ਤੇ ਪਹੁੰਚੇ ਅਤੇ ਜਾਂਚ ਸ਼ੁਰੂ ਕਰ ਦਿੱਤੀ। ਇਹ ਹੱਤਿਆ ਪੰਜਾਬ ਵਿੱਚ ਪੁਲੀਸ ਮੁਲਾਜ਼ਮਾਂ 'ਤੇ ਹੋ ਰਹੇ ਹਮਲਿਆਂ ਦੀ ਲੜੀ ਦੌਰਾਨ ਕੀਤੀ ਗਈ ਹੈ। ਇਸ ਸਾਲ ਵੱਖ-ਵੱਖ ਘਟਨਾਵਾਂ ਵਿੱਚ ਪਹਿਲਾਂ ਹੀ ਚਾਰ ਪੁਲੀਸ ਮੁਲਾਜ਼ਮ ਮਾਰੇ ਜਾ ਚੁੱਕੇ ਹਨ, ਜਦਕਿ ਦੋ ਹੋਰ ਹਮਲਿਆਂ ਵਿੱਚ ਬਚ ਗਏ ਸਨ। ਇਸ ਤੋਂ ਪਹਿਲਾਂ 17-18 ਸਤੰਬਰ ਦੀ ਦਰਮਿਆਨੀ ਰਾਤ ਨੂੰ ਪੀ ਸੀ ਆਰ ਡਿਊਟੀ ਦੌਰਾਨ ਅੰਮ੍ਰਿਤਸਰ ਦੀ ਭਗਤਾਂਵਾਲਾ ਦਾਣਾ ਮੰਡੀ ਨੇੜੇ ਏ ਐੱਸ ਆਈ ਹਰਜੀਤ ਸਿੰਘ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।

# ਗੁਰਦੁਆਰਾ ਸ਼ਹੀਦਾਂ ਫੇਰੂਮਾਨ 'ਚ ਸਪਤਾਹਿਕ ਗੁਰਮਤਿ ਸਮਾਗਮ 'ਚ ਸੰਗਤਾਂ ਨੇ ਗੁਰਬਾਣੀ ਕੀਰਤਨ ਦਾ ਆਨੰਦ ਮਾਣਿਆ




ਜਨ ਜਾਗਰਣ ਬਿਊਰੋ

**ਲੁਧਿਆਣਾ (ਕੁਲਵਿੰਦਰ ਸਿੰਘ ਸਲੇਮ ਟਾਬਰੀ):** ਗੁਰਦੁਆਰਾ ਸ਼ਹੀਦਾਂ ਫੇਰੂਮਾਨ, ਨੇੜੇ ਢੋਲੇਵਾਲ ਚੌਂਕ ਵਿਖੇ ਵੱਡੀ ਗਿਣਤੀ ਵਿਚ ਸੰਗਤਾਂ ਨੇ ਗੁਰਬਾਣੀ ਕੀਰਤਨ ਦਾ ਆਨੰਦ ਮਾਣਿਆ ਅਤੇ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਸਮਾਗਮ ਦੌਰਾਨ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਦੀਪ ਸਿੰਘ ਜੈਪੁਰ ਵਾਲੇ, ਭਾਈ ਪਰਮਵੀਰ ਸਿੰਘ ਲੁਧਿਆਣਾ ਵਾਲੇ, ਭਾਈ ਹਰਪ੍ਰੀਤ ਸਿੰਘ ਖਾਲਸਾ ਅਤੇ ਭਾਈ ਗੁਰਮੇਲ ਸਿੰਘ ਬਰਨਾਲਾ ਵਾਲਿਆਂ ਤੋਂ ਇਲਾਵਾ ਵਿਸ਼ੇਸ਼ ਤੌਰ ਤੇ ਭਾਈ ਰਜ਼ੇਸ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਹੀਬ ਵਾਲਿਆਂ ਅਤੇ ਉਨ੍ਹਾਂ ਦੇ ਜੱਥੇ ਵੱਲੋਂ ਗੁਰਬਾਣੀ ਦਾ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਐਡਵੋਕੇਟ ਬਲਵਿੰਦਰ ਸਿੰਘ ਲਾਇਲਪੁਰੀ ਨੇ ਸੰਗਤਾਂ ਧੰਨਵਾਦ ਕੀਤਾ। ਗੁਰਦੁਆਰਾ ਸਾਹਿਬ ਦੇ ਹਜ਼ੂਰੀ ਕਥਾ ਵਾਚਕ ਗਿਆਨੀ ਮਨਪ੍ਰੀਤ ਸਿੰਘ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਤਰਲੋਚਨ ਸਿੰਘ ਬੱਬਰ, ਤੇਜਿੰਦਰ ਸਿੰਘ ਡੰਗ, ਇੰਦਰਜੀਤ ਸਿੰਘ ਗੋਲਾ, ਮਨਪ੍ਰੀਤ ਸਿੰਘ ਪ੍ਰਿੰਸ, ਜਸਵੀਰ ਸਿੰਘ ਬੱਬਲੂ, ਬਲਜੀਤ ਸਿੰਘ ਦੁਖੀਆ, ਜਤਿੰਦਰਪਾਲ ਸਿੰਘ ਸਲੂਜਾ, ਅਰਜਨ ਸਿੰਘ ਚੀਮਾ, ਮੋਹਨ ਸਿੰਘ ਚੌਹਾਨ, ਸੁਰਿੰਦਰਜੀਤ ਸਿੰਘ ਮੱਕੜ, ਇੰਦਰਜੀਤ ਸਿੰਘ ਮੱਕੜ, ਸਵਰਨ ਸਿੰਘ ਮਹੌਲੀ, ਸੁਰਜੀਤ ਸਿੰਘ ਮਠਾੜੂ, ਜਥੇਦਾਰ ਲਖਵਿੰਦਰ ਸਿੰਘ ਲੱਖਾ, ਪ੍ਰਭਜੋਤ ਸਿੰਘ ਇਆਲੀ, ਅਵਤਾਰ ਸਿੰਘ ਪਨੇਸਰ, ਪ੍ਰੀਤਮ ਸਿੰਘ ਮਣਕੂ, ਪਰਮਿੰਦਰ ਸਿੰਘ, ਰਵਿੰਦਰ ਸਿੰਘ, ਬੀਬੀ ਰਵਿੰਦਰ ਕੌਰ ਕਾਲੜਾ, ਰਵਨੀਤ ਕੌਰ ਖੇੜੀ ਕਲਾਂ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਗੁਰੂ ਘਰ ਨਤਮਸਤਕ ਹੋਈਆਂ।

# ਵਿਸ਼ਵ ਮਾਨਸਿਕ ਸਿਹਤ ਦਿਵਸ ਮੌਕੇ ਮਾਨਸਿਕ ਰੋਗਾਂ ਤੋਂ ਬਚਾਉ ਸਬੰਧੀ ਜਾਗਰੂਕਤਾ ਕੈਂਪ ਲਗਾਇਆ

## ਤਣਾਅ ਬਣਦਾ ਹੈ ਬਿਮਾਰੀਆ ਦਾ ਕਾਰਨ: ਡਾ. ਸੁਦੀਪ ਸਿੱਧੂ

ਜਨ ਜਾਗਰਣ ਬਿਊਰੋ




ਸੀ.ਐਚ.ਸੀ ਮਾਨੂੰਪੁਰ ਵਿਖੇ ਮਾਨਸਿਕ ਰੋਗਾਂ ਤੋਂ ਬਚਾਉ ਸਬੰਧੀ ਜਾਗਰੂਕਤਾ ਕੈਪ ਲਗਾਏ ਜਾਣ ਦਾ ਦ੍ਰਿਸ਼।

**ਸਮਰਾਲਾ (ਮਹਿੰਦਰ ਸਿੰਘ) :** ਵਿਸਵ ਮਾਨਸਿਕ ਸਿਹਤ ਦਿਵਸ ਮੌਕੇ ਸਿਵਲ ਸਰਜਨ ਲੁਧਿਆਣਾ ਡਾ. ਰਮਨਦੀਪ ਕੌਰ ਅਤੇ ਸੀਨੀਅਰ ਮੈਡੀਕਲ ਅਫਸਰ ਸੀ. ਐਚ.ਸੀ ਮਾਨੂੰਪੁਰ ਡਾ. ਸੁਦੀਪ ਸਿੱਧੂ ਦੀ ਅਗਵਾਈ ਵਿੱਚ ਸੀ.ਐਚ.ਸੀ ਮਾਨੂੰਪੁਰ ਵਿਖੇ ਮਾਨਸਿਕ ਰੋਗਾਂ ਤੋਂ ਬਚਾਉ ਸਬੰਧੀ ਜਾਗਰੂਕਤਾ ਕੈਪ ਲਗਾਇਆ ਗਿਆ। ਇਸ ਮੌਕੇ ਡਾ. ਸੁਦੀਪ ਸਿੱਧੂ ਨੇ ਕਿਹਾ ਅੱਜ ਦੇ ਸਮੇਂ ਚ ਜਿੰਦਗੀ ਦੀ ਭੱਜ ਦੌੜ ਇਨਸਾਨ ਅੰਦਰ ਤਣਾਅ ਪੈਦਾ ਕਰ ਰਹੀ ਹੈ ਜੇ ਤਣਾਅ ਲੰਬੇ ਸਮੇਂ ਤੱਕ ਰਹੇ ਤਾ ਇਹ ਦਿਲ ਦੀਆਂ ਬਿਮਾਰੀਆਂ, ਸੂਗਰ, ਹਾਈਪਰਟੇਸ਼ਨ ਵਰਗੀਆਂ ਬਿਮਾਰੀਆਂ ਦਾ ਕਾਰਨ ਬਣਦਾ ਹੈ। ਇਸਤੋਂ ਇਲਾਵਾ ਡਿਪਰੈਸ਼ਨ ਨਾਲ ਇਨਸਾਨ ਅੰਦਰ ਨਸ਼ਿਆ ਦੀ ਵਰਤੋਂ, ਖੁਦਕੁਸ਼ੀ ਵਰਗੇ ਨਿਰਾਤਮਕ ਵਿਚਾਰ ਉਤਪੰਨ ਹੁੰਦੇ ਹਨ। ਉਨ੍ਹਾਂ ਕਿਹਾ ਕਿ ਬੇਚੈਨੀ, ਚਿੜਚਿੜਾਪਨ, ਨੀਦ ਘੱਟ ਆਉਣਾ, ਗੱਲ-ਗੱਲ ਤੇ ਗੁੱਸਾ ਆਉਣਾ, ਨੀਦ ਘੱਟ ਆਉਣਾ, ਕੰਨਾਂ ਚੋ ਅਵਾਜਾਂ ਆਉਣੀਆਂ, ਯਾਦ ਸਕਤੀ ਘਟਣਾ ਆਦਿ ਮਾਨਸਿਕ ਰੋਗਾਂ ਦੀਆਂ ਨਿਸ਼ਾਨੀਆਂ ਹਨ। ਇਸ ਸਮੇਂ ਡਾ. ਅੱਛਰਦੀਪ ਨੰਦਾ ਅਤੇ ਬੀ.ਈ.ਈ ਗੁਰਦੀਪ ਸਿੰਘ ਨੇ ਕਿਹਾ ਕਿ ਮਾਨਸਿਕ ਰੋਗਾਂ ਤੋਂ ਬਚਾਉ ਲਈ ਇਨਸਾਨ ਨੂੰ ਯੋਗਾ, ਮੇਡੀਟੇਸ਼ਨ, ਆਪਣੇ ਆਪ ਬੀਜੀ ਰੱਖਣਾ ਅਤੇ ਮਨ ਸ਼ਾਂਤ ਰੱਖਣ ਵਾਲੀਆਂ ਗਤੀਵਿਧੀਆਂ ਨੂੰ ਆਪਣੇ ਜੀਵਨ ਚ ਸ਼ਾਮਿਲ ਕਰਨਾ ਚਾਹੀਦਾ ਹੈ ਅਤੇ ਮਾਨਸਿਕ ਰੋਗੀਆਂ ਨੂੰ ਸਮੇਂ ਸਿਰ ਡਾਕਟਰ ਦੀ ਸਲਾਹ ਨਾਲ ਆਪਣਾ ਇਲਾਜ ਕਰਾਉਣਾ ਚਾਹੀਦਾ ਹੈ। ਇਸ ਸਮੇਂ ਬਲਵਿੰਦਰ ਕੌਰ, ਪਰਮਿੰਦਰ ਕੌਰ, ਰਵਿੰਦਰ ਕੌਰ, ਜਗਦੀਪ ਸਿੰਘ ਅਤੇ ਗੁਰਜੀਤ ਸਿੰਘ ਆਦਿ ਹਾਜਰ ਸਨ।

# ਸੰਗਰੂਰ 'ਚ ਕਾਸੋ ਅਪਰੇਸ਼ਨ ਤਹਿਤ ਅੱਠ ਮੁਲਜ਼ਮ ਗ੍ਰਿਫ਼ਤਾਰ

ਜਨ ਜਾਗਰਣ ਬਿਊਰੋ



**ਸੰਗਰੂਰ :** ਜ਼ਿਲ੍ਹਾ ਪੁਲੀਸ ਨੇ ਨਸ਼ਿਆਂ ਦਾ ਧੰਦਾ ਕਰਨ ਵਾਲੇ ਅਨਸਰਾਂ ਖ਼?ਲਾਫ਼ ਚਲਾਈ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੌਰਾਨ 4 ਕੇਸ ਦਰਜ ਕਰ ਕੇ 8 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ 27 ਗ੍ਰਾਮ ਹੈਰੋਇਨ, 18 ਲਿਟਰ ਸ਼ਰਾਬ ਠੇਕਾ ਦੇਸੀ ਬਰਾਮਦ ਕੀਤੀ ਹੈ। ਇਸ ਦੌਰਾਨ 18 ਵਿਅਕਤੀਆਂ ਨੂੰ ਨਸ਼ਾ ਛੁਡਾਊ ਸੈਂਟਰ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਜ਼ਿਲ੍ਹਾ ਪੁਲੀਸ ਮੁਖੀ ਡਾ. ਰਵਜੋਤ ਗਰੇਵਾਲ ਨੇ ਦੱਸਿਆ ਕਿ ਜ਼ਿਲ੍ਹਾ ਪੁਲੀਸ ਵੱਲੋਂ ਨਸ਼ਿਆਂ ਦਾ ਧੰਦਾ ਕਰਨ ਵਾਲੇ ਅਨਸਰਾਂ ਖਿਲਾਫ਼ ਚਲਾਈ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਕਾਸੋ ਅਪਰੇਸ਼ਨ ਚਲਾਇਆ ਗਿਆ ਜਿਸ ਦੌਰਾਨ ਵੱਖ-ਵੱਖ ਥਾਵਾਂ ਦੀ ਤਲਾਸ਼ੀ ਲਈ ਗਈ। ਉਨ੍ਹਾਂ ਦੱਸਿਆ ਕਿ ਕਾਸੋ ਅਪਰੇਸ਼ਨ ਦੌਰਾਨ ਜ਼ਿਲ੍ਹੇ ਵਿੱਚ ਨਸ਼ਿਆਂ ਦੇ 3 ਕੇਸ ਦਰਜ ਕਰ ਕੇ 7 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਜਿਨ੍ਹਾਂ ਕੋਲੋਂ 27 ਗ੍ਰਾਮ ਹੈਰੋਇਨ ਬਰਾਮਦ ਕਰਵਾਈ ਗਈ। ਇਸ ਤੋਂ ਇਲਾਵਾ ਮੁਲਜ਼ਮ ਨੂੰ ਕਾਬੂ ਕਰ ਕੇ ਉਸ ਕੋਲੋਂ 18 ਲਿਟਰ ਸ਼ਰਾਬ ਠੇਕਾ ਦੇਸੀ ਬਰਾਮਦ ਕਰਵਾਈ ਗਈ। ਨਸ਼ੇ ਦੀ ਵਰਤੋਂ ਕਰਨ ਵਾਲੇ 18 ਵਿਅਕਤੀਆਂ ਨੂੰ ਨਸ਼ਾ ਛੁਡਾਊ ਕੇਂਦਰ ਵਿੱਚ ਦਾਖਲ ਕਰਵਾਇਆ ਗਿਆ ਹੈ। ਜ਼ਿਲ੍ਹਾ ਪੁਲੀਸ ਮੁਖੀ ਨੇ ਪਬਲਿਕ ਨੂੰ ਵੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਅਧੀਨ ਪੁਲੀਸ ਦਾ ਸਾਥ ਦੇਣ ਲਈ ਅਪੀਲ ਕੀਤੀ ਗਈ ਅਤੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ ਹੈ।

# ਨਸ਼ਿਆਂ ਦੇ ਖਾਤਮੇ ਲਈ ਫਿਰੋਜ਼ਪੁਰ ਸ਼ਹਿਰ 'ਚ ਜਾਗਰੂਕਤਾ ਸੈਮੀਨਾਰ : ਭੁੱਲਰ

ਜਨ ਜਾਗਰਣ ਬਿਊਰੋ



ਮੀਟਿੰਗ 'ਚ ਗੁਰਚਰਨ ਸਿੰਘ ਭੁੱਲਰ ਜ਼ਿਲ੍ਹਾ ਪ੍ਰਧਾਨ ਸ੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਫਿਰੋਜ਼ਪੁਰ ਜਾਣਕਾਰੀ ਦਿੰਦੇ ਹੋਏ।

**ਫਿਰੋਜ਼ਪੁਰ (ਪ੍ਰੇਮ ਨਾਥ ਸ਼ਰਮਾ):** ਅੱਜ ਇਕ ਮੀਟਿੰਗ ਗੁਰਚਰਨ ਸਿੰਘ ਭੁੱਲਰ ਜ਼ਿਲ੍ਹਾ ਪ੍ਰਧਾਨ ਸ੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਫਿਰੋਜ਼ਪੁਰ ਨੇ ਕੀਤੀ, ਜਿਸ ਵਿਚ ਉਨ੍ਹਾਂ ਕਿਹਾ ਨਸ਼ਿਆਂ ਨੇ ਸਾਡੀ ਨੌਜਵਾਨੀ ਦਾ ਮੂੰਹ ਸਿਵਿਆਂ ਵੱਲ ਕਰ ਦਿੱਤਾ ਹੈ। ਜਿਸ ਦਾ ਕਾਰਨ ਅੱਜ ਤੱਕ ਜਿੰਨੀਆਂ ਵੀ ਪਾਰਟੀਆਂ ਸਰਕਾਰਾਂ ਬਣਾਈਆਂ ਉਨ੍ਹਾਂ ਨੇ ਨਸ਼ੇ ਰੋਕਣ ਦੀ ਜਗ ?ਹਾ ਵਧਾਏ ਹਨ। ਅੱਜ ਹਾਲਾਤ ਇਹ ਹੋ ਗਏ ਹਨ ਕਿ ਜਿੱਥੇ ਪਹਿਲਾਂ ਨਸ਼ੇ ਲੁਕਵੇ ਮਿਲਦੇ ਸਨ, ਅੱਜ ਨਸ਼ੇ ਲੋਕਾਂ ਦੇ ਬਰੂਹਾਂ ਵਿਚ ਪਹੁੰਚ ਗਏ ਹਨ ਅਤੇ ਨੌਜਵਾਨੀ ਨਸ਼ੇ ਰੂਪੀ ਅਜਗਰ ਦੇ ਮੂੰਹ ਵਿਚ ਜਾ ਰਹੀ ਹੈ। ਬਜ਼ਾਰਾਂ ਵਿਚ ਥਾਂ ਥਾਂ ਨਸ਼ੇ ਦੀਆਂ ਗੋਲੀਆਂ ਸ਼ਰੇਆਮ ਵਿਕ ਰਹੀਆਂ ਹਨ। ਨਸ਼ੇ ਦੀ ਦਲਦਲ ਵਿੱਚੋਂ ਕੱਢਣ ਵਾਸਤੇ ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਜ਼ਿਲ੍ਹਾ ਫਿਰੋਜ਼ਪੁਰ ਵੱਲੋਂ ਨਸ਼ੇ ਵਿਰੁੱਧ ਜਾਗਰੂਕਤਾ ਸੈਮੀਨਰ 14 ਅਕਤੂਬਰ 2026 ਪੰਚਵਟੀ ਰਿਜੋਰਟ ਨਜ਼ਦੀਕ ਬਾਗੀ ਹਸਪਤਾਲ ਸਵੇਰੇ 11 ਵਜੇ ਤੋਂ 2 ਵਜੇ ਤੱਕ ਕੀਤੀ ਜਾਵੇਗਾ। ਜਿਸ ਵਿਚ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਇਮਾਨ ਸਿੰਘ ਮਾਨ ਪਹੁੰਚ ਰਹੇ ਹਨ। ਇਸ ਸੈਮੀਨਾਰ ਵਿਚ ਪ੍ਰੈਸ ਵਾਲੇ ਵੀਰ, ਰਿਟਾਇਰਡ ਡਾਕਟਰ, ਪੁਲਿਸ ਅਫਸਰ ਅਤੇ ਸਮਾਜ ਸੇਵੀ, ਕਿਸਾਨ ਜਥੇਬੰਦੀਆ, ਪੰਥਕ ਜਥੇਬੰਦੀਆਂ ਪਹੁੰਚ ਰਹੀਆਂ ਹਨ। ਸਮੂਹ ਪੰਜਾਬ ਦਰਦੀਆਂ ਨੂੰ ਬੇਨਤੀ ਹੈ ਕਿ ਨਸ਼ੇ ਨੂੰ ਠੱਲ ਪਾਉਣ ਵਾਸਤੇ ਵਿਚਾਰਾਂ ਕਰਨ ਲਈ ਜ਼ਰੂਰ ਪਹੁੰਚੋ। ਇਸ ਮੌਕੇ ਜਸਵੰਤ ਸਿੰਘ ਮਮਦੋਟ ਪ੍ਰਧਾਨ ਸੋਸ਼ਲ ਮੀਡੀਆ, ਡਾ. ਜਗਰੂਪ ਸਿੰਘ ਪ੍ਰਧਾਨ ਸਰਕਲ ਸਦਰ ਫਿਰੋਜ਼ਪੁਰ, ਜਗਜੀਤ ਸਿੰਘ ਜੋਧਪੁਰ, ਕੁਲਬੀਰ ਸਿੰਘ ਭੁੱਲਰ, ਕਾਬਲ ਸਿੰਘ ਭੁੱਲਰ, ਗੁਰਵਿੰਦਰ ਸਿੰਘ ਭੁੱਲਰ, ਨਾਮਪ੍ਰੀਤ ਸਿੰਘ ਆਦਿ ਹਾਜ਼ਰ ਸਨ।


## ਜਨ ਜਾਗਰਣ ਪੰਜਾਬ Classified

### ਟੂਰ ਅਤੇ ਟਰੈਵਲਜ਼

☛ ਕੈਨੇਡਾ-ਆਸਟਰੇਲੀਆ ਮੁਫ਼ਤ ਵੀਜ਼ਾ, ਰਹਿਣਾ, ਖਾਣਾ, 2 ਸਾਲ ਦਾ ਵਰਕ ਪਰਮਿਟ। ਕਮਾਓ 3 ਲੱਖ ਮਹੀਨਾ। ਕੋਈ ਪੈਸਾ ਨਾ ਵੀਜ਼ਾ ਤੋਂ ਪਹਿਲੇ ਨਾ ਬਾਅਦ ਵਿਚ। ਚਾਹੀਦਾ ਹੈ ਹੈਲਪਰ, ਕਾਰਪੇਂਟਰ, ਮੇਸਨ, ਵੈਲਡਰ, ਪਲੰਬਰ, ਡਾਈਵਰ, ਅਪਰੇਟਰ, ਸਟੋਰਕੀਪਰ, ਵੇਟਰ, ਸੁਪਰਵਾਈਜ਼ਰ, ਮੈਨੇਜਰ, ਕੁੱਕ ਆਦਿ। ਸਰਕਾਰੀ ਰਜਿਸਟਰਡ ਕੰਪਨੀ ਤੋਂ ਹੀ ਅਪਲਾਈ ਕਰੋ। ਫੋਨ : 73476708

☛ ਕੈਨੇਡਾ-ਆਸਟਰੇਲੀਆ 3 ਸਾਲ ਦਾ ਵੀਜ਼ਾ, ਮੁਫ਼ਤ ਰਹਿਣਾ, ਖਾਣਾ ਅਤੇ ਟਿਕਟ ਕੰਪਨੀ ਦੇਵੇਗੀ। ਸੈਲਰੀ 2 ਤੋਂ 3 ਲੱਖ ਮਹੀਨਾ। ਹੈਲਪਰ, ਕਾਰਪੇਂਟਰ, ਮੈਸਨ, ਪਲੰਬਰ, ਡਾਈਵਰ, ਕੁੱਕ, ਵੇਟਰ, ਅਪਰੇਟਰ, ਸੁਪਰਵਾਈਜ਼ਰ ਆਦਿ ਚਾਹੀਦੇ। ਰਜਿਸਟਰਡ ਕੰਪਨੀ ਤੋਂ ਹੀ ਅਪਲਾਈ ਕਰੋ। ਫੋਨ : 7087033731

☛ ਕੈਨੇਡਾ, ਆਸਟਰੇਲੀਆ, ਦੁੱਬਈ, ਕੁਵੈਤ, ਸਾਊਦੀ, ਰਸ਼ੀਆ, ਸਿੰਗਾਪੁਰ ਵਿਚ ਪੜ੍ਹੇ ਲਿਖੇ ਅਤੇ ਅਨਪੜ੍ਹ ਕਾਰੀਗਰਾਂ ਅਤੇ ਹੈਲਪਰ ਦੀ ਭਾਰੀ ਜ਼ਰੂਰਤ। ਵੀਜ਼ਾ ਦੇ ਪੈਸੇ ਸੈਲਰੀ ਤੋਂ ਕਟਵਾਓ। ਫੋਨ : 7710404041

☛ ਵਰਕ ਵੀਜ਼ਾ ਕੈਨੇਡਾ, ਆਸਟਰੇਲੀਆ, ਕੰਸਟਰਕਸ਼ਨ/ ਸਟੋਰ/ ਆਈਟੀ ਕੰਪਨੀਆਂ ਵਿਚ ਜ਼ਰੂਰਤ : ਸਟੋਰ ਕੀਪਰ, ਕੰਪਿਊਟਰ ਅਪਰੇਟਰ, ਫੂਡ ਪੈਕਰ, ਡਾਈਵਰ, ਇਲੈਕਟ੍ਰੀਸ਼ਨ, ਪਲੰਬਰ, ਸਕਿਓਰਟੀ, ਗਾਰਡ, ਵੇਟਰ, ਕੁੱਕ, ਨੋ ਐਡਵਾਂਸ, ਰਹਿਣਾ, ਖਾਣਾ, ਟਿਕਟ, ਬੀਮਾ ਮੁਫ਼ਤ। ਏਜੰਟ ਵੈਲਕਮ। ਰੁਦਾਸ਼ 9815119633, 98555777523

### ਮੋਟਰ ਕੁਨੈਕਸ਼ਨ

☛ ਇਕ ਟਿਊਬਵੈਲ ਕੁਨੈਕਸ਼ਨ ਜਿਸ ਦਾ ਖਾਤਾ ਨੰ: KW-678-AP ਜੋ ਕਿ ਮਹਿੰਦਰ ਸਿੰਘ ਪੁੱਤਰ ਬਖਤੌਰ ਸਿੰਘ ਦੇ ਨਾਮ ਤੇ ਪਿੰਡ ਕਰਾੜਵਾਲਾ ਵਿਖੇ ਚੱਲ ਰਿਹਾ ਹੈ । ਹੁਣ ਉੱਕਤ ਕੁਨੈਕਸ਼ਨ ਨੂੰ ਅਵਤਾਰ ਸਿੰਘ ਢਿੱਲੋਂ ਪੁੱਤਰ ਮਹਿੰਦਰ ਸਿੰਘ ਤੇ ਚਰਨਜੀਤ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਪਿੰਡ ਕਰਾੜਵਾਲਾ ਨੇ ਅਪਣੇ ਨਾਮ ਤੇ ਸਾਝਾ ਤਬਦੀਲ ਕਰਨ ਲਈ ਅਰਜੀ ਦਿੱਤੀ ਹੈ ।ਇਤਰਾਜ ਕਰਤਾ 15 ਦਿਨਾਂ ਦੇ ਅੰਦਰ ਉਪ ਮੰਡਲ ਅਫਸਰ ਦਿਹਾਤੀ ਰਾਮਪੁਰਾ ਨਾਲ ਸੰਪਰਕ ਕਰਨ ।ਇਸ ਤੋਂ ਬਾਅਦ ਇਤਰਾਜ ਮੰਨਣਯੋਗ ਨਹੀ ਹੋਵੇਗਾ।

### ਮੋਟਰ ਕੁਨੈਕਸ਼ਨ

☛ ਇਕ ਟਿਊਬਵੈਲ ਕੁਨੈਕਸ਼ਨ ਜਿਸ ਦਾ ਖਾਤਾ ਨੰ: BR-1286-AP ਜੋ ਕਿ ਆਤਮਾ ਸਿੰਘ ਪੁੱਤਰ ਬਹਾਦਰ ਸਿੰਘ ਦੇ ਨਾਮ ਤੇ ਪਿੰਡ ਭਾਈ ਰੂਪਾ ਵਿਖੇ ਚੱਲ ਰਿਹਾ ਹੈ । ਹੁਣ ਉੱਕਤ ਕੁਨੈਕਸ਼ਨ ਨੂੰ ਅੰਗਰੇਜ ਸਿੰਘ ਪੁੱਤਰ ਆਤਮਾ ਸਿੰਘ ਤੇ ਗੁਰਮੀਤ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਪਿੰਡ ਸੰਧੂ ਖੁਰਦ ਨੇ ਅਪਣੇ ਨਾਮ ਤੇ ਤਬਦੀਲ ਕਰਨ ਲਈ ਅਰਜੀ ਦਿੱਤੀ ਹੈ ।ਇਤਰਾਜ ਕਰਤਾ 15 ਦਿਨਾਂ ਦੇ ਅੰਦਰ ਉਪ ਮੰਡਲ ਅਫਸਰ ਭਾਈ ਰੂਪਾ ਨਾਲ ਸੰਪਰਕ ਕਰਨ ।ਇਸ ਤੋਂ ਬਾਅਦ ਇਤਰਾਜ ਮੰਨਣਯੋਗ ਨਹੀ ਹੋਵੇਗਾ ।

☛ਇਕ ਟਿਊਬਵੈਲ ਕੁਨੈਕਸ਼ਨ ਜਿਸ ਦਾ ਖਾਤਾ ਨੰ: BR-1285-AP ਜੋ ਕਿ ਆਤਮਾ ਸਿੰਘ ਪੁੱਤਰ ਬਹਾਦਰ ਸਿੰਘ ਦੇ ਨਾਮ ਤੇ ਪਿੰਡ ਭਾਈ ਰੂਪਾ ਵਿਖੇ ਚੱਲ ਰਿਹਾ ਹੈ । ਹੁਣ ਉੱਕਤ ਕੁਨੈਕਸ਼ਨ ਨੂੰ ਜਗਵਿੰਦਰ ਸਿੰਘ ਪੁੱਤਰ ਨੈਬ ਸਿੰਘ ਉਰਫ ਨਾਇਬ ਸਿੰਘ ਵਾਸੀ ਪਿੰਡ ਭਾਈ ਰੂਪਾ ਨੇ ਅਪਣੇ ਨਾਮ ਤੇ ਤਬਦੀਲ ਕਰਨ ਲਈ ਅਰਜੀ ਦਿੱਤੀ ਹੈ। ।ਇਤਰਾਜ ਕਰਤਾ 15 ਦਿਨਾਂ ਦੇ ਅੰਦਰ ਉਪ ਮੰਡਲ ਅਫਸਰ ਭਾਈ ਰੂਪਾ ਨਾਲ ਸੰਪਰਕ ਕਰਨ ।ਇਸ ਤੋਂ ਬਾਅਦ ਇਤਰਾਜ ਮੰਨਣਯੋਗ ਨਹੀ ਹੋਵੇਗਾ ।

☛ ਇਕ ਟਿਊਬਵੈਲ ਕੁਨੈਕਸ਼ਨ ਜਿਸ ਦਾ ਖਾਤਾ ਨੰ: BM-113-AP ਜੋ ਕਿ ਲਖਵੀਰ ਸਿੰਘ ਪੁੱਤਰ ਹਰਭਜਨ ਸਿੰਘ ਦੇ ਨਾਮ ਤੇ ਪਿੰਡ ਬੁਰਜ ਮਾਨਸਾਹੀਆ ਵਿਖੇ ਚੱਲ ਰਿਹਾ ਹੈ ਹੁਣ ਉੱਕਤ ਕੁਨੈਕਸ਼ਨ ਨੂੰ ਮਨਿੰਦਰ ਸਿੰਘ ਪੁੱਤਰ ਲਖਵੀਰ ਸਿੰਘ ਵਾਸੀ ਪਿੰਡ ਬੁਰਜ ਮਾਨਸਾਹੀਆ ਨੇ ਅਪਣੇ ਨਾਮ ਤੇ ਤਬਦੀਲ ਕਰਨ ਲਈ ਅਰਜੀ ਦਿੱਤੀ ਹੈ। ।ਇਤਰਾਜ ਕਰਤਾ 15 ਦਿਨਾਂ ਦੇ ਅੰਦਰ ਉਪ ਮੰਡਲ ਅਫਸਰ ਦਿਹਾਤੀ ਰਾਮਪੁਰਾ ਨਾਲ ਸੰਪਰਕ ਕਰਨ ।ਇਸ ਤੋਂ ਬਾਅਦ ਇਤਰਾਜ ਮੰਨਣਯੋਗ ਨਹੀ ਹੋਵੇਗਾ ।

ਇਕ ਟਿਊਬਵੈਲ ਕੁਨੈਕਸ਼ਨ ਜਿਸ ਦਾ ਖਾਤਾ ਨੰ: PT-466-AP ਜੋ ਕਿ ਸਵੱਲਾ ਸਿੰਘ ਉਰਫ ਸਵਾਲਾ ਸਿੰਘ ਪੁੱਤਰ ਮਸਤਾਨ ਸਿੰਘ ਦੇ ਨਾਮ ਤੇ ਪਿੰਡ ਪਿੱਥੋ ਵਿਖੇ ਚੱਲ ਰਿਹਾ ਹੈ ।ਹੁਣ ਉੱਕਤ ਕੁਨੈਕਸ਼ਨ ਨੂੰ ਗੁਲਾਬ ਸਿੰਘ ਪੁੱਤਰ ਸਵੱਲਾ ਸਿੰਘ ਉਰਫ ਸਵਾਲਾ ਸਿੰਘ ਵਾਸੀ ਪਿੰਡ ਪਿੱਥੋ ਨੇ ਅਪਣੇ ਨਾਮ ਤੇ ਤਬਦੀਲ ਕਰਨ ਲਈ ਅਰਜੀ ਦਿੱਤੀ ਹੈ ।ਇਤਰਾਜ ਕਰਤਾ 15 ਦਿਨਾਂ ਦੇ ਅੰਦਰ ਉਪ ਮੰਡਲ ਅਫਸਰ ਦਿਹਾਤੀ ਰਾਮਪੁਰਾ ਨਾਲ ਸੰਪਰਕ ਕਰਨ ।ਇਸ ਤੋਂ ਬਾਅਦ ਇਤਰਾਜ ਮੰਨਣਯੋਗ ਨਹੀ ਹੋਵੇਗਾ ।

### ਮੋਟਰ ਕੁਨੈਕਸ਼ਨ

☛ ਇਕ ਟਿਊਬਵੈਲ ਕੁਨੈਕਸ਼ਨ ਜਿਸ ਦਾ ਖਾਤਾ ਨੰ:R-860-AP ਜੋ ਕਿ ਮੇਹਰ ਸਿੰਘ ਪੁੱਤਰ ਅਰਜਨ ਸਿੰਘ ਦੇ ਨਾਮ ਤੇ ਪਿੰਡ ਰਾਮਪੁਰਾ ਵਿਖੇ ਚੱਲ ਰਿਹਾ ਹੈ ਹੁਣ ਉੱਕਤ ਕੁਨੈਕਸ਼ਨ ਨੂੰ ਰਣਜੀਤ ਸਿੰਘ ਪੁੱਤਰ ਮੇਹਰ ਸਿੰਘ ਵਾਸੀ ਪਿੰਡ ਰਾਮਪੁਰਾ ਨੇ ਅਪਣੇ ਨਾਮ ਤੇ ਤਬਦੀਲ ਕਰਨ ਲਈ ਅਰਜੀ ਦਿੱਤੀ ਹੈ ।ਇਤਰਾਜ ਕਰਤਾ 15 ਦਿਨਾਂ ਦੇ ਅੰਦਰ ਉਪ ਮੰਡਲ ਅਫਸਰ ਦਿਹਾਤੀ ਰਾਮਪੁਰਾ ਨਾਲ ਸੰਪਰਕ ਕਰਨ ।ਇਸ ਤੋਂ ਬਾਅਦ ਇਤਰਾਜ ਮੰਨਣਯੋਗ ਨਹੀ ਹੋਵੇਗਾ ।

**ਜਨ ਜਾਗਰਣ**

**(ਰਾਸ਼ਟਰੀ ਪੰਜਾਬੀ ਦੈਨਿਕ)**

ਅਖ਼ਬਾਰ ਵਿੱਚ ਵਰਗੀਕ੍ਰਿਤ, ਅਦਾਲਤੀ ਨੋਟਿਸ, ਪਾਸਪੋਰਟ ਵਿੱਚ ਨਾਮ ਬਦਲਣਾ, ਗੁੰਮ ਅਤੇ ਮਿਲਿਆ, ਨਾਮ ਬਦਲਣਾ, ਨਾਮ ਸੁਧਾਰ, ਬੇਦਖਲੀ ਨੋਟਿਸ, ਧਰਮ ਤਬਦੀਲੀ, ਬੈਂਕ ਨੋਟਿਸ ਸਮੇਤ ਹਰ ਕਿਸਮ ਦੀ ਜਾਣਕਾਰੀ ਅਤੇ ਇਸ਼ਤਿਹਾਰ ਪ੍ਰਕਾਸ਼ਿਤ ਕਰਨ ਲਈ ਸੰਪਰਕ ਕਰੋ:-

**ਜਨ ਜਾਗਰਣ ਮੀਡੀਆ ਹਾਊਸ**

ਬਾਬਾ ਸੋਹਨ ਸਿੰਘ ਭਕਨਾ ਭਵਨ, ਪਹਿਲੀ ਮੰਜ਼ਿਲ, ਆਫਿਸ ਨੰਬਰ 5, ਸੈਕਟਰ 29 ਡੀ, ਚੰਡੀਗੜ੍ਹ-160030

E-mail : janjagranpunjab@gmail.com

ਇਸ਼ਤਿਹਾਰਾਂ ਲਈ ਭਾਰਤ ਸਰਕਾਰ, ਹਰਿਆਣਾ ਸਰਕਾਰ, ਪੰਜਾਬ ਸਰਕਾਰ, ਦਿੱਲੀ ਸਰਕਾਰ, ਹਿਮਾਚਲ ਪ੍ਰਦੇਸ਼ ਸਰਕਾਰ, ਉਤਰ ਪ੍ਰਦੇਸ਼, ਰੇਲਵੇ ਵਿਭਾਗ, ਪੰਜਾਬ ਹਰਿਆਣਾ ਹਾਈਕੋਰਟ ਸਮੇਤ ਸਾਰੇ ਸਰਕਾਰੀ ਵਿਭਾਗਾਂ ਦੁਆਰਾ ਮਾਨਤਾ ਪ੍ਰਾਪਤ।

# ਯੁਵਕ ਮੇਲਾ ਧੂਮ-ਧਾਮ ਨਾਲ ਹੋਇਆ ਸੰਪੰਨ, ਵਿਦਿਆਰਥੀਆਂ ਦੀ ਕਲਾ ਨੇ ਮੋਹਿਆ ਸਭ ਦਾ ਮਨ



ਭੀਖੀ,12 ਅਕਤੂਬਰ (ਕਰਨ ਸਿੰਘ)–ਯੁਵਕ ਮੇਲੇ ਦੇ ਚੌਥੇ ਅਤੇ ਅੰਤਿਮ ਦਿਨ ਦਾ ਆਯੋਜਨ ਬਹੁਤ ਹੀ ਉਤਸ਼ਾਹ ਅਤੇ ਧੂਮ–ਧਾਮ ਨਾਲ ਕੀਤਾ ਗਿਆ। ਸਮਾਪਤੀ ਸਮਾਰੋਹ ਦੌਰਾਨ ਵੱਖ–ਵੱਖ ਕਾਲਜਾਂ ਦੇ ਪ੍ਰਿੰਸੀਪਲ, ਅਧਿਆਪਕ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ। ਇਸ ਤੋਂ ਇਲਾਵਾ, ਇਲਾਕੇ ਦੇ ਬਹੁਤ ਸਾਰੇ ਆਮ ਲੋਕ ਵੀ ਵਿਦਿਆਰਥੀਆਂ ਦੀ ਰੰਗਾਰੰਗ ਕਲਾ ਅਤੇ ਪ੍ਰਤਿਭਾ ਨੂੰ ਦੇਖਣ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ।ਯੂਥ ਫੈਸਟੀਵਲ ਦਾ ਆਖ਼ਰੀ ਦਿਨ ਹੋਣ ਕਾਰਨ ਵੱਖ–ਵੱਖ ਕਾਲਜਾਂ ਦੇ ਪ੍ਰਿੰਸੀਪਲ ਅਤੇ ਵਿਦਿਆਰਥੀ ਆਪਣੇ–ਆਪਣੇ ਕਾਲਜ ਦਾ ਨਤੀਜਾ (ਰਿਜ਼ਲਟ) ਦੇਖਣ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ। ਇਸ ਤੋਂ ਇਲਾਵਾ, ਅਧਿਆਪਕ ਅਤੇ ਇਲਾਕੇ ਦੇ ਬਹੁਤ ਸਾਰੇ ਆਮ ਲੋਕ ਵੀ ਵਿਦਿਆਰਥੀਆਂ ਦੀ ਰੰਗਾਰੰਗ ਕਲਾ ਅਤੇ ਪ੍ਰਤਿਭਾ ਨੂੰ ਦੇਖਣ ਲਈ ਹਾਜ਼ਰ ਸਨ। ਸਵੇਰ ਦੇ ਪ੍ਰੋਗਰਾਮ ਦੀ ਸ਼ੁਰੂਆਤ ਦੌਰਾਨ ਸੰਸਥਾ ਦੇ ਫਾਊਂਡਰ ਸ੍ਰੀ ਸੋਮਨਾਥ ਮਹਿਤਾ ਜੀ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ ਅਤੇ ਸਭ ਨੂੰ "ਜੀ ਆਇਆਂ ਨੂੰ" ਕਿਹਾ। ਇਸ ਤੋਂ ਬਾਅਦ ਕਾਲਜ ਦੇ ਪ੍ਰਿੰਸੀਪਲ ਕਰਨੈਲ ਸਿੰਘ ਜੀ ਨੇ ਸਮਾਰੋਹ ਵਿੱਚ ਪਹੁੰਚੀਆਂ ਸਾਰੀਆਂ ਸ਼ਖ਼ਸੀਅਤਾਂ ਅਤੇ ਦਰਸ਼ਕਾਂ ਦਾ ਰਸਮੀ ਤੌਰ 'ਤੇ ਧੰਨਵਾਦ ਕਰਦਿਆਂ ਜੀ ਆਇਆਂ ਨੂੰ ਆਖਿਆ। ਇਸ ਵਿਸ਼ੇਸ਼ ਪ੍ਰੋਗਰਾਮ ਵਿੱਚ ਪੰਜਾਬ ਦੀ ਮਸ਼ਹੂਰ ਸਿਆਸੀ ਸ਼ਖ਼ਸੀਅਤ ਜਗਦੀਪ ਸਿੰਘ ਨਕਈ ਸ਼ਿਰੋਮਣੀ ਅਕਾਲੀ ਦਲ ਹਲਕਾ – ਮਾਨਸਾ ਜੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਆਪਣੇ ਸੰਬੋਧਨ ਦੌਰਾਨ ਉਨ੍ਹਾਂ ਨੇ ਵਿਦਿਆਰਥੀਆਂ ਦੀ ਕਲਾ ਦੀ ਸ਼ਲਾਘਾ ਕਰਦਿਆਂ ਕਿਹਾ"ਸਾਡਾ ਪੰਜਾਬੀ ਵਿਰਸਾ ਬਹੁਤ ਅਮੀਰ ਅਤੇ ਗੌਰਵਸ਼ਾਲੀ ਹੈ। ਨੌਜਵਾਨਾਂ ਨੂੰ ਆਪਣੀ ਕਲਾ ਅਤੇ ਮਿਹਨਤ ਰਾਹੀਂ ਇਸ ਵਿਰਸੇ ਨੂੰ ਹੋਰ ਅਮੀਰ ਅਤੇ ਸੰਭਾਲ ਕੇ ਰੱਖਣ ਲਈ ਹਮੇਸ਼ਾ ਯਤਨਸ਼ੀਲ ਰਹਿਣਾ ਚਾਹੀਦਾ ਹੈ।" ਯੁਵਕ ਭਲਾਈ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਡਾ. ਭੀਮ ਇੰਦਰ ਸਿੰਘ ਜੀ (ਡਾਇਰੈਕਟਰ, ਯੂਥ ਵੈਲਫੇਅਰ ਡਿਪਾਰਟਮੈਂਟ, ਪੰਜਾਬੀ ਯੂਨੀਵਰਸਿਟੀ ਪਟਿਆਲਾ), ਡਾ. ਹਰਿੰਦਰ ਹੁੰਦਲ ਜੀ ,ਡਾ. ਡੈਨੀ ਸ਼ਰਮਾ, ਡਾ. ਰੁਬਲ ਚਾਹਲ, ਪ੍ਰਿੰਸੀਪਲ ਯੂਨੀਵਰਸਿਟੀ ਕਾਲਜ ਬਹਾਦਰਪੁਰ ਡਾ. ਬਲਦੇਵ ਸਿੰਘ ਦੋਦੜਾ, ਗੁਰੂ ਨਾਨਕ ਕਾਲਜ ਬੁਢਲਾਡਾ ਦੇ ਪ੍ਰਿੰਸੀਪਲ ਡਾ. ਨਰਿੰਦਰ ਸਿੰਘ ਜੀ ਅਤੇ ਐੱਸ.ਡੀ. ਕਾਲਜ ਮਾਨਸਾ ਦੇ ਪ੍ਰਿੰਸੀਪਲ ਡਾ. ਗਰੀਮਾ ਮਹਾਜਨ ਜੀ , ਗਾਇਕ ਗਗਨ ਸਰਾਓ, ਪਾਲ ਸਮਾਉਂ ਨਾਮਵਰ ਸ਼ਖ਼ਸੀਅਤਾਂ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਸੰਸਥਾ ਨਾਲ ਜੁੜੀਆਂ ਪ੍ਰੈੱਸ ਦੀਆਂ ਸਾਰੀਆਂ ਮਾਣਯੋਗ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਨੇ ਸੰਸਥਾ ਦੀਆਂ ਸਾਰੀਆਂ ਸੱਭਿਆਚਾਰਕ ਗਤੀਵਿਧੀਆਂ ਨੂੰ ਅਖ਼ਬਾਰਾਂ ਰਾਹੀਂ ਲੋਕਾਂ ਤੱਕ ਪਹੁੰਚਾਇਆ। ਯੂਥ ਫੈਸਟੀਵਲ ਦੇ ਇਸ ਅੰਤਿਮ ਅਤੇ ਸਮਾਪਤੀ ਦਿਨ 'ਤੇ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਅਤੇ ਜੇਤੂ ਰਹੇ ਵੱਖ–ਵੱਖ ਕਾਲਜਾਂ ਨੂੰ ਉਨ੍ਹਾਂ ਦੀਆਂ ਪੋਜ਼ੀਸ਼ਨਾਂ ਦੇ ਹਿਸਾਬ ਨਾਲ ਟਰਾਫੀਆਂ ਅਤੇ ਇਨਾਮ ਤਕਸੀਮ ਕੀਤੇ ਗਏ। ਇਸ ਮੌਕੇ ਮੁੱਖ ਮਹਿਮਾਨਾਂ ਅਤੇ ਪ੍ਰਬੰਧਕਾਂ ਵੱਲੋਂ ਸਾਰੇ ਜੇਤੂ ਕਾਲਜਾਂ, ਵਿਦਿਆਰਥੀਆਂ ਅਤੇ ਉਨ੍ਹਾਂ ਦੇ ਗਾਈਡ ਅਧਿਆਪਕਾਂ ਨੂੰ ਮੁਬਾਰਕਬਾਦ ਦਿੱਤੀ ਗਈ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ।

## ਦਾ ਐਨਲਾਈਟੈਂਡ ਡਿਗਰੀ ਕਾਲਜ ਝੁਨੀਰ ਦੇ ਵਿਦਿਆਰਥੀਆਂ ਨੇ ਖੇਤਰੀ ਯੁਵਕ ਮੇਲੇ ਵਿੱਚ ਮਾਰੀਆਂ ਮੱਲਾਂ

ਮਾਨਸਾ , 12 ਅਕਤੂਬਰ (ਬਲਜੀਤ ਪਾਲ): ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਮਾਨਸਾ ਜੋਨ ਦੇ ਖੇਤਰੀ ਯੁਵਕ ਮੁਕਾਬਲੇ ਮਿਤੀ 8, 9 10 ਅਤੇ 11 ਅਕਤੂਬਰ ਨੂੰ ਐਸ ਐਸ ਕਾਲਜ ਭੀਖੀ ਵਿਖੇ ਕਰਵਾਏ ਗਏ ਜਿਸ ਵਿੱਚ ਦਾ ਐਨਲਾਈਟੈਂਡ ਡਿਗਰੀ ਕਾਲਜ ਝੁਨੀਰ ਦੇ ਵਿਦਿਆਰਥੀ ਨੇ ਵੱਖ ਵੱਖ ਮੁਕਾਬਲਿਆ ਵਿੱਚ ਹਿੱਸਾ ਲਿਆ ਜਿਸ ਵਿੱਚ ਆਈਟਮ ਮਾਈਮ ਵਿੱਚ ਪਹਿਲਾ ਸਥਾਨ ਸਕਿਟ ਦੂਸਰਾ ਸਥਾਨ ਮਿਮਿਕਰੀ ਦੂਸਰਾ ਸਥਾਨ ਲਘੂ ਫਿਲਮ ਦੂਸਰਾ ਸਥਾਨ ਨੁੱਕੜ ਨਾਟਕ ਤੀਸਰਾ ਸਥਾਨ ਪਹਿਰਾਵਾ ਪ੍ਰਦਰਸ਼ਨੀ ਤੀਸਰਾ ਸਥਾਨ ਹਾਸਲ ਕੀਤਾ ਵਿਦਿਆਰਥੀਆਂ ਦੇ ਕਾਲਜ ਪਹੁੰਚਣ ਤੇ ਕਾਲਜ ਦੇ ਇੰਚਾਰਜ ਸਹਾਇਕ ਪ੍ਰੋਫੈਸਰ ਗੁਰਦੀਪ ਸਿੰਘ ਅਤੇ ਸਮੂਹ ਸਟਾਫ ਨੇ ਵਿਦਿਆਰਥੀਆਂ ਦਾ ਨਿੱਘਾ ਸਵਾਗਤ ਕੀਤਾ। ਕਾਲਜ ਦੇ ਯੂਥ ਕੋਆਰਡੀਨੇਟਰ ਸਹਾਇਕ ਪ੍ਰੋਫੈਸਰ ਕੁਲਦੀਪ ਸਿੰਘ ਅਤੇ ਮੁਕਾਬਲੇ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਅੱਗੇ ਤੋਂ ਵਿਦਿਆਰਥੀਆਂ ਨੂੰ ਇਹਨਾਂ ਮੁਕਾਬਲਿਆਂ ਵਿੱਚ ਵੱਧ ਚੜ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਤੇ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

# ਮਿਲਾਵਟਖੋਰੀ ਵਿਰੁੱਧ ਪ੍ਰਸ਼ਾਸਨ ਸਖ਼ਤ: 9 ਕੇਸਾਂ ਵਿੱਚ 1 ਲੱਖ 85 ਹਜ਼ਾਰ ਰੁਪਏ ਜੁਰਮਾਨਾ

## ਡਿਪਟੀ ਕਮਿਸ਼ਨਰ ਵਲੋਂ ਸਿਹਤ ਵਿਭਾਗ ਨੂੰ ਲਗਾਤਾਰ ਚੈਕਿੰਗ ਦੇ ਨਿਰਦੇਸ਼



ਬਰਨਾਲਾ, 12 ਅਕਤੂਬਰ (ਜਗਸੀਰ ਸਿੰਘ ਸਹਿਜੜਾ)ਜ਼ਿਲ੍ਹਾ ਪ੍ਰਸ਼ਾਸਨ ਬਰਨਾਲਾ ਵਲੋਂ ਡਿਪਟੀ ਕਮਿਸ਼ਨਰ ਸ੍ਰੀ ਹਰਪ੍ਰੀਤ ਸਿੰਘ ਆਈ.ਏ.ਐੱਸ. ਦੇ ਦਿਸ਼ਾ ਨਿਰਦੇਸ਼ਾਂ ਤਹਿਤ ਖਾਧ ਪਦਾਰਥਾਂ ਵਿੱਚ ਮਿਲਾਵਟਖੋਰੀ ਵਿਰੁੱਧ ਸਖ਼ਤੀ ਵਰਤੀ ਜਾ ਰਹੀ ਹੈ। ਇਸ ਤਹਿਤ ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰੀ ਵਿਵੇਕ ਕੁਮਾਰ ਮੋਦੀ ਦੀ ਅਦਾਲਤ ਵਲੋਂ 9 ਕੇਸਾਂ ਵਿੱਚ ਵੱਖ–ਵੱਖ ਫਰਮਾਂ ਤੇ ਮਾਲਕਾਂ ਨੂੰ 1 ਲੱਖ 85 ਹਜ਼ਾਰ ਰੁਪਏ ਜੁਰਮਾਨਾ ਕੀਤਾ ਗਿਆ ਹੈ। ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਦੁੱਧ, ਪਨੀਰ ਅਤੇ ਵੱਖ–ਵੱਖ ਤਰ੍ਹਾਂ ਦੇ ਤੇਲ ਸਮੇਤ ਖਾਧ ਤੇ ਡੇਅਰੀ ਪਦਾਰਥਾਂ ਵਿਚ ਮਿਲਾਵਟਖੋਰੀ ਰੋਕਣ ਲਈ ਸਿਹਤ ਵਿਭਾਗ ਨੂੰ ਲਗਾਤਾਰ ਚੈਕਿੰਗ ਕਰਨ ਅਤੇ ਨਮੂਨੇ ਭਰਨ ਦੇ ਸਖ਼ਤ ਨਿਰਦੇਸ਼ ਦਿੱਤੇ ਗਏ ਹਨ। ਇਹ ਨਮੂਨੇ ਲੈਣ ਮਗਰੋਂ ਸਿਹਤ ਵਿਭਾਗ ਵਲੋਂ ਖਰੜ ਲੈਬ ਵਿੱਚ ਭੇਜੇ ਜਾਂਦੇ ਹਨ ਜਿੱਥੇ ਮਾਪਦੰਡਾਂ 'ਤੇ ਖਰਾ ਨਾ ਉਤਰਨ ਵਾਲੇ (ਸਬ ਸਟੈਂਡਰਡ) ਨਮੂਨਿਆਂ ਦੇ ਕੇਸ ਵਧੀਕ ਡਿਪਟੀ ਕਮਿਸ਼ਨਰ (ਜ) ਦੀ ਅਦਾਲਤ ਵਿੱਚ ਵਿਚਾਰੇ ਜਾਂਦੇ ਹਨ। ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰੀ ਵਿਵੇਕ ਕੁਮਾਰ ਮੋਦੀ ਆਈ.ਏ.ਐੱਸ ਨੇ ਦੱਸਿਆ ਕਿ 8 ਅਕਤੂਬਰ ਨੂੰ ਓਹਨਾਂ ਦੀ ਅਦਾਲਤ ਵਿੱਚ 9 ਕੇਸਾਂ ਵਿੱਚ 1 ਲੱਖ 85 ਹਜ਼ਾਰ 500 ਰੁਪਏ ਜੁਰਮਾਨਾ ਕੀਤਾ ਗਿਆ। ਇਨ੍ਹਾਂ ਵਿਚ ਬਰਨਾਲਾ ਦੀਆਂ ਦੋ ਫਰਮਾਂ ਦੇ ਪਨੀਰ ਦੇ ਨਮੂਨਿਆਂ ਦੇ ਸਬ ਸਟੈਂਡਰਡ ਹੋਣ, ਇੱਕ ਫਰਮ ਦੇ ਮਿਕਸ ਦੁੱਧ ਦੇ ਨਮੂਨੇ ਸਬ ਸਟੈਂਡਰਡ ਹੋਣ, ਇੱਕ ਫਰਮ ਦੇ ਖੋਇਆ ਬਰਫ਼ੀ ਦੇ ਨਮੂਨਿਆਂ ਦੇ ਸਬ ਸਟੈਂਡਰਡ ਹੋਣ, ਇੱਕ ਫਰਮ ਦੇ ਮਿਲਕ ਕੇਕ ਦੇ ਨਮੂਨਿਆਂ ਦੇ ਸਬ ਸਟੈਂਡਰਡ ਹੋਣ, ਇੱਕ ਫਰਮ ਦੇ ਦਹੀਂ ਦੇ ਨਮੂਨਿਆਂ ਦੇ ਸਬ ਸਟੈਂਡਰਡ ਹੋਣ, ਇੱਕ ਫਰਮ ਦੇ ਲਾਲ ਚਟਨੀ, ਇੱਕ ਫਰਮ ਦੇ ਸਰ੍ਹੋਂ ਦੇ ਤੇਲ ਅਤੇ ਰਾਮਪੁਰਾ ਫੂਲ (ਬਠਿੰਡਾ) ਦੀਆਂ ਦੋ ਫਰਮਾਂ ਦੇ ਪਨੀਰ ਦੇ ਨਮੂਨਿਆਂ ਦੇ ਸਬ ਸਟੈਂਡਰਡ ਹੋਣ ਦੇ ਮਾਮਲੇ ਵਿਚ ਇਹ ਜੁਰਮਾਨਾ ਕੀਤਾ ਗਿਆ। ਓਹਨਾਂ ਕਿਹਾ ਕਿ ਆਉਂਦੇ ਸਮੇਂ ਵਿੱਚ ਅਜਿਹੇ ਮਾਮਲਿਆਂ ਵਿੱਚ ਪੂਰੀ ਸਖ਼ਤੀ ਵਰਤੀ ਜਾਵੇਗੀ ਤਾਂ ਜੋ ਲੋਕਾਂ ਦੀ ਸਿਹਤ ਨਾਲ ਖਿਲਵਾੜ ਨਾ ਹੋ ਸਕੇ।

# ਨਸ਼ਿਆਂ ਤੋਂ ਬਚਾਉਣ 'ਚ ਆਪਸਰਕਾਰ ਬੁਰੀ ਤਰ੍ਹਾਂ ਫੇਲ੍ਹ: ਦਿਉਗੜ੍ਹ



ਪਾਤੜਾਂ 12 ਅਕਤੂਬਰ (ਬਲਬੀਰ ਸਿੰਘ ਢਿਲੋਂ)–ਨਸ਼ਿਆਂ ਦੀ ਸਮੱਸਿਆ ਨੂੰ ਲੈ ਪੰਜਾਬ ਸਰਕਾਰ ਪੂਰੀ ਤਰ੍ਹਾਂ ਨਾਕਾਮ ਰਹੀ ਹੈ ਜਦਕਿ ਦਾਅਵਿਆਂ ਦੇ ਬਾਵਜੂਦ ਨਸ਼ਿਆਂ ਦੀ ਸਮੱਸਿਆ ਨੂੰ ਲੈ ਕੇ ਲੋਕਾਂ ਦੀਆਂ ਚਿੰਤਾਵਾਂ ਬਰਕਰਾਰ ਹਨ ਅਤੇ ਸਰਕਾਰ ਨੂੰ ਆਪਣੀ ਜਵਾਬਦੇਹੀ ਤੋਂ ਭੱਜਣ ਦੀ ਬਜਾਏ ਜ਼ਮੀਨੀ ਪੱਧਰ 'ਤੇ ਨਤੀਜੇ ਦਿਖਾਉਣੇ ਚਾਹੀਦੇ ਹਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗੁਰਪਿਆਰ ਸਿੰਘ ਦਿਉਗੜ੍ਹ ਨੇ ਕਿਹਾ ਕਿ ਪੰਜਾਬ ਦੀ ਨੌਜਵਾਨ ਪੀੜ੍ਹੀ ਦੇ ਭਵਿੱਖ ਨਾਲ ਜੁੜੇ ਇਸ ਗੰਭੀਰ ਮੁੱਦੇ 'ਤੇ ਸਰਕਾਰ ਦੀ ਕਾਰਗੁਜ਼ਾਰੀ ਸਵਾਲਾਂ ਦੇ ਘੇਰੇ ਵਿੱਚ ਹੈ। ਉਨ੍ਹਾਂ ਕਿਹਾ ਕਿ ਸਿਰਫ਼ ਵੱਡੇ–ਵੱਡੇ ਐਲਾਨਾਂ, ਭਾਸ਼ਣਾਂ ਅਤੇ ਪ੍ਰਚਾਰ ਨਾਲ ਨਸ਼ਿਆਂ ਦੀ ਸਮੱਸਿਆ ਖ਼ਤਮ ਨਹੀਂ ਹੋ ਸਕਦੀ। ਇਸ ਲਈ ਦੂਰਅੰਦੇਸ਼ੀ ਸੋਚ, ਸਖ਼ਤ ਕਾਰਵਾਈ ਅਤੇ ਲਗਾਤਾਰ ਨਿਗਰਾਨੀ ਦੀ ਲੋੜ ਹੈ। ਨਸਾ ਤਸਕਰੀ ਵਿਰੁੱਧ ਪ੍ਰਭਾਵਸ਼ਾਲੀ ਕਾਰਵਾਈ ਕਰਕੇ ਰੁਜ਼ਗਾਰ ਦੇ ਮੌਕੇ ਪੈਦਾ ਕਰਨੇ ਚਾਹੀਦੇ ਹਨ। ਨਸ਼ਿਆਂ ਦਾ ਸ਼ਿਕਾਰ ਹੋਏ ਨੌਜਵਾਨਾਂ ਲਈ ਬਿਹਤਰ ਇਲਾਜ ਅਤੇ ਮੁੜ ਵਸੇਬੇ ਦੀਆਂ ਸਹੂਲਤਾਂ ਯਕੀਨੀ ਬਣਾਉਣੀਆਂ ਵੀ ਸਰਕਾਰ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਨਸ਼ਿਆਂ ਦੇ ਮੁੱਦੇ 'ਤੇ ਸਿਰਫ਼ ਬਿਆਨਬਾਜ਼ੀ ਕਰਨ ਦੀ ਬਜਾਏ ਆਪਣੀ ਕਾਰਗੁਜ਼ਾਰੀ ਬਾਰੇ ਜਨਤਾ ਸਾਹਮਣੇ ਜਵਾਬਦੇਹ ਬਣੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਦਾ ਭਵਿੱਖ ਕਿਸੇ ਵੀ ਸਿਆਸੀ ਪ੍ਰਚਾਰ ਤੋਂ ਵੱਧ ਅਹਿਮ ਹੈ ਅਤੇ ਇਸ ਗੰਭੀਰ ਸਮੱਸਿਆ ਦੇ ਹੱਲ ਲਈ ਸਰਕਾਰ ਨੂੰ ਤੁਰੰਤ ਠੋਸ ਤੇ ਪ੍ਰਭਾਵਸ਼ਾਲੀ ਕਦਮ ਚੁੱਕਣੇ ਚਾਹੀਦੇ ਹਨ। ਤਾਂ ਜੋ ਪੰਜਾਬ ਦੇ ਨੌਜਵਾਨਾਂ ਨੂੰ ਮਾਰੂ ਨਸ਼ਿਆਂ ਤੋਂ ਬਚਾਇਆ ਜਾਵੇ ਤਦ ਹੀ ਪੰਜਾਬ ਰੰਗਲਾ ਤੇ ਹਰਿਆ ਭਰਿਆ ਬਣ ਸਕਦਾ ਹੈ।

# ਲੇਖਕ ਅਤੇ ਜਨਤਕ ਜਥੇਬੰਦੀਆਂ ਵੱਲੋਂ ਰੋਹ ਭਰਿਆ ਵਿਖਾਵਾ

## ਲੋਕ ਕਵੀ ਅਵਤਾਰ ਸਿੰਘ ਪਾਸ਼ ਦੇ ਜਨਮ ਦਿਨ ਮੌਕੇ ਜਾਤੀ ਸੂਚਕ ਸ਼ਬਦ ਬੋਲਣ ਵਾਲੇ ਸਰਪੰਚ 'ਤੇ ਪਰਚਾ ਦਰਜ ਕਰਨ ਦੀ ਜ਼ੋਰਦਾਰ ਮੰਗ



ਭਵਾਨੀਗੜ੍ਹ, 12 ਅਕਤੂਬਰ (ਕ੍ਰਿਸ਼ਨ ਚੌਹਾਨ)– ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਬਲਾਕ ਭਵਾਨੀਗੜ੍ਹ ਦੀ ਮੀਟਿੰਗ ਬਲਾਕ ਸੀਨੀਅਰ ਮੀਤ ਪ੍ਰਧਾਨ ਮਨਜੀਤ ਸਿੰਘ ਘਰਾਚੋਂ ਦੀ ਅਗਵਾਈ ਹੇਠ ਗੁਰਦੁਆਰਾ ਨੌਵੇਂ ਪਾਤਸ਼ਾਹ ਪਿੰਡ ਫੱਗੂਵਾਲਾ ਵਿਖੇ ਹੋਈ,ਜਿਸ 'ਚ ਸੂਬਾ ਸਕੱਤਰ ਜਗਤਾਰ ਸਿੰਘ ਕਾਲਾਝਾੜ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਆਗੂ ਜਗਤਾਰ ਸਿੰਘ ਕਾਲਾਝਾੜ,ਮਨਜੀਤ ਸਿੰਘ ਘਰਾਚੋਂ,ਬਲਵਿੰਦਰ ਸਿੰਘ ਘਨੌੜ, ਜਸਵੀਰ ਸਿੰਘ ਗੱਗੜਪੁਰ ਤੇ ਹਰਜਿੰਦਰ ਸਿੰਘ ਘਰਾਚੋਂ ਨੇ ਕਿਹਾ ਕਿ ਪਿਛਲੇ ਦਿਨੀਂ ਨਕੋਦਰ 'ਚ ਆਮ ਆਦਮੀ ਪਾਰਟੀ ਦੀ ਐਮ.ਐਲ.ਏ ਇੰਦਰਜੀਤ ਕੌਰ ਮਾਨ ਅਤੇ ਭਗਵੰਤ ਮਾਨ ਸਰਕਾਰ ਖਿਲਾਫ਼ ਲੋਕਾਂ ਦਾ ਹੜ੍ਹ ਆਇਆ ਸੀ, ਜਿਸ ਨੇ ਦੋਸ਼ੀਆਂ ਨੂੰ ਥਾਪੀ ਦੇਣ ਵਾਲਿਆਂ ਦੀ ਨੀਂਦ ਉਡਾ ਦਿੱਤੀ ਹੈ।ਆਗੂਆਂ ਨੇ ਕਿਹਾ ਕਿ ਤਲਵੰਡੀ ਸਲੇਮ ਦੇ ਸਰਪੰਚ ਪ੍ਰਦੀਪ ਸਿੰਘ ਨੇ ਪਿਛਲੇ ਅਰਸੇ ਤੋਂ ਪਾਸ਼–ਹੰਸ ਰਾਜ ਯਾਦਗਾਰੀ ਕੰਪਲੈਕਸ ਅਤੇ ਲੋਕ ਆਗੂਆਂ ਖਿਲਾਫ਼ ਘਟੀਆ ਹਮਲੇ ਕਰਨ ਦਾ ਠੇਕਾ ਲਿਆ ਹੋਇਆ ਹੈ। ਉਨਾਂ ਕਿਹਾ ਕਿ ਯਾਦ ਰਹੇ ਕਿ 9 ਸਤੰਬਰ ਨੂੰ ਪਾਸ਼ ਦੇ 76ਵੇਂ ਜਨਮ ਦਿਹਾੜੇ ਦੀਆਂ ਤਿਆਰੀਆਂ ਕਰ ਰਹੇ ਮਜ਼ਦੂਰ ਆਗੂ ਤੇ ਕਹਾਣੀਕਾਰ ਹਰਮੇਸ਼ ਮਾਲੜੀ ਅਤੇ ਉਸਦੇ ਸਾਥੀਆਂ ਨੂੰ ਸਰਪੰਚ ਵੱਲੋਂ ਜਾਤੀ ਸੂਚਕ ਗਾਲਾਂ ਕੱਢੀਆਂ ਗਈਆਂ, ਹਮਲਾ ਕੀਤਾ ਗਿਆ ਅਤੇ ਇੱਕ ਮਜ਼ਦੂਰ ਕਾਰਕੁਨ ਦਾ ਮੋਬਾਇਲ ਖੋਹ ਲਿਆ ਗਿਆ ਸੀ। ਇੱਕ ਮਹੀਨਾ ਬੀਤਣ ਦੇ ਬਾਵਜੂਦ ਵੀ ਪੁਲਿਸ ਸਰਪੰਚ 'ਤੇ ਛ3/ਛ" ਐਕਟ ਤਹਿਤ ਪਰਚਾ ਦਰਜ ਨਹੀਂ ਕਰ ਰਹੀ। ਇਸੇ ਰੋਸ ਵਜੋਂ ਪੰਜਾਬ ਦੀਆਂ ਦਰਜਨਾਂ ਲੇਖਕ, ਜਮਹੂਰੀ, ਮਜ਼ਦੂਰ, ਕਿਸਾਨ ਤੇ ਤਰਕਸ਼ੀਲ ਜਥੇਬੰਦੀਆਂ ਨੇ ਨਕੋਦਰ ਤਹਿਸੀਲ ਕੰਪਲੈਕਸ 'ਚ ਡੀ.ਐਸ.ਪੀ ਦਫਤਰ ਅੱਗੇ ਧਰਨਾ ਤੇ ਰੋਹ ਭਰੀ ਰੈਲੀ ਕੀਤੀ ਸੀ।ਮੀਟਿੰਗ 'ਚ ਚੇਤਾਵਨੀ ਦਿੱਤੀ ਗਈ ਕਿ ਜੇਕਰ ਸਰਕਾਰ ਨੇ ਹੁਣ ਵੀ ਕੰਧ 'ਤੇ ਲਿਖਿਆ ਨਾ ਪੜ੍ਹਿਆ ਤਾਂ 14 ਅਕਤੂਬਰ ਨੂੰ ਫਰੀਦਕੋਟ ਦੇ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਘਰ ਅੱਗੇ,15 ਅਕਤੂਬਰ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਸੰਗਰੂਰ ਅੱਗੇ ਜ਼ੋਰਦਾਰ ਰੋਸ ਵਿਖਾਵੇ ਕੀਤੇ ਜਾਣਗੇ, ਜਿਸ 'ਚ ਵੱਡੀ ਗਿਣਤੀ 'ਚ ਕਿਸਾਨ, ਮਜ਼ਦੂਰ ਤੇ ਬੀਬੀਆਂ ਸ਼ਾਮਲ ਹੋਣਗੀਆਂ।ਆਗੂਆਂ ਨੇ ਕਿਹਾ ਕਿ ਇਸ ਧਰਨੇ ਦੀਆ ਮੰਗਾਂ ਸਰਪੰਚ ਪ੍ਰਦੀਪ ਸਿੰਘ 'ਤੇ ਛ3/ਛ" ਐਕਟ ਤਹਿਤ ਪਰਚਾ ਦਰਜ ਕਰਕੇ ਤੁਰੰਤ ਗ੍ਰਿਫਤਾਰ ਕੀਤਾ ਜਾਵੇ ਪਾਸ਼–ਹੰਸ ਰਾਜ ਯਾਦਗਾਰੀ ਕੰਪਲੈਕਸ ਨੂੰ ਆਪਣੇ ਨਿੱਜੀ ਸਿਆਸੀ ਮੁਫਾਦ ਲਈ ਵਰਤਣਾ ਬੰਦ ਕੀਤਾ ਜਾਵੇ।ਯਾਦਗਾਰੀ ਕੰਪਲੈਕਸ ਨੂੰ ਪੰਜਾਬ ਸਰਕਾਰ ਇਤਿਹਾਸਕ–ਸਾਹਿਤਕ ਵਿਰਾਸਤ ਵਜੋਂ ਮਾਨਤਾ ਦੇਵੇ।ਅੱਜ ਦੀ ਮੀਟਿੰਗ 'ਚ ਕਰਮ ਚੰਦ ਪੰਨਵਾਂ,ਰਘਵੀਰ ਸਿੰਘ ਘਰਾਚੋਂ, ਕਸ਼ਮੀਰ ਸਿੰਘ ਆਲੋਅਰਖ, ਗੁਰਦੇਵ ਸਿੰਘ ਆਲੋਅਰਖ ਸਮੇਤ ਸਾਰੀਆਂ ਪਿੰਡ ਇਕਾਈਆਂ ਦੇ ਪ੍ਰਧਾਨ–ਸਕੱਤਰ ਹਾਜ਼ਰ ਸਨ।

# ਪਿੰਡ ਨਲੀਨਾ ਕਲਾਂ ਦੇ ਹੋਮਗਾਰਡ ਮੁਲਾਜ਼ਮ ਸਲਾਮਦੀਨ ਦੀ ਡਿਊਟੀ ਦੌਰਾਨ ਹਾਦਸੇ ਵਿੱਚ ਦਰਦਨਾਕ ਮੌਤ

ਫ਼ਤਿਹਗੜ੍ਹ ਸਾਹਿਬ 12 ਅਕਤੂਬਰ (ਗੁਰਪ੍ਰੀਤ ਸਿੰਘ ਜਖਵਾਲੀ) ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਦੇ ਪਿੰਡ ਨਲੀਨਾ ਕਲਾਂ ਤੋਂ ਇੱਕ ਬੇਹੱਦ ਦੁਖਦਾਈ ਖ਼ਬਰ ਸਾਹਮਣੇ ਆਈ ਹੈ। ਪਿੰਡ ਨਲੀਨਾ ਕਲਾਂ ਦੇ ਵਸਨੀਕ ਅਤੇ ਹੋਮਗਾਰਡ ਪੁਲਿਸ ਦਾ ਮੁਲਾਜ਼ਮ ਜ਼ਿਆਦਾਤਰ ਮੂਲੇਪੁਰ ਥਾਣੇ ਵਿੱਚ ਕਈ ਸਾਲਾਂ ਤੋਂ ਸਲਾਮਦੀਨ ਡਿਊਟੀ ਨਿਭਾ ਰਿਹਾ ਸੀ,ਪਰ ਪ੍ਰਮਾਤਮਾ ਨੂੰ ਹੋਰ ਮਨਜ਼ੂਰ ਸੀ, ਸਲਾਮਦੀਨ ਦੀ ਡਿਊਟੀ ਦੌਰਾਨ ਵਾਪਰੇ ਹਾਦਸੇ ਵਿੱਚ ਮੌਤ ਹੋ ਗਈ। ਇਸ ਮੰਦਭਾਗੀ ਖ਼ਬਰ ਨਾਲ ਪਿੰਡ ਨਲੀਨਾ ਕਲਾਂ ਸਮੇਤ ਆਸ–ਪਾਸ ਦੇ ਇਲਾਕੇ ਵਿੱਚ ਸੋਗ ਦੀ ਲਹਿਰ ਫੈਲ ਗਈ ਹੈ। ਸਲਾਮਦੀਨ ਨੂੰ ਇੱਕ ਇਮਾਨਦਾਰ, ਨਿਮਰ ਅਤੇ ਮਿਲਣਸਾਰ ਇਨਸਾਨ ਵਜੋਂ ਯਾਦ ਕੀਤਾ ਜਾ ਰਿਹਾ ਹੈ। ਉਹ ਆਪਣੀ ਡਿਊਟੀ ਪੂਰੀ ਤਨਦੇਹੀ ਅਤੇ ਜ਼ਿੰਮੇਵਾਰੀ ਨਾਲ ਨਿਭਾਉਂਦੇ ਸਨ। ਉਨ੍ਹਾਂ ਦੇ ਅਚਾਨਕ ਵਿਛੋੜੇ ਨਾਲ ਪਰਿਵਾਰ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਜਦਕਿ ਪਿੰਡ ਵਾਸੀਆਂ ਅਤੇ ਉਨ੍ਹਾਂ ਦੇ ਜਾਣਕਾਰਾਂ ਵਿੱਚ ਵੀ ਡੂੰਘਾ ਦੁੱਖ ਪਾਇਆ ਜਾ ਰਿਹਾ ਹੈ। ਇਲਾਕਾ ਨਿਵਾਸੀਆਂ ਵੱਲੋਂ ਦੁਖੀ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਜਾ ਰਹੀ ਹੈ। ਪਰਮਾਤਮਾ ਅੱਗੇ ਅਰਦਾਸ ਕੀਤੀ ਜਾ ਰਹੀ ਹੈ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਅਤੇ ਪਰਿਵਾਰ ਨੂੰ ਇਸ ਅਸਹਿ ਦੁੱਖ ਨੂੰ ਸਹਿਣ ਦਾ ਬਲ ਪ੍ਰਦਾਨ ਕਰਨ।



# ਪੰਜਾਬ ਵਿੱਚ ਉਦਯੋਗਪਤੀਆਂ ਅਤੇ ਵਪਾਰੀਆਂ 'ਤੇ ਦਬਾਅ, ਉਦਯੋਗ ਦੂਜੇ ਸੂਬਿਆਂ ਵੱਲ ਜਾਣ ਲਈ ਮਜਬੂਰ: ਐਨ.ਕੇ. ਸ਼ਰਮਾ

## ਅਕਾਲੀ ਦਲ ਦੀ ਸਰਕਾਰ ਬਣਨ 'ਤੇ ਵਪਾਰੀਆਂ ਨੂੰ ਰਾਹਤ, ਉਦਯੋਗਾਂ ਨੂੰ 5 ਰੁਪਏ ਪ੍ਰਤੀ ਯੂਨਿਟ ਬਿਜਲੀ ਅਤੇ 24 ਘੰਟੇ ਨਿਰਵਿਘਨ ਸਪਲਾਈ ਦੇਣ ਦਾ ਕੀਤਾ ਵਾਅਦਾ



ਸੁਨਾਮ ਊਧਮ ਸਿੰਘ ਵਾਲਾ, 12 ਅਕਤੂਬਰ (ਰਾਜੂ ਸਿੰਗਲਾ / ਰਾਜ਼ੇਸ਼ ਕੁਮਾਰ): ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਵਿਨਰਜੀਤ ਸਿੰਘ ਗੋਲਡੀ ਦੇ ਦਫਤਰ ਵਿਖੇ ਪੁੱਜੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਵਿਧਾਇਕ ਐਨ.ਕੇ. ਸ਼ਰਮਾ ਨੇ ਕਿਹਾ ਕਿ ਪੰਜਾਬ ਵਿੱਚ ਮੌਜੂਦਾ ਸਰਕਾਰ ਦੀਆਂ ਨੀਤੀਆਂ ਕਾਰਨ ਵਪਾਰੀ ਅਤੇ ਉਦਯੋਗਪਤੀ ਭਾਰੀ ਦਬਾਅ ਹੇਠ ਹਨ। ਉਨ੍ਹਾਂ ਦਾਅਵਾ ਕੀਤਾ ਕਿ ਮਹਿੰਗੀ ਬਿਜਲੀ, ਕਥਿਤ ਸਰਕਾਰੀ ਦਖ਼ਲਅੰਦਾਜ਼ੀ, ਫਿਰੌਤੀਆਂ ਅਤੇ ਉਦਯੋਗਾਂ ਲਈ ਅਨੁਕੂਲ ਮਾਹੌਲ ਦੀ ਘਾਟ ਕਾਰਨ ਪੰਜਾਬ ਦਾ ਵਪਾਰਕ ਖੇਤਰ ਪ੍ਰਭਾਵਿਤ ਹੋ ਰਿਹਾ ਹੈ। ਸੁਨਾਮ ਵਿੱਚ ਵਪਾਰੀਆਂ, ਉਦਯੋਗਪਤੀਆਂ, ਚੈਂਬਰ ਆਫ ਕਾਮਰਸ ਅਤੇ ਵੱਖ–ਵੱਖ ਸਮਾਜਿਕ ਸੰਸਥਾਵਾਂ ਦੇ ਨੁਮਾਇੰਦਿਆਂ ਨਾਲ ਮੀਟਿੰਗਾਂ ਦੌਰਾਨ ਐਨ.ਕੇ. ਸ਼ਰਮਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਵਿਜ਼ਨ ਨੂੰ ਵਪਾਰੀਆਂ ਅਤੇ ਉਦਯੋਗਪਤੀਆਂ ਤੱਕ ਪਹੁੰਚਾਉਣ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਜਾਣਨ ਲਈ ਸੂਬੇ ਭਰ ਵਿੱਚ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਮੀਟਿੰਗਾਂ ਤੋਂ ਮਿਲਣ ਵਾਲੇ ਸੁਝਾਵਾਂ ਦੇ ਆਧਾਰ 'ਤੇ ਪਾਰਟੀ ਦਾ ਚੋਣ ਮਨੋਰਥ ਪੱਤਰ ਤਿਆਰ ਕੀਤਾ ਜਾਵੇਗਾ। ਐਨ.ਕੇ. ਸ਼ਰਮਾ ਨੇ ਕਿਹਾ ਕਿ ਪੰਜਾਬ ਵਿੱਚ ਉਦਯੋਗਾਂ ਦੀ ਤਰੱਕੀ ਲਈ ਸਸਤੀ ਅਤੇ ਨਿਰਵਿਘਨ ਬਿਜਲੀ ਸਭ ਤੋਂ ਵੱਡੀ ਲੋੜ ਹੈ। ਉਨ੍ਹਾਂ ਦਾਅਵਾ ਕੀਤਾ ਕਿ ਅਕਾਲੀ ਦਲ ਦੀ ਪਿਛਲੀ ਸਰਕਾਰ ਦੌਰਾਨ ਬਿਜਲੀ ਉਤਪਾਦਨ ਅਤੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਕਈ ਕਦਮ ਚੁੱਕੇ ਗਏ ਸਨ, ਪਰ ਮੌਜੂਦਾ ਸਰਕਾਰ ਨੇ ਬਿਜਲੀ ਉਤਪਾਦਨ ਵਧਾਉਣ ਵੱਲ ਲੋੜੀਂਦਾ ਧਿਆਨ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਬਿਜਲੀ ਉਤਪਾਦਨ ਵਧਾਉਣ, ਸੋਲਰ ਊਰਜਾ ਨੂੰ ਉਤਸ਼ਾਹਿਤ ਕਰਨ ਅਤੇ ਉਦਯੋਗਾਂ ਨੂੰ 5 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ 24 ਘੰਟੇ ਨਿਰਵਿਘਨ ਬਿਜਲੀ ਸਪਲਾਈ ਦੇਣ ਦੀ ਯੋਜਨਾ ਲਾਗੂ ਕੀਤੀ ਜਾਵੇਗੀ। ਉਨ੍ਹਾਂ ਅਨੁਸਾਰ ਘਰਾਂ 'ਤੇ ਸੋਲਰ ਸਿਸਟਮ ਲਗਾਉਣ ਦੀ ਯੋਜਨਾ ਰਾਹੀਂ ਬਿਜਲੀ ਸਬਸਿਡੀ ਦੇ ਖਰਚੇ ਵਿੱਚ ਵੀ ਕਮੀ ਲਿਆਂਦੀ ਜਾ ਸਕਦੀ ਹੈ। ਸਾਬਕਾ ਵਿਧਾਇਕ ਨੇ ਕਿਹਾ ਕਿ ਪੰਜਾਬ ਖੇਤੀਬਾੜੀ ਪ੍ਰਧਾਨ ਸੂਬਾ ਹੋਣ ਕਰਕੇ ਫੂਡ ਪ੍ਰੋਸੈਸਿੰਗ ਉਦਯੋਗਾਂ ਲਈ ਵੱਡੀਆਂ ਸੰਭਾਵਨਾਵਾਂ ਰੱਖਦਾ ਹੈ। ਉਨ੍ਹਾਂ ਵਾਅਦਾ ਕੀਤਾ ਕਿ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਫੂਡ ਪ੍ਰੋਸੈਸਿੰਗ ਉਦਯੋਗ ਸਥਾਪਤ ਕਰਨ ਵਾਲਿਆਂ ਨੂੰ ਟੈਕਸਾਂ ਵਿੱਚ ਛੋਟਾਂ ਅਤੇ ਹੋਰ ਸਹੂਲਤਾਂ ਦੇਣ ਲਈ ਨੀਤੀ ਬਣਾਈ ਜਾਵੇਗੀ, ਤਾਂ ਜੋ ਨਵੇਂ ਉਦਯੋਗ ਸੂਬੇ ਵਿੱਚ ਆਉਣ ਅਤੇ ਨੌਜਵਾਨਾਂ ਨੂੰ ਰੁਜ਼ਗਾਰ ਮਿਲ ਸਕੇ। ਉਨ੍ਹਾਂ ਕਿਹਾ ਕਿ ਵਪਾਰੀਆਂ ਨੂੰ ਬੇਲੋੜੀ ਇੰਸਪੈਕਟਰੀ ਦਖ਼ਲਅੰਦਾਜ਼ੀ ਤੋਂ ਰਾਹਤ ਦੇਣ, ਕਾਰੋਬਾਰ ਨੂੰ ਸੁਖਾਲਾ ਬਣਾਉਣ ਅਤੇ ਛੋਟੇ ਵਪਾਰੀਆਂ ਲਈ ਸਿਹਤ ਬੀਮਾ ਵਰਗੀਆਂ ਸਹੂਲਤਾਂ ਦੇਣ ਦੇ ਪ੍ਰਸਤਾਵ ਵੀ ਪਾਰਟੀ ਦੇ ਮਨੋਰਥ ਪੱਤਰ ਵਿੱਚ ਸ਼ਾਮਲ ਕੀਤੇ ਜਾਣਗੇ। ਸ਼ਰਮਾ ਨੇ ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ, ਗੈਂਗਸਟਰਾਂ ਦੀਆਂ ਸਰਗਰਮੀਆਂ ਅਤੇ ਉਦਯੋਗਾਂ ਨੂੰ ਹੁਨਰਮੰਦ ਕਾਮੇ ਨਾ ਮਿਲਣ ਦੇ ਮੁੱਦੇ ਵੀ ਉਠਾਏ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰਨ ਦੇ ਨਾਲ–ਨਾਲ ਨਸ਼ੇ ਦੀ ਲਤ ਨਾਲ ਜੂਝ ਰਹੇ ਨੌਜਵਾਨਾਂ ਦੇ ਇਲਾਜ, ਸਿਖਲਾਈ ਅਤੇ ਮੁੜ ਵਸੇਬੇ ਲਈ ਵੀ ਯੋਜਨਾਬੱਧ ਕਦਮ ਚੁੱਕਣ ਦੀ ਲੋੜ ਹੈ। ਉਨ੍ਹਾਂ ਦਾਅਵਾ ਕੀਤਾ ਕਿ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਨੌਜਵਾਨਾਂ ਨੂੰ ਹੁਨਰਮੰਦ ਬਣਾਉਣ, ਸਵੈ–ਰੁਜ਼ਗਾਰ ਲਈ ਵਿਆਜ ਰਹਿਤ ਕਰਜ਼ੇ ਦੇਣ ਅਤੇ ਉਦਯੋਗਾਂ ਵਿੱਚ ਸਿਖਲਾਈ ਲੈ ਰਹੇ ਨੌਜਵਾਨਾਂ ਦੀ ਤਨਖ਼ਾਹ ਵਿੱਚ ਸਰਕਾਰੀ ਸਹਾਇਤਾ ਦੇਣ ਵਰਗੇ ਪ੍ਰਸਤਾਵਾਂ 'ਤੇ ਕੰਮ ਕੀਤਾ ਜਾਵੇਗਾ। ਸਾਬਕਾ ਵਿਧਾਇਕ ਨੇ ਪੰਜਾਬ ਸਿਰ ਵਧ ਰਹੇ ਕਰਜ਼ੇ ਦਾ ਹਵਾਲਾ ਦਿੰਦਿਆਂ ਕਿਹਾ ਕਿ ਸੂਬੇ ਦੀ ਆਰਥਿਕ ਸਥਿਤੀ ਚਿੰਤਾਜਨਕ ਹੈ। ਉਨ੍ਹਾਂ ਦੋਸ਼ ਲਾਇਆ ਕਿ ਮੌਜੂਦਾ ਸਰਕਾਰ ਵਿਕਾਸ, ਉਦਯੋਗਿਕ ਨਿਵੇਸ਼ ਅਤੇ ਬੁਨਿਆਦੀ ਢਾਂਚੇ ਦੇ ਮਾਮਲੇ ਵਿੱਚ ਉਮੀਦਾਂ 'ਤੇ ਖਰੀ ਨਹੀਂ ਉਤਰੀ। ਉਨ੍ਹਾਂ ਦਾਅਵਾ ਕੀਤਾ ਕਿ ਅਕਾਲੀ ਦਲ ਦੀ ਪਿਛਲੀ ਸਰਕਾਰ ਦੌਰਾਨ ਸੜਕਾਂ, ਬਿਜਲੀ, ਹਵਾਈ ਅੱਡਿਆਂ ਅਤੇ ਉਦਯੋਗਿਕ ਖੇਤਰਾਂ ਦੇ ਵਿਕਾਸ ਲਈ ਕੰਮ ਕੀਤੇ ਗਏ ਸਨ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਪਾਰਟੀ ਵੱਖ–ਵੱਖ ਵਰਗਾਂ ਨਾਲ ਵਿਚਾਰ–ਵਟਾਂਦਰਾ ਕਰਕੇ ਅਜਿਹਾ ਚੋਣ ਮਨੋਰਥ ਪੱਤਰ ਤਿਆਰ ਕਰੇਗੀ, ਜਿਸ ਵਿੱਚ ਕੀਤੇ ਜਾਣ ਵਾਲੇ ਵਾਅਦਿਆਂ ਨੂੰ ਲਾਗੂ ਕਰਨ ਦੀ ਯੋਜਨਾ ਵੀ ਸਪੱਸ਼ਟ ਕੀਤੀ ਜਾਵੇਗੀ। ਸ਼ਰਮਾ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਿਆਸੀ ਪਾਰਟੀਆਂ ਦੇ ਵਾਅਦਿਆਂ ਦੀ ਬਜਾਏ ਉਨ੍ਹਾਂ ਦੇ ਪਿਛਲੇ ਕਾਰਜਕਾਲ ਅਤੇ ਕਾਰਗੁਜ਼ਾਰੀ ਦੇ ਆਧਾਰ 'ਤੇ ਫ਼ੈਸਲਾ ਲੈਣ।

# ਟੱਲੇਵਾਲ ਦੇ ਗੁਰਦੁਆਰਾ ਗੁਰੂਸਰ ਸਾਹਿਬ ਪਾਤਿਸ਼ਾਹੀ ਛੇਵੀਂ ਵਿਖੇ ਤਿੰਨ ਰੋਜ਼ਾ ਧਾਰਮਿਕ ਸਮਾਗਮ ਸਮਾਪਤ



ਮਹਿਲ ਕਲਾਂ, ਬਰਨਾਲਾ 12ਅਕਤੂਬਰ ( ਜਗਸੀਰ ਸਿੰਘ ਸਹਿਜੜਾ)ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਤ ਗਵਾਲੀਅਰ ਦੇ ਕਿਲ੍ਹੇ ਵਿਚੋਂ ਬਾਹਰ ਆਉਣ ਦੀ ਖੁਸ਼ੀ ਅਤੇ ਸ੍ਰੀਮਾਨ ਸੰਤ ਬਾਬਾ ਕਰਨੈਲ ਸਿੰਘ ਟੱਲੇਵਾਲ ਵਾਲਿਆਂ ਦੀ ਯਾਦ ਵਿਚ ਤਿੰਨ ਰੋਜ਼ਾ ਧਾਰਮਿਕ ਸਮਾਗਮ 8 ਅਕਤੂਬਰ ਤੋਂ 10 ਅਕਤੂਬਰ ਤਕ ਗੁਰਦੁਆਰਾ ਗੁਰੂਸਰ ਸਾਹਿਬ ਪਾਤਸ਼ਾਹੀ ਛੇਵੀਂ ਟੱਲੇਵਾਲ ਦੇ ਮੁੱਖ ਸੇਵਾਦਾਰ ਸੰਤ ਬਾਬਾ ਭਗਵਾਨ ਸਿੰਘ ਜੀ ਟੱਲੇਵਾਲ ਦੀ ਅਗਵਾਈ ਵਿਚ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਜਿੱਥੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਉੱਥੇ ਦੀਵਾਨ ਵੀ ਸਜਾਏ ਗਏ। ਇਸ ਸਮਾਗਮ ਦੌਰਾਨ ਪੰਜ ਪਿਆਰੇ ਸਾਹਿਬਾਨ, ਮਹਾਂਪੁਰਸ਼ਾਂ, ਪੰਥ ਦੇ ਮਹਾਨ ਵਿਦਵਾਨ, ਸੰਤ ਮਹਾਂਪੁਰਸ਼, ਕਥਾ ਵਾਚਕ ਅਤੇ ਸਮੂਹ ਸੰਗਤ ਦੀ ਵਿਚ ਗੁਰਦੁਆਰਾ ਸਾਹਿਬ ਵਿਖੇ ਬਣਾਏ ਜਾ ਰਹੇ ਨਵੇਂ ਦਰਬਾਰ ਸਾਹਿਬ ਦੀ ਕਾਰ ਸੇਵਾ ਦਾ ਟੱਪਾ ਵੀ ਲਗਾਇਆ ਗਿਆ। ਸਮਾਗਮ ਮੌਕੇ ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ, ਸੰਤ ਬਾਬਾ ਅਵਤਾਰ ਸਿੰਘ, ਬਾਬਾ ਬਲਦੇਵ ਸਿੰਘ ਸ੍ਰੀ ਦਰਬਾਰ ਸਾਹਿਬ ਗਿਆਨੀ ਨਿਰਮਲ ਸਿੰਘ ਰੱਤਾਖੇੜਾ, ਸੰਤ ਗੁਰਮੀਤ ਸਿੰਘ ਕੱਟੂ, ਬਾਬਾ ਪ੍ਰੀਤਮ ਸਿੰਘ ਗਿਆਨੀ ਲਵਪ੍ਰੀਤ ਸਿੰਘ ਰੋਪੜ, ਬਾਬਾ ਸੰਤ ਬਾਬਾ ਹਰਨੇਕ ਸਿੰਘ ਰਾੜਾ ਸਾਹਿਬ ਵਾਲੇ, ਜਥੇਦਾਰ ਗੁਰਨੈਬ ਸਿੰਘ, ਭਾਈ ਬਚਿੱਤਰ ਸਿੰਘ ਆਦੁਪੌੜ ਮਾਛੀਕੇ, ਬਾਬਾ ਦਰਸ਼ਨ ਸਿੰਘ ਫੱਤਾ ਮਾਲੋਕੇ, ਬਾਬਾ ਲਾਭ ਸਿੰਘ ਫੱਤਾ ਮਾਲੋਕੇ, ਬਾਬਾ ਗੁਰਮੀਤ ਸਿੰਘ ਖੋਸਾ ਕੋਟਲਾ, ਬਾਬਾ ਲਾਭ ਸਿੰਘ ਚਹਿਲਾਂ ਵਾਲੀ, ਬਾਬਾ ਮੋਹਣ ਸਿੰਘ ਕੱਟੂ, ਬਾਬਾ ਲਖਵੀਰ ਸਿੰਘ ਢਾਬ ਸਾਹਿਬ, ਬਾਬਾ ਭਰਪੂਰ ਸਿੰਘ, ਬਾਬਾ ਗੁਰਮੁਖ ਸਿੰਘ ਪਟਿਆਲਾ, ਜਥੇਦਾਰ ਨਾਥ ਸਿੰਘ ਹਮੀਦੀ, ਸੁਖਬੀਰ ਸਿੰਘ ਸੋਖੀ, ਬਲਰਾਜ ਸਿੰਘ ਕਾਕਾ ਸਾਬਕਾ ਸਰਪੰਚ, ਰੁਪਿੰਦਰ ਸਿੰਘ ਭਿੰਦਾ ਘਟੌੜਾ, ਬਲਵੰਤ ਸਿੰਘ ਕਾਲਾ ਢਿੱਲੋਂ ਸਮੁੰਦਰ ਸਿੰਘ ਜੱਸੜ, ਰੁਪਿੰਦਰ ਸਿੰਘ ਜੱਸੜ,ਬੇਅੰਤ ਸਿੰਘ ਨੱਤ ਸਰਪੰਚ, ਸੁਖਦੇਵ ਸਿੰਘ ਬੁੱਗਰ ਸਰਪੰਚ, ਰਾਜਾ ਜੱਸੜ, ਬਲਜਿੰਦਰ ਸਿੰਘ ਸਰਾਂ, ਡਾ: ਜਗਰਾਜ ਸਿੰਘ ਸਰਪੰਚ ਸਮੂਹ ਪੰਚਾਇਤ, ਰਿੰਕੂ ਰੰਧਾਵਾ ਟੱਲੇਵਾਲ, ਬਾਬਾ ਬਲਜਿੰਦਰ ਸਿੰਘ ਚੂੰਘਾ, ਰਾਜੂ ਧਨੋਆ, ਕੁਲਵੰਤ ਸਿੰਘ ਭਿੰਡਰ ਕਲਾਂ, ਬਾਬਾ ਦਲਵਾਰ ਸਿੰਘ ਚੰਨਣਵਾਲ, ਜਥੇਦਾਰ ਪਿੱਪਲ ਸਿੰਘ, ਜੱਸਾ ਸਿੰਘ, ਗਗਨਦੀਪ ਸਿੰਘ ਹਜ਼ੂਰੀ ਰਾਗੀ, ਬਾਬਾ ਹਰਜੀਤ ਸਿੰਘ ਲੁਧਿਆਣਾ, ਬਾਬਾ ਬਲਕਾਰ ਸਿੰਘ ਪੰਜਗਰਾਈਆਂ ਵਾਲੇ, ਬਾਬਾ ਜੀਤ ਸਿੰਘ ਹਿੰਮਤਪੁਰਾ, ਗਿਆਨੀ ਨਿਰਮਲ ਸਿੰਘ ਰੱਤਾਖੇੜਾ, ਰਾਗੀ ਤੇਜਿੰਦਰ ਸਿੰਘ, ਹਰਪਿੰਦਰ ਸਿੰਘ, ਬਾਬਾ ਗੁਰਮੁਖ ਸਿੰਘ, ਬਾਬਾ ਹਰਚਰਨ ਸਿੰਘ ਕਮਾਣੇ ਵਾਲੇ, ਤਰਸੇਮ ਸਿੰਘ ਝੁਨੀਰ, ਰਾਜਾ ਸਿੰਘ ਦੇਕੇ, ਉਪਦੇਸ਼ ਸਿੰਘ ਤੋਂ ਇਲਾਵਾ ਵੱਡੀ ਪਾਰਟੀਆਂ, ਇਲਾਕੇ ਦੀਆਂ ਪੰਚਾਇਤਾਂ ਅਤੇ ਹੋਰ ਨੁਮਾਇੰਦਿਆਂ ਨੇ ਹਾਜ਼ਰੀ ਲਗਵਾਈ। ਸਮਾਗਮ ਮੌਕੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਬਾਬਾ ਗੰਡਾ ਸਿੰਘ ਸਕੂਲ ਅਮਰਗੜ੍ਹ 'ਚ ਸਿੱਖਣ ਨਤੀਜੇ ਅਤੇ ਪੈਡਾਗੌਜੀ 'ਤੇ 8 ਘੰਟੇ ਦਾ ਵਿਸ਼ੇਸ਼ ਸਿਖਲਾਈ ਸੈਸ਼ਨ




ਅਮਰਗੜ੍ਹ–12 ਅਕਤੂਬਰ (ਕੁਲਵੰਤ ਸਿੰਘ ਮੁਹਾਲੀ) ਬਾਬਾ ਗੰਡਾ ਸਿੰਘ ਪਬਲਿਕ ਸੀਨੀ ਸੈਕੰਡਰੀ ਸਕੂਲ, ਅਮਰਗੜ੍ਹ ਵਿਖੇ ਪ੍ਰਿੰਸੀਪਲ ਡਾ.ਸੋਮ ਪ੍ਰਕਾਸ਼ ਦੀ ਯੋਗ ਅਗਵਾਈ ਹੇਠ 'ਲਰਨਿੰਗ ਆਉਟਕਮਜ਼ ਅਤੇ ਪੈਡਾਗੌਜੀ' (ਸਿੱਖਣ ਦੇ ਨਤੀਜੇ ਅਤੇ ਅਧਿਆਪਨ ਸ਼ਾਸਤਰ) ਵਿਸ਼ੇ 'ਤੇ ਇੱਕ ਰੋਜ਼ਾ ਸਮਰੱਥਾ ਵਿਕਾਸ ਪ੍ਰੋਗਰਾਮ ਦਾ ਸਫ਼ਲ ਆਯੋਜਨ ਕੀਤਾ ਗਿਆ।ਅੱਠ ਘੰਟੇ ਤੱਕ ਚੱਲੇ ਇਸ ਸਿਖਲਾਈ ਪ੍ਰੋਗਰਾਮ ਦਾ ਮੁੱਖ ਉਦੇਸ਼ ਅਧਿਆਪਕਾਂ ਨੂੰ ਸਿੱਖਣ ਦੇ ਨਤੀਜਿਆਂ ਬਾਰੇ ਡੂੰਘੀ ਸਮਝ ਪ੍ਰਦਾਨ ਕਰਨਾ, ਅਧਿਆਪਨ ਵਿਧੀਆਂ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣਾ ਅਤੇ ਕਲਾਸਰੂਮ ਵਿੱਚ ਆਧੁਨਿਕ ਤੇ ਵਿਦਿਆਰਥੀ–ਕੇਂਦਰਿਤ ਸਿੱਖਣ ਦੀਆਂ ਰਣਨੀਤੀਆਂ ਨੂੰ ਉਤਸ਼ਾਹਿਤ ਕਰਨਾ ਸੀ। ਇਸ ਪ੍ਰੋਗਰਾਮ ਵਿੱਚ ਸੀ.ਬੀ.ਐੱਸ.ਈ ਵੱਲੋਂ ਨਿਯੁਕਤ ਸਰੋਤ ਵਿਅਕਤੀਆਂ ਸ੍ਰੀਮਤੀ ਪਰਮਜੀਤ ਕੌਰ ਅਤੇ ਸ੍ਰੀਮਤੀ ਮੰਜਰੀ ਤੇਜਪਾਲ ਨੇ ਅਧਿਆਪਕਾਂ ਦਾ ਮਾਰਗਦਰਸ਼ਨ ਕੀਤਾ। ਉਨ੍ਹਾਂ ਨੇ ਪ੍ਰਭਾਵਸ਼ਾਲੀ ਅਧਿਆਪਨ ਵਿਧੀਆਂ, ਸਿੱਖਣ ਦੇ ਨਤੀਜਿਆਂ ਅਨੁਸਾਰ ਪਾਠ ਯੋਜਨਾਵਾਂ ਤਿਆਰ ਕਰਨ ਅਤੇ ਵਿਦਿਆਰਥੀਆਂ ਦੀ ਅਕਾਦਮਿਕ ਪ੍ਰਗਤੀ ਨੂੰ ਬਿਹਤਰ ਬਣਾਉਣ ਦੇ ਵਿਹਾਰਕ ਤਰੀਕਿਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਦੇ ਮਾਰਗਦਰਸ਼ਨ ਸਦਕਾ ਅਧਿਆਪਕਾਂ ਨੂੰ ਆਪਣੀ ਅਧਿਆਪਨ ਪ੍ਰਕਿਰਿਆ ਨੂੰ ਹੋਰ ਉਦੇਸ਼ਪੂਰਨ, ਰੁਚਿਕਰ ਅਤੇ ਨਤੀਜਾਮੁਖੀ ਬਣਾਉਣ ਲਈ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਹੋਈ।ਇਸ ਸਿਖਲਾਈ ਪ੍ਰੋਗਰਾਮ ਵਿੱਚ ਆਸ–ਪਾਸ ਦੇ ਪੰਜ ਹੋਰ ਸਕੂਲਾਂ ਦੇ ਅਧਿਆਪਕਾਂ ਨੇ ਵੀ ਉਤਸ਼ਾਹ ਨਾਲ ਭਾਗ ਲਿਆ। ਇਹ ਪ੍ਰੋਗਰਾਮ ਅਧਿਆਪਕਾਂ ਵਿਚਕਾਰ ਗਿਆਨ, ਤਜਰਬਿਆਂ ਅਤੇ ਨਵੀਆਂ ਅਧਿਆਪਨ ਤਕਨੀਕਾਂ ਦੇ ਆਦਾਨ–ਪ੍ਰਦਾਨ ਲਈ ਇੱਕ ਉੱਤਮ ਮੰਚ ਸਾਬਤ ਹੋਇਆ। ਅੱਠ ਘੰਟਿਆਂ ਦਾ ਇਹ ਸਿਖਲਾਈ ਸੈਸ਼ਨ ਬੇਹੱਦ ਗਿਆਨਵਰਧਕ, ਲਾਹੇਵੰਦ ਅਤੇ ਉਦੇਸ਼ਪੂਰਨ ਰਿਹਾ। ਪ੍ਰੋਗਰਾਮ ਦੇ ਸਮਾਪਨ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ.ਸੋਮ ਪ੍ਰਕਾਸ਼ ਨੇ ਸੀਬੀਐੱਸਈ ਸੈਂਟਰ ਆਫ਼ ਐਕਸੀਲੈਂਸ (3+5), ਲੁਧਿਆਣਾ ਦਾ ਧੰਨਵਾਦ ਕੀਤਾ ਕਿ ਉਨ੍ਹਾਂ ਨੇ ਸਕੂਲ ਨੂੰ ਇਸ ਮਹੱਤਵਪੂਰਨ ਸਿਖਲਾਈ ਪ੍ਰੋਗਰਾਮ ਦੀ ਮੇਜ਼ਬਾਨੀ ਕਰਨ ਦਾ ਮੌਕਾ ਪ੍ਰਦਾਨ ਕੀਤਾ। ਉਨ੍ਹਾਂ ਨੇ ਸਰੋਤ ਵਿਅਕਤੀਆਂ ਦੇ ਯੋਗਦਾਨ ਅਤੇ ਸਾਰੇ ਭਾਗੀਦਾਰ ਅਧਿਆਪਕਾਂ ਦੀ ਸਰਗਰਮ ਸ਼ਮੂਲੀਅਤ ਦੀ ਸ਼ਲਾਘਾ ਕੀਤੀ।ਇਹ ਪ੍ਰੋਗਰਾਮ ਅਧਿਆਪਕਾਂ ਦੇ ਨਿਰੰਤਰ ਪੇਸ਼ੇਵਰ ਵਿਕਾਸ, ਗੁਣਵੱਤਾਪੂਰਨ ਸਿੱਖਿਆ ਅਤੇ ਵਿਦਿਆਰਥੀਆਂ ਦੇ ਬਿਹਤਰ ਸਿੱਖਣ ਨਤੀਜਿਆਂ ਨੂੰ ਯਕੀਨੀ ਬਣਾਉਣ ਲਈ ਸਕੂਲ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।



## ਜਨ ਜਾਗਰਣ

# ਵੋਟ ਹੱਕ ਅਤੇ ਅੰਦੋਲਨ

ਨਵੀਂ ਦਿੱਲੀ ਵਿੱਚ ਮੁੱਖ ਚੋਣ ਕਮਿਸ਼ਨਰ ਗਿਆਨੈਸ਼ ਕੁਮਾਰ ਦੇ ਵਿਰੁੱਧ ਵਿਰੋਧ ਪ੍ਰਦਰਸ਼ਨ ਦਿਨੋਂ-ਦਿਨ ਤੇਜ਼ ਹੁੰਦਾ ਜਾ ਰਿਹਾ ਹੈ। ਕਾਂਗਰਸ ਸਮੇਤ ਵੱਖ-ਵੱਖ ਵਿਰੋਧੀ ਪਾਰਟੀਆਂ ਵੱਲੋਂ ਕੀਤੇ ਜਾ ਰਹੇ ਪ੍ਰਦਰਸ਼ਨਾਂ ਵਿੱਚ ਵੱਡੀ ਗਿਣਤੀ ਵਿੱਚ ਨੌਜਵਾਨਾਂ ਦੀ ਸ਼ਮੂਲੀਅਤ ਦੇਖਣ ਨੂੰ ਮਿਲ ਰਹੀ ਹੈ। ਪ੍ਰਦਰਸ਼ਨਕਾਰੀਆਂ ਅਤੇ ਪੁਲਿਸ ਵਿਚਾਲੇ ਟਕਰਾਅ ਅਤੇ ਲਾਠੀਚਾਰਜ ਦੀਆਂ ਘਟਨਾਵਾਂ ਨੇ ਇਸ ਮਾਮਲੇ ਨੂੰ ਹੋਰ ਵੀ ਗੰਭੀਰ ਬਣਾ ਦਿੱਤਾ ਹੈ। ਹੁਣ ਇਹ ਮਾਮਲਾ ਕਿਸੇ ਇੱਕ ਪਾਰਟੀ ਦੇ ਵਿਰੋਧ ਤੱਕ ਸੀਮਤ ਨਹੀਂ ਰਿਹਾ, ਸਗੋਂ ਵਿਰੋਧੀ ਧਿਰਾਂ ਨੇ ਇਕਜੁੱਟ ਹੋ ਕੇ ਮੁੱਖ ਚੋਣ ਕਮਿਸ਼ਨਰ ਦੇ ਅਸਤੀਫ਼ੇ ਦੀ ਮੰਗ ਉਠਾਉਣੀ ਸ਼ੁਰੂ ਕਰ ਦਿੱਤੀ ਹੈ। ਇੰਡੀਆ ਗੱਠਜੋੜ ਨਾਲ ਜੁੜੀਆਂ ਪਾਰਟੀਆਂ ਦੇ ਆਗੂਆਂ ਵੱਲੋਂ ਦਿੱਲੀ ਵਿੱਚ ਪ੍ਰਦਰਸ਼ਨ ਕਰਦਿਆਂ ਚੋਣ ਕਮਿਸ਼ਨ ਦੀ ਕਾਰਜਪ੍ਰਣਾਲੀ 'ਤੇ ਸਵਾਲ ਖੜ੍ਹੇ ਕੀਤੇ ਜਾ ਰਹੇ ਹਨ। ਇਸ ਪ੍ਰਦਰਸ਼ਨ ਵਿੱਚ ਆਮ ਆਦਮੀ ਪਾਰਟੀ ਸਮੇਤ ਵੱਖ-ਵੱਖ ਵਿਰੋਧੀ ਪਾਰਟੀਆਂ ਦੇ ਆਗੂਆਂ ਦੀ ਸ਼ਮੂਲੀਅਤ ਵੀ ਸਿਆਸੀ ਤੌਰ 'ਤੇ ਅਹਿਮ ਮੰਨੀ ਜਾ ਰਹੀ ਹੈ।ਵਿਰੋਧੀ ਧਿਰਾਂ ਦਾ ਮੁੱਖ ਇਤਰਾਜ਼ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸਮੀਖਿਆ, ਯਾਨੀ ਐੱਸਆਈਆਰ ਦੀ ਪ੍ਰਕਿਰਿਆ ਨੂੰ ਲੈ ਕੇ ਹੈ। ਉਨ੍ਹਾਂ ਦਾ ਦੋਸ਼ ਹੈ ਕਿ ਇਸ ਪ੍ਰਕਿਰਿਆ ਦੌਰਾਨ ਵੱਡੀ ਗਿਣਤੀ ਵਿੱਚ ਵੋਟਰਾਂ ਦੇ ਨਾਮ ਸੂਚੀਆਂ ਵਿੱਚੋਂ ਕੱਟੇ ਗਏ, ਜਿਸ ਕਾਰਨ ਆਮ ਲੋਕਾਂ ਦੇ ਵੋਟ ਪਾਉਣ ਦੇ ਅਧਿਕਾਰ 'ਤੇ ਸਵਾਲ ਖੜ੍ਹੇ ਹੋ ਰਹੇ ਹਨ। ਇਸੇ ਮਸਲੇ ਨੂੰ ਲੈ ਕੇ ਪੱਛਮੀ ਬੰਗਾਲ ਅਤੇ ਬਿਹਾਰ ਦੀਆਂ ਉਦਾਹਰਣਾਂ ਵੀ ਦਿੱਤੀਆਂ ਜਾ ਰਹੀਆਂ ਹਨ। ਦੂਜੇ ਪਾਸੇ, ਚੋਣ ਪ੍ਰਕਿਰਿਆ ਦੀ ਪਾਰਦਰਸ਼ਤਾ ਅਤੇ ਵੋਟਰ ਸੂਚੀਆਂ ਦੀ ਸਹੀ ਤਿਆਰੀ ਨੂੰ ਲੈ ਕੇ ਉੱਠ ਰਹੇ ਸਵਾਲ ਹੁਣ ਦੇਸ਼ ਦੀ ਰਾਜਨੀਤੀ ਵਿੱਚ ਇੱਕ ਵੱਡੀ ਬਹਿਸ ਦਾ ਰੂਪ ਧਾਰਨ ਕਰ ਰਹੇ ਹਨ। ਲੋਕਤੰਤਰ ਵਿੱਚ ਵੋਟ ਸਿਰਫ਼ ਇੱਕ ਬਟਨ ਦਬਾਉਣ ਦਾ ਨਾਮ ਨਹੀਂ, ਸਗੋਂ ਹਰ ਨਾਗਰਿਕ ਦੀ ਆਵਾਜ਼ ਅਤੇ ਉਸ ਦੇ ਅਧਿਕਾਰ ਦੀ ਨੁਮਾਇੰਦਗੀ ਕਰਦੀ ਹੈ। ਜੇਕਰ ਕਿਸੇ ਯੋਗ ਵੋਟਰ ਦਾ ਨਾਮ ਗਲਤੀ ਨਾਲ ਸੂਚੀ ਵਿੱਚੋਂ ਹਟਦਾ ਹੈ, ਤਾਂ ਉਸ ਦੀ ਸ਼ਿਕਾਇਤ ਦਾ ਨਿਰਪੱਖ ਨਿਪਟਾਰਾ ਹੋਣਾ ਲਾਜ਼ਮੀ ਹੈ। ਕਾਂਗਰਸ ਦੇ ਆਗੂਆਂ ਵੱਲੋਂ ਵੀ ਐਲਾਨ ਕੀਤਾ ਗਿਆ ਹੈ ਕਿ ਗਿਆਨੈਸ਼ ਕੁਮਾਰ ਦੇ ਅਸਤੀਫ਼ੇ ਦੀ ਮੰਗ ਨੂੰ ਲੈ ਕੇ ਸੰਘਰਸ਼ ਜਾਰੀ ਰਹੇਗਾ। ਵਿਰੋਧੀ ਧਿਰਾਂ ਇਸ ਮੁੱਦੇ ਨੂੰ ਲੋਕਤੰਤਰ ਅਤੇ ਵੋਟ ਦੇ ਅਧਿਕਾਰ ਨਾਲ ਜੋੜ ਕੇ ਦੇਖ ਰਹੀਆਂ ਹਨ। ਹਾਲਾਂਕਿ, ਇਨ੍ਹਾਂ ਦੋਸ਼ਾਂ ਦੀ ਅਸਲ ਤਸਵੀਰ ਸਾਹਮਣੇ ਲਿਆਉਣ ਲਈ ਵੋਟਰ ਸੂਚੀਆਂ ਵਿੱਚ ਹੋਈਆਂ ਤਬਦੀਲੀਆਂ, ਨਾਮ ਕੱਟੇ ਜਾਣ ਦੇ ਕਾਰਨਾਂ ਅਤੇ ਸ਼ਿਕਾਇਤਾਂ ਦੇ ਨਿਪਟਾਰੇ ਬਾਰੇ ਤੱਥਾਂ ਦੀ ਜਾਂਚ ਵੀ ਉਨੀ ਹੀ ਜ਼ਰੂਰੀ ਹੈ। ਹੁਣ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਵਿਰੋਧੀ ਧਿਰਾਂ ਦੀ ਇਹ ਇਕਜੁੱਟਤਾ ਚੋਣ ਕਮਿਸ਼ਨ 'ਤੇ ਕੋਈ ਸਿਆਸੀ ਦਬਾਅ ਬਣਾ ਸਕੇਗੀ, ਜਾਂ ਇਹ ਮੁੱਦਾ ਆਉਣ ਵਾਲੇ ਸਮੇਂ ਵਿੱਚ ਹੋਰ ਵੱਡੀ ਸਿਆਸੀ ਲੜਾਈ ਦਾ ਰੂਪ ਧਾਰ ਲਵੇਗਾ? ਕੀ ਵੋਟਰ ਸੂਚੀਆਂ ਨੂੰ ਲੈ ਕੇ ਉੱਠ ਰਹੇ ਸਵਾਲਾਂ ਦਾ ਕੋਈ ਠੋਸ ਹੱਲ ਨਿਕਲੇਗਾ, ਜਾਂ ਅਸਤੀਫ਼ੇ ਦੀ ਮੰਗ ਹੀ ਸਿਆਸੀ ਟਕਰਾਅ ਦਾ ਕੇਂਦਰ ਬਣੀ ਰਹੇਗੀ। ਦਰਅਸਲ, ਜੇਕਰ ਬੀਤੇ ਸਮੇਂ ਦੌਰਾਨ ਦੇਸ਼ ਦੀ ਚੋਣ ਪ੍ਰਕਿਰਿਆ 'ਤੇ ਨਜ਼ਰ ਮਾਰੀ ਜਾਵੇ ਤਾਂ ਕਈ ਅਜਿਹੇ ਸਵਾਲ ਸਾਹਮਣੇ ਆਏ ਹਨ, ਜਿਨ੍ਹਾਂ ਨੂੰ ਨਜ਼ਰਅੰਦਾਜ਼ ਕਰਨਾ ਆਸਾਨ ਨਹੀਂ ਹੈ। ਐੱਸਆਈਆਰ ਦੀ ਪ੍ਰਕਿਰਿਆ ਤੋਂ ਲੈ ਕੇ ਪੱਛਮੀ ਬੰਗਾਲ ਅਤੇ ਬਿਹਾਰ ਤੱਕ ਵੋਟਰ ਸੂਚੀਆਂ ਨੂੰ ਲੈ ਕੇ ਉੱਠੇ ਸਵਾਲਾਂ ਨੇ ਚੋਣ ਕਮਿਸ਼ਨ ਦੀ ਕਾਰਜਪ੍ਰਣਾਲੀ ਨੂੰ ਚਰਚਾ ਦੇ ਕੇਂਦਰ ਵਿੱਚ ਲਿਆ ਦਿੱਤਾ ਹੈ। ਇਸ ਪੂਰੇ ਮਾਮਲੇ ਦੌਰਾਨ ਵਿਰੋਧੀ ਧਿਰਾਂ ਲਗਾਤਾਰ ਮੁੱਖ ਚੋਣ ਕਮਿਸ਼ਨਰ ਗਿਆਨੈਸ਼ ਕੁਮਾਰ ਨੂੰ ਨਿਸ਼ਾਨੇ 'ਤੇ ਲੈ ਰਹੀਆਂ ਹਨ। ਇਹ ਮਾਮਲਾ ਉਸ ਸਮੇਂ ਹੋਰ ਵੀ ਸੁਰਖੀਆਂ ਵਿੱਚ ਆਇਆ, ਜਦੋਂ ਮੀਡੀਆ ਰਿਪੋਰਟਾਂ ਵਿੱਚ ਚੋਣ ਕਮਿਸ਼ਨ ਦੇ ਅੰਦਰੂਨੀ ਪੱਧਰ 'ਤੇ ਕੁਝ ਮੁੱਦਿਆਂ ਨੂੰ ਲੈ ਕੇ ਇਤਰਾਜ਼ਾਂ ਅਤੇ ਅਸਹਿਮਤੀਆਂ ਦੀਆਂ ਗੱਲਾਂ ਸਾਹਮਣੇ ਆਈਆਂ। ਇਨ੍ਹਾਂ ਰਿਪੋਰਟਾਂ ਨੇ ਚੋਣ ਪ੍ਰਕਿਰਿਆ ਦੀ ਪਾਰਦਰਸ਼ਤਾ ਅਤੇ ਫ਼ੈਸਲੇ ਲੈਣ ਦੇ ਤਰੀਕੇ ਬਾਰੇ ਚੱਲ ਰਹੀ ਬਹਿਸ ਨੂੰ ਹੋਰ ਤੇਜ਼ ਕਰ ਦਿੱਤਾ।ਪਰ ਇਸ ਸਾਰੇ ਵਿਵਾਦ ਦੇ ਵਿਚਕਾਰ ਸਭ ਤੋਂ ਅਹਿਮ ਸਵਾਲ ਆਮ ਨਾਗਰਿਕ ਦੇ ਵੋਟ ਦੇ ਅਧਿਕਾਰ ਦਾ ਹੈ। ਭਾਰਤੀ ਸੰਵਿਧਾਨਕ ਪ੍ਰਣਾਲੀ ਵਿੱਚ ਚੋਣਾਂ ਅਤੇ ਵੋਟ ਦੇ ਅਧਿਕਾਰ ਨੂੰ ਕਾਨੂੰਨੀ ਤੇ ਸੰਵਿਧਾਨਕ ਸੁਰੱਖਿਆ ਪ੍ਰਾਪਤ ਹੈ। ਇਸ ਲਈ ਵੋਟਰ ਸੂਚੀਆਂ ਵਿੱਚੋਂ ਕਿਸੇ ਵੀ ਯੋਗ ਨਾਗਰਿਕ ਦਾ ਨਾਮ ਗਲਤ ਤਰੀਕੇ ਨਾਲ ਕੱਟੇ ਜਾਣ ਦਾ ਮਾਮਲਾ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ। ਜੇਕਰ ਕਿਸੇ ਯੋਗ ਵੋਟਰ ਨੂੰ ਆਪਣੀ ਵੋਟ ਪਾਉਣ ਦੇ ਹੱਕ ਤੋਂ ਵਾਂਝਾ ਰਹਿਣਾ ਪੈਂਦਾ ਹੈ, ਤਾਂ ਇਹ ਸਿਰਫ਼ ਇੱਕ ਵਿਅਕਤੀ ਦਾ ਨੁਕਸਾਨ ਨਹੀਂ, ਸਗੋਂ ਲੋਕਤੰਤਰੀ ਪ੍ਰਕਿਰਿਆ ਵਿੱਚ ਉਸ ਦੀ ਭਾਗੀਦਾਰੀ ਨਾਲ ਜੁੜਿਆ ਗੰਭੀਰ ਮੁੱਦਾ ਹੈ। ਅਜਿਹੀਆਂ ਸਥਿਤੀਆਂ ਵਿੱਚ ਚੋਣ ਕਮਿਸ਼ਨ ਦੀ ਜ਼ਿੰਮੇਵਾਰੀ ਹੋਰ ਵੀ ਵੱਧ ਜਾਂਦੀ ਹੈ ਕਿ ਉਹ ਹਰ ਸ਼ਿਕਾਇਤ ਦੀ ਨਿਰਪੱਖ ਜਾਂਚ ਕਰੇ ਅਤੇ ਲੋਕਾਂ ਦਾ ਭਰੋਸਾ ਕਾਇਮ ਰੱਖੇ। ਕਿਉਂਕਿ ਲੋਕਤੰਤਰ ਦੀ ਅਸਲ ਤਾਕਤ ਸਿਰਫ਼ ਚੋਣਾਂ ਕਰਵਾਉਣ ਵਿੱਚ ਨਹੀਂ, ਸਗੋਂ ਇਸ ਗੱਲ ਵਿੱਚ ਹੈ ਕਿ ਹਰ ਯੋਗ ਨਾਗਰਿਕ ਨੂੰ ਬਿਨਾਂ ਕਿਸੇ ਰੁਕਾਵਟ ਦੇ ਆਪਣੇ ਵੋਟ ਦੇ ਹੱਕ ਦੀ ਵਰਤੋਂ ਕਰਨ ਦਾ ਮੌਕਾ ਮਿਲੇ। ਜੇਕਰ ਵੋਟਰਾਂ ਦੇ ਮਨਾਂ ਵਿੱਚ ਇਹ ਸ਼ੰਕਾ ਪੈਦਾ ਹੋਣ ਲੱਗੇ ਕਿ ਉਨ੍ਹਾਂ ਦੀ ਵੋਟ ਸੁਰੱਖਿਅਤ ਨਹੀਂ ਹੈ, ਤਾਂ ਇਸ ਦਾ ਅਸਰ ਚੋਣ ਪ੍ਰਕਿਰਿਆ ਪ੍ਰਤੀ ਲੋਕਾਂ ਦੇ ਭਰੋਸੇ 'ਤੇ ਵੀ ਪੈ ਸਕਦਾ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਵੋਟਰ ਸੂਚੀਆਂ ਅਤੇ ਐੱਸਆਈਆਰ ਨੂੰ ਲੈ ਕੇ ਉੱਠ ਰਹੇ ਇਨ੍ਹਾਂ ਸਵਾਲਾਂ ਦਾ ਹੱਲ ਕਿਸ ਤਰ੍ਹਾਂ ਨਿਕਲਦਾ ਹੈ ਅਤੇ ਚੋਣ ਕਮਿਸ਼ਨ ਲੋਕਾਂ ਦਾ ਭਰੋਸਾ ਮਜ਼ਬੂਤ ਕਰਨ ਲਈ ਕੀ ਕਦਮ ਚੁੱਕਦਾ ਹੈ।

-ਕੁਲਦੀਪ ਸਿੰਘ ਰਿਣੀ

Resident Editor- Kuldeep Singh (Rinni) (Under PRP act 2023),
Punjab Incharge : Charanjeet Singh Channi, Printer and Publisher Ravi Bhardwaj for M/S RR MULTIMEDIA PRIVATE LIMITED, Printed from Impressions Printing and Packaging Limited, Plot No- 22, Industrial Area, Phase- II, Panchkula (Haryana), Published from Jalandhar Office- 7/2, Third Floor, Monica Tower, ER- 146, Pucca Bagh, Milap Chowk, Jalandhar City, Punjab.
**(RNI No- No-PUNPUN/2011/44547)**

**Chandigarh Head Office -** Jan Jagran Office, First Floor, Baba Sohan Singh Bhakna Bhawan, Sec - 29D, Chandigarh
**Punjab Offices -**
**Jalandhar Office :-** Monica Tower, 7/2, 3rd Floor, Pacca Bagh, Milap Chowk, Jalandhar, Punjab
**Patiala office :-** 667, Urban Estate, Phase-1, Patiala, Punjab-147002
**Mansa Office :-** Court Road, Mansa, Punjab Patiala
**Muktsar office -** Main Kotakpura Road, Below Axis Bank, Muktsar, Punjab
**Delhi Office -** Shakti Complex, 6/18, Samaypur Industrial Area, Delhi-110042

# .ਗਰੀਬ ਨਾਗਰਿਕ ਦੇ ਸਵਾਲਾਂ ਦਾ ਜਵਾਬ ਕਿਸ ਕੋਲ?

**ਅਰਵਿੰਦਰ ਜੌਹਲ**

ਦੇਸ਼ ਦੀ ਰਾਜਧਾਨੀ ਨਵੀਂ ਦਿੱਲੀ ਸ਼ਨਿੱਚਰਵਾਰ ਨੂੰ ਪੁਲੀਸ ਛਾਉਣੀ ਬਣੀ ਰਹੀ। ਚਾਰੋਂ ਪਾਸੇ ਦਿੱਲੀ ਪੁਲੀਸ, ਸੀ ਆਰ ਪੀ ਐੱਫ, ਸੀ ਏ ਪੀ ਐੱਫ ਤੇ ਆਰ ਏ ਐੱਫ ਦੇ ਜਵਾਨ ਤਾਇਨਾਤ ਸਨ। ਹੋਰ ਤਾਂ ਹੋਰ, ਦਿੱਲੀ ਦੇ ਮੈਟਰੋ ਸਟੇਸ਼ਨ ਬੰਦ ਕਰ ਦਿੱਤੇ ਗਏ। ਰੇਲਵੇ ਸਟੇਸ਼ਨਾਂ, ਬੱਸ ਅੱਡਿਆਂ ਅਤੇ ਹੋਰ ਥਾਵਾਂ 'ਤੇ ਵੀ ਪੁਲੀਸ ਤੇ ਸੁਰੱਖਿਆ ਬਲ ਵੱਡੀ ਗਿਣਤੀ 'ਚ ਤਾਇਨਾਤ ਸਨ। ਇਸ ਦੌਰਾਨ?ਕੌਕਰੋਚ ਜਨਤਾ ਪਾਰਟੀ ਤੇ ਹੋਰਾਂ ਵੱਲੋਂ ਐੱਸ ਆਈ ਆਰ ਦੇ ਮੁੱਦੇ 'ਤੇ ਵਿਰੋਧ ਪ੍ਰਦਰਸ਼ਨ ਦੇ ਸੱਦੇ 'ਤੇ ਜੰਤਰ-ਮੰਤਰ ਜਾਣ ਦੀ ਕੋਸ਼ਿਸ਼ ਕਰਦੇ ਵੱਖ-ਵੱਖ ਪਾਰਟੀਆਂ ਦੇ ਸਿਆਸੀ ਆਗੂਆਂ ਅਤੇ 7000 ਤੋਂ ਵੱਧ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ। ਸੁਪਰੀਮ ਕੋਰਟ ਨੇ ਅਜੇ ਨੌਂ ਅਕਤੂਬਰ ਨੂੰ ਹੀ ਕਿਹਾ ਸੀ ਕਿ ਵਿਰੋਧ ਪ੍ਰਦਰਸ਼ਨ ਕਰਨ ਵਾਲਿਆਂ 'ਤੇ ਸਖ਼ਤੀ ਨਾ ਕੀਤੀ ਜਾਵੇ। ਚੀਫ ਜਸਟਿਸ ਸੂਰਿਆਕਾਂਤ ਦੇ ਸ਼ਬਦ ਸਨ, "ਮੱਖੀ ਮਾਰਨ ਲਈ ਹਥੌੜਾ ਮਾਰਨ ਦੀ ਲੋੜ ਨਹੀਂ ਹੁੰਦੀ।" ਇਸ ਦੇ ਬਾਵਜੂਦ ਸ਼ਨਿੱਚਰਵਾਰ ਨੂੰ ਸਾਰਾ ਦਿਨ ਸਾਹਮਣੇ ਆਉਂਦੇ ਰਹੇ ਦ੍ਰਿਸ਼ਾਂ ਨੂੰ ਦੇਖ ਕੇ ਲੱਗਦਾ ਹੀ ਨਹੀਂ ਸੀ ਕਿ ਸੁਪਰੀਮ ਕੋਰਟ ਦੀ ਸਲਾਹ 'ਤੇ ਕੋਈ ਬਹੁਤਾ ਕੰਨ ਧਰਿਆ ਗਿਆ ਹੋਵੇ।

ਵਿਰੋਧ ਅਤੇ ਰੋਸ ਪ੍ਰਦਰਸ਼ਨਾਂ ਦੇ ਕੇਂਦਰ 'ਚ ਦੇਸ਼ ਭਰ ਵਿੱਚ ਹੋਈ ਅਤੇ ਹੋ ਰਹੀ ਐੱਸ ਆਈ ਆਰ (ਚੋਣ ਸੂਚੀਆਂ ਦੀ ਵਿਆਪਕ ਸੁਧਾਈ) ਹੈ, ਜਿਸ ਨੂੰ ਲੈ ਕੇ ਦੇਸ਼ ਭਰ ਵਿੱਚ ਲਗਾਤਾਰ ਵੱਡੇ ਸਵਾਲ ਉੱਠ ਰਹੇ ਹਨ। ਦੇਸ਼ ਵਿੱਚ ਐੱਸ ਆਈ ਆਰ ਦੇ ਇਸ ਅਮਲ ਦੌਰਾਨ ਹੁਣ ਤੱਕ ਲਗਭਗ 13 ਕਰੋੜ ਨਾਗਰਿਕਾਂ ਦੀਆਂ ਵੋਟਾਂ ਕੱਟੀਆਂ ਜਾ ਚੁੱਕੀਆਂ ਹਨ। ਇਸੇ ਮਾਮਲੇ ਨੂੰ ਲੈ ਕੇ ਵਿਰੋਧੀ ਪਾਰਟੀਆਂ ਦੇ 'ਇੰਡੀਆ' ਗੱਠਜੋੜ ਨੇ ਵੀ ਸ਼ੁੱਕਰਵਾਰ ਦੇਰ ਸ਼ਾਮ ਰਾਸ਼ਟਰਪਤੀ ਦਰੋਪਦੀ ਮੁਰਮੂ ਦੇ ਬੂਹੇ 'ਤੇ ਦਸਤਕ ਦਿੱਤੀ ਸੀ। ਇਸ ਮੌਕੇ ਰਾਸ਼ਟਰਪਤੀ ਨੇ ਵਿਰੋਧੀ ਧਿਰਾਂ ਨੂੰ 'ਵੋਟ ਚੋਰੀ' ਅਤੇ 'ਚੋਣ ਚੋਰੀ' ਦੇ ਲਾਏ ਜਾ ਰਹੇ ਦੋਸ਼ਾਂ ਸਬੰਧੀ ਸਬੂਤ ਦੇਣ ਲਈ ਆਖਿਆ। ਵਿਰੋਧੀ ਧਿਰਾਂ ਲੰਮੇ ਸਮੇਂ ਤੋਂ ਚੋਣ ਕਮਿਸ਼ਨ 'ਤੇ 'ਵੋਟ ਚੋਰੀ' ਦੇ ਦੋਸ਼ ਲਾਉਂਦਿਆਂ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਅਸਤੀਫ਼ੇ ਦੀ ਮੰਗ ਕਰਦੀਆਂ ਆ ਰਹੀਆਂ ਹਨ, ਪਰ ਹਾਲ ਹੀ ਵਿੱਚ ਬਾਕੀ ਦੇ ਦੋ ਚੋਣ ਕਮਿਸ਼ਨਰਾਂ ਵੱਲੋਂ ਉਨ੍ਹਾਂ ਦੀ ਸਹਿਮਤੀ ਤੋਂ ਬਗ਼ੈਰ ਲਏ ਗਏ ਫ਼ੈਸਲਿਆਂ 'ਤੇ ਇਤਰਾਜ਼ ਪ੍ਰਗਟਾਉਣ ਅਤੇ ਕਈ ਮਾਮਲਿਆਂ ਵਿੱਚ ਉਨ੍ਹਾਂ ਨੂੰ ਹਨੇਰੇ ਵਿੱਚ ਰੱਖਣ ਨੂੰ ਲੈ ਕੇ ਉਠਾਏ ਗਏ ਇਤਰਾਜ਼ਾਂ ਬਾਰੇ ਖ਼ਬਰਾਂ ਸਾਹਮਣੇ ਆਉਣ ਮਗਰੋਂ ਵਿਰੋਧੀ ਧਿਰਾਂ ਦੇ ਖ਼ਦਸ਼ਿਆਂ ਨੂੰ ਹੋਰ ਬਲ ਮਿਲਿਆ ਹੈ।

ਇਹ ਮੁੱਦਾ ਦੇਸ਼ ਦੇ ਕਰੋੜਾਂ ਨਾਗਰਿਕਾਂ ਦੇ ਉਸ ਬੁਨਿਆਦੀ ਅਧਿਕਾਰ ਨਾਲ ਜੁੜਿਆ ਹੋਇਆ ਹੈ, ਜੋ ਸੰਵਿਧਾਨ ਨੇ ਉਨ੍ਹਾਂ ਨੂੰ ਦਿੱਤਾ ਹੈ। ਇਸ ਅਧਿਕਾਰ ਤਹਿਤ ਕਿਸੇ ਰਿਕਸ਼ੇ ਵਾਲੇ ਅਤੇ ਕਿਸੇ ਅੰਬਾਨੀ, ਅਡਾਨੀ ਜਾਂ ਟਾਟਾ ਦੀ ਵੋਟ ਦਾ ਮੁੱਲ ਇੱਕੋ ਜਿੰਨਾ ਹੈ। ਇਹ ਅਧਿਕਾਰ ਖੁੱਸਣ?ਦੀ ਸੂਰਤ ਵਿੱਚ ਐੱਸ ਆਈ ਆਰ ਦੇ ਅਮਲ ਨਾਲ ਜੁੜੇ ਸਵਾਲ ਹੌਲੀ-ਹੌਲੀ ਆਮ ਲੋਕਾਂ ਦੇ ਮਨਾਂ 'ਚ ਧੁਖ਼ਣੇ ਹੀ ਸਨ ਖ਼ਾਸ ਕਰ ਕੇ ਉਦੋਂ ਜਦੋਂ ਸਰਬਉੱਚ ਅਦਾਲਤ ਨੇ ਨਿਆਂ ਮੰਗਣ ਗਏ ਇਨ੍ਹਾਂ ਵੋਟਰਾਂ ਨੂੰ ਕਹਿ ਦਿੱਤਾ ਹੋਵੇ, "ਕੋਈ ਗੱਲ ਨਹੀਂ, ਅਗਲੀ ਵਾਰੀ ਵੋਟ ਪਾ ਲੈਣਾ।" ਪੱਛਮੀ ਬੰਗਾਲ 'ਚ ਹੋਈਆਂ ਜ਼ਿਮਨੀ ਚੋਣਾਂ ਤੋਂ ਪਹਿਲਾਂ ਜਦੋਂ ਵੋਟਰ ਸੂਚੀ ਤੋਂ ਬਾਹਰ ਕੀਤੇ ਗਏ ਜਾਇਜ਼ ਵੋਟਰਾਂ ਨੇ ਆਪਣੀਆਂ ਵੋਟਾਂ ਬਹਾਲ ਕਰਵਾਉਣ ਲਈ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਸੀ ਤਾਂ ਇੱਕ ਵਾਰੀ ਫਿਰ ਉਨ੍ਹਾਂ ਨੂੰ ਇਹ ਕਹਿੰਦਿਆਂ ਹੌਸਲਾ ਰੱਖਣ ਲਈ ਆਖਿਆ ਗਿਆ, "ਕੋਈ ਗੱਲ ਨਹੀਂ ਇਹ ਤਾਂ ਸਿਰਫ਼ ਜ਼ਿਮਨੀ ਚੋਣ ਹੈ।" ਅਜਿਹੀ ਸੂਰਤੇ ਹਾਲ ਵਿੱਚ ਇੱਕ ਆਮ ਗ਼ਰੀਬ ਵਿਅਕਤੀ ਆਪਣੀ ਖੋਹੀ ਗਈ ਵੋਟ ਦਾ ਹੱਕ ਕਿਵੇਂ ਵਾਪਸ ਹਾਸਲ ਕਰੇ, ਇਹੀ ਸਭ ਤੋਂ ਵੱਡਾ ਸਵਾਲ ਉਸ ਦੇ ਅੱਗੇ ਖੜ੍ਹਾ ਹੈ। ਉਸ ਲਈ ਇਹ ਸਿਰਫ਼ ਵੋਟ ਦਾ ਹੱਕ ਗੁਆਉਣ ਦਾ ਮਸਲਾ ਨਹੀਂ ਸਗੋਂ ਉਸ ਦੇ ਮਨ ਵਿੱਚ ਇਹ ਤੌਖ਼ਲੇ ਵੀ ਹਨ ਕਿ ਜੇਕਰ ਵੋਟ ਦਾ ਹੱਕ ਖੁੱਸ ਗਿਆ ਤਾਂ ਇਸ ਨਾਲ ਉਸ ਨੂੰ ਸਰਕਾਰੀ ਪੱਧਰ 'ਤੇ ਮਿਲਣ ਵਾਲੀਆਂ ਸਹੂਲਤਾਂ ਅਤੇ ਰਿਆਇਤਾਂ ਵੀ ਖੁੱਸ ਜਾਣਗੀਆਂ। ਵੋਟਰ ਸੂਚੀ 'ਚੋਂ ਬਾਹਰ ਹੋਏ ਜਾਇਜ਼ ਵੋਟਰਾਂ ਨੂੰ ਵੀ ਫਾਰਮ-6 ਭਰ ਕੇ ਨਵੇਂ ਸਿਰਿਓਂ ਵੋਟ ਬਣਾਉਣ ਲਈ ਕਿਹਾ ਗਿਆ। ਦਰਅਸਲ, ਫਾਰਮ-6 'ਤੇ ਕੋਈ ਵੀ ਵੋਟਰ ਇਸ ਹਲਫ਼ਨਾਮੇ



'ਤੇ ਵੀ ਦਸਤਖ਼ਤ ਕਰਦਾ ਹੈ ਕਿ ਉਹ (ਵੋਟਰ) ਨਵੀਂ ਵੋਟ ਬਣਾ ਰਿਹਾ ਹੈ ਅਤੇ ਅੱਜ ਤੋਂ ਪਹਿਲਾਂ ਉਸ ਨੇ ਕਦੇ ਕਿਤੇ ਕੋਈ ਵੋਟ ਨਹੀਂ ਦਿੱਤੀ। ਜੇਕਰ ਉਹ ਗ਼ਲਤ ਹਲਫ਼ਨਾਮਾ ਦਿੰਦਾ ਹੈ ਤਾਂ ਉਸ ਨੂੰ ਇੱਕ ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ। ਜਿਨ੍ਹਾਂ ਵੋਟਰਾਂ ਦੀਆਂ ਵੋਟਾਂ ਕੱਟੀਆਂ ਗਈਆਂ, ਉਨ੍ਹਾਂ ਨੂੰ ਮੁੜ ਵੋਟ ਬਣਾਉਣ ਲਈ ਇਹੋ ਇੱਕੋ ਰਾਹ ਦੱਸਿਆ ਗਿਆ। ਇਸ ਨਾਲ ਤਾਂ ਗ਼ਲਤ ਹਲਫ਼ਨਾਮੇ ਰਾਹੀਂ ਉਨ੍ਹਾਂ ਲਈ ਸਜ਼ਾ ਦਾ ਰਾਹ ਵੀ ਖੁੱਲ੍ਹ ਗਿਆ। ਆਖ਼ਰ ਵੋਟਰਾਂ ਨੂੰ ਗ਼ਲਤ ਹਲਫ਼ਨਾਮੇ ਦੇਣ ਲਈ ਮਜਬੂਰ ਕਰਨ ਦਾ ਮਕਸਦ ਕੀ ਹੈ? ਹਾਲ ਹੀ ਵਿੱਚ ਦੇਸ਼ ਦੇ 42 ਸਾਬਕਾ ਜੱਜਾਂ ਨੇ ਰਾਸ਼ਟਰਪਤੀ ਨੂੰ ਚਿੱਠੀ ਲਿਖ ਕੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੀ ਹਮਾਇਤ ਕਰਦਿਆਂ ਆਖਿਆ ਕਿ ਸੰਵਿਧਾਨਕ ਸੰਸਥਾਵਾਂ 'ਤੇ ਬਿਨਾਂ ਕਿਸੇ ਸਬੂਤ ਤੋਂ ਦੋਸ਼ ਲਾਉਣ ਤੋਂ ਬਚਣਾ ਚਾਹੀਦਾ ਹੈ। ਉਨ੍ਹਾਂ ਦੇ ਤਰਕ ਮੁਤਾਬਿਕ ਬਿਨਾਂ ਸਬੂਤ ਸੰਵਿਧਾਨਕ ਸੰਸਥਾਵਾਂ 'ਤੇ ਹਮਲੇ ਚੋਣ ਕਮਿਸ਼ਨ ਪ੍ਰਤੀ ਲੋਕਾਂ ਦਾ ਭਰੋਸਾ ਕਮਜ਼ੋਰ ਕਰ ਸਕਦੇ ਹਨ। ਇਨ੍ਹਾਂ ਜੱਜਾਂ ਵਿੱਚ ਸੁਪਰੀਮ ਕੋਰਟ ਦੇ ਸਾਬਕਾ ਜੱਜ ਹੇਮੰਤ ਗੁਪਤਾ ਅਤੇ ਪੰਕਜ ਮਿੱਤਲ ਵੀ ਸ਼ਾਮਿਲ ਹਨ। ਜੱਜਾਂ ਨੂੰ ਇਸ ਗੱਲ 'ਤੇ ਇਤਰਾਜ਼ ਹੈ ਕਿ ਚੋਣ ਕਮਿਸ਼ਨ 'ਤੇ 'ਵੋਟ ਚੋਰੀ' ਦੇ ਦੋਸ਼ ਅਦਾਲਤਾਂ 'ਚ ਨਹੀਂ ਸਗੋਂ ਪ੍ਰੈੱਸ ਕਾਨਫਰੰਸਾਂ 'ਚ ਲਾਏ ਜਾਂਦੇ ਹਨ। ਜਦੋਂ ਚੋਣ ਕਮਿਸ਼ਨ ਲਾਏ ਗਏ ਦੋਸ਼ਾਂ ਬਾਰੇ ਹਲਫ਼ਨਾਮਾ ਮੰਗਦਾ ਹੈ ਤਾਂ ਉਹ ਦਿੱਤਾ ਨਹੀਂ ਜਾਂਦਾ। ਸ਼ਾਇਦ ਫਾਰਮ-6 ਵਿੱਚ ਲਏ ਜਾਂਦੇ ਗ਼ਲਤ ਹਲਫ਼ਨਾਮੇ ਵੱਲ ਇਨ੍ਹਾਂ ਕਾਬਿਲ ਜੱਜਾਂ ਦਾ ਧਿਆਨ ਹੀ ਨਹੀਂ ਗਿਆ।

ਇਨ੍ਹਾਂ ਸਾਬਕਾ ਜੱਜਾਂ ਵੱਲੋਂ ਗਿਆਨੇਸ਼ ਕੁਮਾਰ ਦੇ ਪੱਖ ਪੂਰਨ 'ਤੇ ਸੋਸ਼ਲ ਮੀਡੀਆ ਰਾਹੀਂ ਕ੍ਰਿਸ਼ਨ ਕਾਂਤ ਨਾਂ ਦੇ ਇੱਕ ਸਾਧਾਰਨ ਵਰਤੋਂਕਾਰ ਨੇ ਇਨ੍ਹਾਂ ਜੱਜਾਂ ਨੂੰ ਬਹੁਤ ਜ਼ਹੀਨ ਤੇ ਕਾਬਿਲ ਦੱਸਦਿਆਂ ਕਿਹਾ ਕਿ ਉਹ ਉਸ ਦੇ ਮਨ ਵਿੱਚ ਉੱਠਦੇ ਕੁਝ ਬੁਨਿਆਦੀ ਸਵਾਲਾਂ ਦੇ ਜਵਾਬ ਜ਼ਰੂਰ ਦੇ ਸਕਣਗੇ। ਉਸ ਦੇ ਸਵਾਲ ਇਉਂ ਸਨ: ਕੀ ਇਹ ਕਾਬਿਲ ਜੱਜ ਦੱਸਣਗੇ ਕਿ ਈ ਵੀ ਐੱਮਜ਼ ਸੀਲ ਹੋਣ ਤੋਂ ਤਿੰਨ ਦਿਨ ਜਾਂ ਪੰਜ ਦਿਨ ਮਗਰੋਂ ਵੋਟ ਪ੍ਰਤੀਸ਼ਤ ਕਿਵੇਂ ਵਧ ਸਕਦਾ ਹੈ?

ਕਿਸੇ ਰਾਜ ਵਿੱਚ ਬਾਲਗ ਜਨਸੰਖਿਆ ਤੋਂ ਜ਼ਿਆਦਾ ਵੋਟਰ ਕਿਵੇਂ ਹੋ ਸਕਦੇ ਹਨ?

ਕਿਸੇ ਰਾਜ ਵਿੱਚ ਵੋਟਰ ਸੂਚੀ ਦੀ ਸੁਧਾਈ ਮਗਰੋਂ ਦੂਜੇ ਰਾਜਾਂ ਦੇ ਸੱਤਾਧਾਰੀ ਪੱਖ ਦੇ ਹਮਾਇਤੀ ਵੋਟਰ ਵੋਟ ਪਾਉਂਦੇ ਕਿਵੇਂ ਫੜੇ ਜਾਂਦੇ ਹਨ?

ਕਿਸੇ ਵੀ ਰਾਜ 'ਚ ਵੋਟਰ ਸੂਚੀ ਦੀ ਸੁਧਾਈ ਮਗਰੋਂ ਵੀ ਦੂਜੇ ਰਾਜਾਂ ਦੇ ਹਜ਼ਾਰਾਂ ਵੋਟਰ ਕਿਵੇਂ ਰਜਿਸਟਰ ਹੋ ਜਾਂਦੇ ਹਨ?

ਕਿਸੇ ਰਾਜ ਵਿੱਚ ਬ੍ਰਾਜ਼ੀਲੀਅਨ ਮਾਡਲ ਦੀ ਫੋਟੋ ਲਾ ਕੇ ਸੈਂਕੜੇ ਵੋਟਾਂ ਕਿਵੇਂ ਬਣਾ ਦਿੱਤੀਆਂ ਜਾਂਦੀਆਂ ਹਨ?

ਗਿਣਤੀ ਲਈ ਖੋਲ੍ਹੀ ਗਈ ਵੋਟਿੰਗ ਮਸ਼ੀਨ 98 ਫ਼ੀਸਦੀ ਚਾਰਜ ਕਿਵੇਂ ਰਹਿੰਦੀ ਹੈ?

ਕਾਨੂੰਨ ਬਦਲ ਕੇ ਵੋਟਿੰਗ ਦੇ ਫੁਟੇਜ ਅਤੇ ਡਿਜੀਟਲ ਸਬੂਤ ਦੇਣ ਤੋਂ ਇਨਕਾਰ ਕਿਉਂ ਕੀਤਾ ਜਾਂਦਾ ਹੈ?

ਐੱਸ ਆਈ ਆਰ ਦੇ ਬਹਾਨੇ ਜ਼ਿੰਦਾ ਲੋਕਾਂ ਦੇ ਨਾਂ ਕਿਉਂ ਤੇ ਕਿਵੇਂ ਕੱਟੇ ਜਾ ਰਹੇ ਹਨ ਅਤੇ ਮੁਰਦਾ ਲੋਕਾਂ ਦੇ ਨਾਂ ਕਿਵੇਂ ਜੋੜੇ ਜਾ ਰਹੇ ਹਨ?

ਪੱਛਮੀ ਬੰਗਾਲ ਵਿੱਚ ਐੱਸ ਆਈ ਆਰ ਮਗਰੋਂ 27 ਲੱਖ ਵੋਟਰਾਂ ਨੂੰ ਵੋਟ ਪਾਉਣ ਤੋਂ ਰੋਕਿਆ ਗਿਆ ਤੇ ਫਿਰ ਚੋਣਾਂ ਮਗਰੋਂ ਇੱਕ ਲੱਖ ਵੋਟਰਾਂ ਦੀਆਂ ਅਪੀਲਾਂ ਦਾ ਨਿਪਟਾਰਾ ਹੋਣ 'ਤੇ 93 ਫ਼ੀਸਦੀ ਲੋਕਾਂ ਦੇ ਵੋਟ ਕਿਵੇਂ ਸਹੀ ਪਾਏ ਗਏ?

ਅਖ਼ੀਰ 'ਚ ਇਸ ਵਰਤੋਂਕਾਰ ਨੇ ਇਨ੍ਹਾਂ ਸਾਬਕਾ ਜੱਜਾਂ ਨੂੰ ਸਵਾਲ ਪਾਇਆ ਹੈ ਕਿ ਕੀ ਉਹ ਚੋਣ ਕਮਿਸ਼ਨ ਦੀ ਜਨਤਾ ਪ੍ਰਤੀ ਜਵਾਬਦੇਹੀ 'ਤੇ ਵੀ ਕੋਈ ਚਾਰ ਸ਼ਬਦ ਲਿਖਣਗੇ? ਉਸ ਦਾ ਕਹਿਣਾ ਹੈ ਕਿ ਕੀ ਇਹ ਸਾਬਕਾ 42 ਜੱਜ ਮੁੱਖ ਚੋਣ ਕਮਿਸ਼ਨਰ ਦੇ ਹੱਕ 'ਚ ਭੁਗਤ ਕੇ ਸੰਵਿਧਾਨ ਦੀ ਰੱਖਿਆ ਕਰ ਰਹੇ ਹਨ ਜਾਂ ਸੰਵਿਧਾਨਕ ਸੰਸਥਾ ਨੂੰ ਜਵਾਬਦੇਹੀ ਤੋਂ ਬਚਾ ਰਹੇ ਹਨ?

ਇਹ ਕਿਸੇ ਇੱਕ ਵਿਅਕਤੀ ਦੇ ਮਨ 'ਚ ਉੱਠਦੇ ਸਵਾਲ ਨਹੀਂ ਸਗੋਂ ਦੇਸ਼ ਦੇ ਸਾਰੇ ਚੇਤੰਨ ਨਾਗਰਿਕਾਂ ਦੇ ਸਵਾਲ ਹਨ। ਕੌਕਰੋਚ ਜਨਤਾ ਪਾਰਟੀ ਵੱਲੋਂ ਬੰਗਲੂਰੂ ਵਿੱਚ 8 ਅਕਤੂਬਰ ਨੂੰ?ਕੀਤੀ ਗਈ ਰੈਲੀ ਦੌਰਾਨ ਯੂ-ਟਿਊਬਰ ਧਰੁਵ ਰਾਠੀ ਨੇ ਅਜਿਹੀਆਂ ਬੇਨੇਮੀਆਂ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਪੱਛਮੀ ਬੰਗਾਲ ਦੀ ਚੋਣ ਤੋਂ ਪਹਿਲਾਂ 70 ਹਜ਼ਾਰ ਵੋਟਰ ਅਜਿਹੇ ਸਨ, ਜਿਨ੍ਹਾਂ ਨੂੰ ਵੋਟਰ ਸੂਚੀ 'ਚੋਂ ਹਟਾਇਆ ਗਿਆ। ਜਿਸ ਵੇਲੇ ਵੋਟਾਂ ਪਈਆਂ, ਉਹ ਵੋਟਰ ਨਹੀਂ ਸਨ ਪਰ ਜਦੋਂ ਵੋਟਾਂ ਦਾ ਅਮਲ ਮੁਕੰਮਲ ਹੋ ਗਿਆ ਤਾਂ ਉਸ ਮਗਰੋਂ ਉਨ੍ਹਾਂ ਦੇ ਨਾਂ ਮੁੜ ਵੋਟਰ ਸੂਚੀਆਂ 'ਚ ਜੋੜ ਦਿੱਤੇ ਗਏ। ਇਨ੍ਹਾਂ ਲੋਕਾਂ ਦੇ ਨਾਂ ਹਟਾਉਣ ਵੇਲੇ ਕੋਈ ਸਪੱਸ਼ਟੀਕਰਨ ਨਹੀਂ ਸੀ ਦਿੱਤਾ ਗਿਆ ਅਤੇ ਮਗਰੋਂ ਇਨ੍ਹਾਂ ਦੇ ਨਾਂ ਵੋਟਰ ਸੂਚੀ ਵਿੱਚ ਜੋੜੇ ਜਾਣ ਬਾਰੇ ਵੀ ਕਿਧਰੇ ਕਿਸੇ ਨੂੰ ਕੋਈ ਜਵਾਬ ਨਹੀਂ ਦਿੱਤਾ ਗਿਆ।

ਇਸੇ ਤਰ੍ਹਾਂ ਪੱਛਮੀ ਬੰਗਾਲ ਵਿੱਚ ਕੋਈ 65 ਲੱਖ ਵੋਟਰਾਂ ਦੇ ਨਾਂ ਵੋਟਰ ਸੂਚੀ 'ਚੋਂ ਹਟਾਏ ਗਏ ਪਰ ਮੁੱਖ ਚੋਣ ਕਮਿਸ਼ਨਰ ਨੇ ਇਨ੍ਹਾਂ ਵੋਟਰਾਂ ਦੇ ਨਾਂ ਕਿਸੇ ਨੂੰ ਵੀ ਦੱਸਣ ਦੀ ਜ਼ਰੂਰਤ ਨਹੀਂ ਸਮਝੀ। ਇਹ ਗੱਲ ਉਦੋਂ ਤੱਕ ਲੁਕਾ ਕੇ ਰੱਖੀ ਗਈ ਜਦੋਂ ਤੱਕ ਸੁਪਰੀਮ ਕੋਰਟ ਨੇ ਇਹ ਹੁਕਮ ਨਹੀਂ ਦਿੱਤਾ ਕਿ ਇਨ੍ਹਾਂ ਦੇ ਨਾਂ ਜਨਤਕ ਕੀਤੇ ਜਾਣ। ਇੱਥੇ ਹੀ ਗੱਲ ਨਾ ਮੁੱਕੀ। ਉੱਤਰ ਪ੍ਰਦੇਸ਼ 'ਚ 14 ਲੱਖ ਵੋਟਰਾਂ ਦੇ ਨਾਂ ਵੋਟਰ ਸੂਚੀ ਵਿੱਚ ਜੋੜੇ ਗਏ। 'ਰਿਪੋਰਟਰਜ਼ ਕੁਲੈਕਟਿਵ' ਦੀ ਰਿਪੋਰਟ ਅਨੁਸਾਰ ਨਾ ਤਾਂ ਵੋਟਰ ਲਿਸਟ ਵਿੱਚ ਜੋੜੇ ਜਾਣ ਵਾਲੇ ਤੇ ਨਾ ਹੀ ਇਸ ਵਿੱਚੋਂ ਕੱਟੇ ਜਾਣ ਵਾਲੇ ਨਾਂ ਦੱਸੇ ਜਾ ਰਹੇ ਹਨ। ਗੋਆ ਦੇ 97 ਜਾਇਜ਼ ਵੋਟਰਾਂ ਦਾ ਮੁੱਦਾ ਸਮੁੱਚੇ ਦੇਸ਼ ਵਿੱਚ ਚਰਚਾ ਦਾ ਵਿਸ਼ਾ ਰਿਹਾ ਹੈ, ਜਿਨ੍ਹਾਂ ਦੇ ਨਾਂ ਜੋੜਨ ਦੀ ਕੋਸ਼ਿਸ਼ ਕਰਦਿਆਂ ਈ ਆਰ ਓ ਨੇ ਕਵਜ.ਅਕਵ ਪੋਰਟਲ ਜ਼ਰੀਏ ਚੋਣ ਕਮਿਸ਼ਨ ਤੱਕ ਵਾਰ-ਵਾਰ ਪਹੁੰਚ ਕਰਨ ਦੀ ਕੋਸ਼ਿਸ਼ ਕੀਤੀ ਪਰ ਵੋਟਰ ਸੂਚੀਆਂ 'ਤੇ ਆਈ ਟੀ ਵਿੰਗ ਦੇ ਕੇਂਦਰੀ ਕੰਟਰੋਲ ਕਾਰਨ ਉਹ ਇਨ੍ਹਾਂ ਵੋਟਰਾਂ ਦੇ ਨਾਂ ਵੋਟਰ ਸੂਚੀ 'ਚ ਨਹੀਂ ਜੋੜ ਸਕਿਆ ਜਦੋਂਕਿ ਕਾਨੂੰਨ ਮੁਤਾਬਿਕ ਸਮੁੱਚਾ ਪ੍ਰਬੰਧ ਉਸ ਦੀ ਪਹੁੰਚ 'ਚ ਹੋਣਾ ਚਾਹੀਦਾ ਸੀ। ਹੋਰ ਤਾਂ ਹੋਰ, ਸੁਪਰੀਮ ਕੋਰਟ ਨੂੰ ਵੀ ਇਹ ਪਤਾ ਨਹੀਂ ਕਿ ਇਸ ਨੇ ਚੋਣ ਕਮਿਸ਼ਨ ਵੱਲੋਂ ਵਰਤੇ ਜਾਂਦੇ ਫਾਰਮ-6 ਵਿੱਚ ਕਿਸੇ ਵੀ ਫੇਰਬਦਲ ਦੀ ਮਨਜ਼ੂਰੀ ਕਦੋਂ ਦੇ ਦਿੱਤੀ? ਚੋਣ ਕਮਿਸ਼ਨ ਵੱਲੋਂ ਪਹਿਲਾਂ ਇਸ ਫੇਰਬਦਲ ਬਾਰੇ ਸੁਪਰੀਮ ਕੋਰਟ ਦੀ ਪ੍ਰਵਾਨਗੀ ਦੀ ਗੱਲ ਕਹੀ ਗਈ ਸੀ। ਸੁਪਰੀਮ ਕੋਰਟ ਵੱਲੋਂ ਅਜਿਹੀ ਮਨਜ਼ੂਰੀ ਨਾ ਦਿੱਤੇ ਜਾਣ ਦੇ ਦਾਅਵੇ ਮਗਰੋਂ ਚੋਣ ਕਮਿਸ਼ਨ ਦਾ ਕਹਿਣਾ ਹੈ ਕਿ ਉਸ ਨੇ ਫਾਰਮ-6 ਵਿੱਚ ਕੋਈ ਤਬਦੀਲੀ ਹੀ ਨਹੀਂ ਕੀਤੀ ਜਦੋਂਕਿ ਨਵੇਂ ਵੋਟਰਾਂ ਦੀ ਰਜਿਸਟਰੇਸ਼ਨ ਵੇਲੇ ਪੁੱਛਿਆ ਜਾਂਦਾ ਸੀ ਕਿ ਕੀ ਉਨ੍ਹਾਂ ਦੇ ਮਾਪਿਆਂ ਜਾਂ ਦਾਦਾ-ਦਾਦੀ ਦੇ ਨਾਂ 2002-04 ਦੀ ਐੱਸ ਆਈ ਆਰ ਵਿੱਚ ਸ਼ਾਮਿਲ ਸਨ ਜਾਂ ਨਹੀਂ? ਇਸ ਸਬੰਧੀ ਵੇਰਵੇ ਦਰਜ ਨਾ ਹੋਣ 'ਤੇ ਫਾਰਮ ਅੱਗੇ ਭਰਿਆ ਹੀ ਨਹੀਂ ਸੀ ਜਾ ਸਕਦਾ। ਇਸ ਸਮੁੱਚੀ ਭੰਬਲਭੂਸੇ ਵਾਲੀ ਸਥਿਤੀ 'ਚ ਇੱਕ ਗ਼ਰੀਬ ਵਿਅਕਤੀ ਨੂੰ ਸਮਝ ਨਹੀਂ ਆਉਂਦਾ ਕਿ ਉਹ ਆਪਣੀ ਕੱਟੀ ਗਈ ਵੋਟ ਮੁੜ ਕਿਵੇਂ ਬਣਵਾਏ? ਇਸ ਦਾ ਸਵਾਲ ਦਾ ਜਵਾਬ ਯਕੀਨਨ ਇਨ੍ਹਾਂ 42 ਸਾਬਕਾ ਜ਼ਹੀਨ ਜੱਜਾਂ ਕੋਲ ਜ਼ਰੂਰ ਹੋਵੇਗਾ।

# ਆ.ਫ਼ਤ ਪ੍ਰਬੰਧਨ ਯੋਜਨਾ: ਹਰ ਸਕੂਲ ਦੀ ਲੋੜ

**ਜਗਤਾਰ ਲਾਡੀ ਮਾਨਸਾ**

ਸਕੂਲ ਬੱਚਿਆਂ ਦੇ ਗਿਆਨ, ਸ਼ਖ਼ਸੀਅਤ ਅਤੇ ਭਵਿੱਖ ਨੂੰ ਘੜਨ ਵਾਲੇ ਅਦਾਰੇ ਹਨ। ਮਾਪੇ ਆਪਣੇ ਬੱਚਿਆਂ ਨੂੰ ਇਸ ਭਰੋਸੇ ਨਾਲ ਸਕੂਲ ਭੇਜਦੇ ਹਨ ਕਿ ਉਹ ਉੱਥੇ ਸੁਰੱਖਿਅਤ ਰਹਿਣਗੇ। ਪਰ ਭੂਚਾਲ, ਹੜ੍ਹ, ਅੱਗ, ਬਿਜਲੀ ਡਿੱਗਣ, ਗਰਮੀ ਦੀ ਲਹਿਰ ਅਤੇ ਇਮਾਰਤਾਂ ਦੇ ਢਹਿਣ ਵਰਗੀਆਂ ਘਟਨਾਵਾਂ ਬੱਚਿਆਂ ਦੀਆਂ ਜਾਨਾਂ ਲਈ ਗੰਭੀਰ ਖ਼ਤਰਾ ਬਣ ਸਕਦੀਆਂ ਹਨ। ਇਸ ਲਈ ਸਕੂਲਾਂ ਵਿੱਚ ਆਫ਼ਤ ਪ੍ਰਬੰਧਨ ਯੋਜਨਾ ਤਿਆਰ ਕਰਨਾ ਸਿਰਫ਼ ਪ੍ਰਸ਼ਾਸਨਿਕ ਕਾਰਵਾਈ ਨਹੀਂ, ਸਗੋਂ ਬੱਚਿਆਂ ਦੀ ਸੁਰੱਖਿਆ ਪ੍ਰਤੀ ਨੈਤਿਕ ਅਤੇ ਕਾਨੂੰਨੀ ਜ਼ਿੰਮੇਵਾਰੀ ਹੈ। ਇਸ ਯੋਜਨਾ ਦਾ ਉਦੇਸ਼ ਖ਼ਤਰਿਆਂ ਦੀ ਪਛਾਣ ਕਰਨਾ, ਹਾਦਸਿਆਂ ਤੋਂ ਬਚਾਅ ਕਰਨਾ ਅਤੇ ਸੰਕਟ ਸਮੇਂ ਜਾਨੀ ਨੁਕਸਾਨ ਘਟਾਉਣਾ ਹੈ।

ਪਿਛਲੇ ਸਮੇਂ ਦੌਰਾਨ ਵਾਪਰੀਆਂ ਕਈ ਦਰਦਨਾਕ ਘਟਨਾਵਾਂ ਸਕੂਲ ਸੁਰੱਖਿਆ ਦੀ ਮਹੱਤਤਾ ਨੂੰ ਉਜਾਗਰ ਕਰਦੀਆਂ ਹਨ। 23 ਦਸੰਬਰ 1995 ਨੂੰ ਹਰਿਆਣਾ ਦੇ ਮੰਡੀ ਡੱਬਵਾਲੀ ਵਿੱਚ ਸਕੂਲ ਦੇ ਸਮਾਗਮ ਦੌਰਾਨ ਲੱਗੀ ਅੱਗ ਕਾਰਨ 442 ਲੋਕਾਂ ਦੀ ਮੌਤ ਹੋ ਗਈ ਸੀ ਅਤੇ ਲਗਭਗ 160 ਲੋਕ ਜ਼ਖ਼ਮੀ ਹੋਏ ਸਨ।ਇਸ ਘਟਨਾ ਨੇ ਅੱਗ ਤੋਂ ਬਚਾਅ, ਸੁਰੱਖਿਅਤ ਨਿਕਾਸੀ ਰਸਤਿਆਂ ਅਤੇ ਭੀੜ ਪ੍ਰਬੰਧਨ ਦੀਆਂ ਕਮੀਆਂ ਨੂੰ ਸਾਹਮਣੇ ਲਿਆਂਦਾ।ਇਸ ਘਟਨਾ ਵਿੱਚ ਵੱਡੀ ਗਿਣਤੀ ਬੱਚਿਆਂ ਦੀ ਸੀ। ਪੰਜਾਬ ਵਿੱਚ ਵੀ ਪਿੱਛੇ ਜਿਹੇ ਇੱਕ ਸਕੂਲ ਦੀ ਕਮਰੇ ਦੀ ਛੱਤ ਡਿੱਗੀ ਤੇ ਇੱਕ ਅਧਿਆਪਕ ਦੀ ਮੌਤ ਹੋ ਗਈ ਸੀ ।ਇਸ ਤਰ੍ਹਾਂ ਚੰਡੀਗੜ੍ਹ ਵਿੱਚ ਇੱਕ ਪੁਰਾਣਾ ਦਰੱਖਤ ਡਿੱਗਿਆ ਤੇ ਉਸ ਨਾਲ ਇੱਕ ਸਕੂਲ ਵਿੱਚ ਹੀ ਇੱਕ ਬੱਚੇ ਦੀ ਮੌਤ ਹੋ ਗਈ ਤੇ ਕੁਝ ਜ਼ਖ਼ਮੀ ਹੋ ਗਏ ਸੀ।ਇਸ ਘਟਨਾ ਨੇ ਅੱਗ ਤੋਂ ਬਚਾਅ, ਸੁਰੱਖਿਅਤ ਨਿਕਾਸੀ ਰਸਤਿਆਂ ਅਤੇ ਭੀੜ ਪ੍ਰਬੰਧਨ ਦੀਆਂ ਕਮੀਆਂ ਨੂੰ ਸਾਹਮਣੇ ਲਿਆਂਦਾ। ਇਸੇ ਤਰ੍ਹਾਂ 16 ਜੁਲਾਈ 2004 ਨੂੰ ਤਾਮਿਲਨਾਡੂ ਦੇ ਕੁੰਭਕੋਨਮ ਵਿੱਚ ਇੱਕ ਸਕੂਲ ਵਿੱਚ ਅੱਗ ਲੱਗਣ ਕਾਰਨ 90 ਬੱਚਿਆਂ ਦੀ ਮੌਤ ਹੋ ਗਈ ਅਤੇ 19 ਬੱਚੇ ਝੁਲਸ ਕੇ ਜ਼ਖ਼ਮੀ ਹੋਏ। ਇਮਾਰਤ ਵਿੱਚ ਤੰਗ ਪੌੜੀਆਂ ਅਤੇ ਐਮਰਜੈਂਸੀ ਸਮੇਂ ਬਾਹਰ ਨਿਕਲਣ ਲਈ ਢੁੱਕਵੇਂ ਰਸਤੇ ਦੀ ਘਾਟ ਗੰਭੀਰ ਸਮੱਸਿਆ ਸੀ। ਇਹ ਦੋਵੇਂ ਘਟਨਾਵਾਂ ਦਰਸਾਉਂਦੀਆਂ ਹਨ ਕਿ ਸੁਰੱਖਿਆ ਪ੍ਰਬੰਧਾਂ ਵਿੱਚ ਲਾਪਰਵਾਹੀ ਦੇ ਨਤੀਜੇ ਕਿੰਨੇ ਭਿਆਨਕ ਹੋ ਸਕਦੇ ਹਨ।

ਇਸ ਤੋਂ ਬਿਨਾਂ ਹਾਲੀਆ ਹੋਰ ਘਟਨਾਵਾਂ ਵੀ ਚਿੰਤਾਜਨਕ ਹਨ। 25 ਜੁਲਾਈ 2025 ਨੂੰ ਰਾਜਸਥਾਨ ਦੇ ਝਾਲਾਵਾੜ ਜ਼ਿਲ੍ਹੇ ਵਿੱਚ ਸਰਕਾਰੀ ਸਕੂਲ ਦੀ ਇਮਾਰਤ ਦਾ ਇੱਕ ਹਿੱਸਾ ਡਿੱਗਣ ਕਾਰਨ ਸੱਤ ਵਿਦਿਆਰਥੀਆਂ ਦੀ ਮੌਤ ਹੋ ਗਈ ਅਤੇ 28 ਹੋਰ ਜ਼ਖ਼ਮੀ ਹੋਏ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਇਸ ਘਟਨਾ ਦਾ ਨੋਟਿਸ ਲੈਂਦਿਆਂ ਰਾਜ ਸਰਕਾਰ ਤੋਂ ਰਿਪੋਰਟ ਮੰਗੀ ਸੀ। ਇਸ ਤੋਂ ਇਲਾਵਾ, 15 ਅਪਰੈਲ 2026 ਨੂੰ ਓੜੀਸ਼ਾ ਦੇ ਗਜਪਤੀ ਜ਼ਿਲ੍ਹੇ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਦਾ ਲੋਹੇ ਦਾ ਦਰਵਾਜ਼ਾ ਡਿੱਗਣ ਕਾਰਨ ਦੋ ਵਿਦਿਆਰਥਣਾਂ ਦੀ ਮੌਤ ਹੋ ਗਈ। ਇਨ੍ਹਾਂ ਘਟਨਾਵਾਂ ਤੋਂ ਸਪੱਸ਼ਟ ਹੈ ਕਿ ਸੁਰੱਖਿਆ ਦੀ ਜਾਂਚ ਸਿਰਫ਼ ਛੱਤਾਂ ਅਤੇ ਕੰਧਾਂ ਤੱਕ ਸੀਮਤ ਨਹੀਂ ਹੋਣੀ ਚਾਹੀਦੀ, ਸਗੋਂ ਦਰਵਾਜ਼ਿਆਂ, ਚਾਰਦੀਵਾਰੀ ਅਤੇ ਹੋਰ ਢਾਂਚਿਆਂ ਦੀ ਮਜ਼ਬੂਤੀ ਵੀ ਜਾਂਚੀ ਜਾਣੀ ਚਾਹੀਦੀ ਹੈ।

ਭਾਰਤ ਵਿੱਚ ਸਕੂਲ ਸੁਰੱਖਿਆ ਲਈ ਕੌਮੀ ਆਫ਼ਤ ਪ੍ਰਬੰਧਨ ਅਥਾਰਟੀ ਨੇ ਫਰਵਰੀ 2016 ਵਿੱਚ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਸਨ। ਇਨ੍ਹਾਂ ਵਿੱਚ ਇਮਾਰਤਾਂ ਦੀ ਸੁਰੱਖਿਆ ਜਾਂਚ, ਆਫ਼ਤ ਪ੍ਰਬੰਧਨ ਯੋਜਨਾ, ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਸਿਖਲਾਈ ਅਤੇ ਬਚਾਅ ਅਭਿਆਸਾਂ ਉੱਤੇ ਜ਼ੋਰ ਦਿੱਤਾ ਗਿਆ ਹੈ। ਕੇਂਦਰੀ ਸਿੱਖਿਆ ਮੰਤਰਾਲੇ ਨੇ ਵੀ ਬੱਚਿਆਂ ਦੀ ਸੁਰੱਖਿਆ ਸਬੰਧੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਯੂਡਾਈਸ ਪਲੱਸ ਦੀ ਪ੍ਰਣਾਲੀ ਵਿੱਚ ਵੀ ਸਕੂਲਾਂ ਦੀ ਸੁਰੱਖਿਆ ਨਾਲ ਸਬੰਧਤ ਜਾਣਕਾਰੀ ਦਰਜ ਕੀਤੀ ਜਾਂਦੀ ਹੈ। ਪਰ ਨੀਤੀਆਂ ਅਤੇ ਅੰਕੜੇ ਤਦ ਹੀ ਲਾਹੇਵੰਦ ਹਨ, ਜਦੋਂ ਸਕੂਲਾਂ ਵਿੱਚ ਅਮਲੀ ਤੌਰ 'ਤੇ ਸੁਰੱਖਿਆ ਪ੍ਰਬੰਧ ਮੌਜੂਦ ਹੋਣ।



ਆਫ਼ਤ ਪ੍ਰਬੰਧਨ ਯੋਜਨਾ ਤਿਆਰ ਕਰਨ ਤੋਂ ਪਹਿਲਾਂ ਸਕੂਲ ਦੇ ਆਲੇ-ਦੁਆਲੇ ਦੇ ਖ਼ਤਰਿਆਂ ਦਾ ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ। ਪੰਜਾਬ ਵਿੱਚ ਹੜ੍ਹ, ਭਾਰੀ ਮੀਂਹ, ਤੇਜ਼ ਹਨੇਰੀ, ਬਿਜਲੀ ਡਿੱਗਣ ਅਤੇ ਗਰਮੀ ਦੀਆਂ ਲਹਿਰਾਂ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ। ਦਰਿਆਵਾਂ ਅਤੇ ਨੀਵੇਂ ਇਲਾਕਿਆਂ ਨੇੜੇ ਸਥਿਤ ਸਕੂਲਾਂ ਲਈ ਪਾਣੀ ਭਰਨ ਤੋਂ ਬਚਾਅ ਦੀ ਯੋਜਨਾ ਬਣਾਈ ਜਾਵੇ। ਪੁਰਾਣੀਆਂ ਇਮਾਰਤਾਂ ਦੀ ਯੋਗ ਇੰਜਨੀਅਰ ਤੋਂ ਜਾਂਚ ਕਰਵਾਈ ਜਾਵੇ ਅਤੇ ਛੱਤਾਂ ਵਿੱਚ ਤਰੇੜਾਂ, ਕਮਜ਼ੋਰ ਕੰਧਾਂ, ਢਿੱਲੇ ਪੱਖਿਆਂ, ਨੰਗੀਆਂ ਬਿਜਲੀ ਦੀਆਂ ਤਾਰਾਂ ਅਤੇ ਟੁੱਟੀਆਂ ਪੌੜੀਆਂ ਵਰਗੀਆਂ ਕਮੀਆਂ ਤੁਰੰਤ ਦੂਰ ਕੀਤੀਆਂ ਜਾਣ। ਜੇ ਕੋਈ ਹਿੱਸਾ ਅਸੁਰੱਖਿਅਤ ਹੋਵੇ ਤਾਂ ਮੁਰੰਮਤ ਜਾਂ ਜਾਂਚ ਹੋਣ ਤੱਕ ਉਸ ਦੀ ਵਰਤੋਂ ਰੋਕੀ ਜਾਵੇ।

ਹਰੇਕ ਸਕੂਲ ਵਿੱਚ ਆਫ਼ਤ ਪ੍ਰਬੰਧਨ ਕਮੇਟੀ ਬਣਾਈ ਜਾਣੀ ਚਾਹੀਦੀ ਹੈ, ਜਿਸ ਵਿੱਚ ਮੁੱਖ ਅਧਿਆਪਕ, ਅਧਿਆਪਕ, ਸਕੂਲ ਪ੍ਰਬੰਧਨ ਕਮੇਟੀ ਦੇ ਨੁਮਾਇੰਦੇ ਅਤੇ ਮਾਪੇ ਸ਼ਾਮਲ ਹੋਣ। ਕਮੇਟੀ ਦੀ ਜ਼ਿੰਮੇਵਾਰੀ ਖ਼ਤਰਿਆਂ ਦੀ ਪਛਾਣ ਕਰਨਾ, ਸੁਰੱਖਿਅਤ ਨਿਕਾਸੀ ਰਸਤੇ ਨਿਰਧਾਰਤ ਕਰਨਾ, ਐਮਰਜੈਂਸੀ ਸੰਪਰਕ ਨੰਬਰ ਤਿਆਰ ਰੱਖਣਾ ਅਤੇ ਬੱਚਿਆਂ ਦੀ ਗਿਣਤੀ ਯਕੀਨੀ ਬਣਾਉਣਾ ਹੋਵੇ। ਸਕੂਲ ਦੇ ਮੈਦਾਨ ਵਿੱਚ ਇਕੱਠੇ ਹੋਣ ਲਈ ਸੁਰੱਖਿਅਤ ਥਾਂ ਨਿਰਧਾਰਤ ਕੀਤੀ ਜਾਵੇ। ਅੱਗ ਬੁਝਾਉਣ ਵਾਲੇ ਯੰਤਰ, ਮੁੱਢਲੀ ਸਹਾਇਤਾ ਵਾਲਾ ਡੱਬਾ ਅਤੇ ਪੀਣ ਵਾਲਾ ਪਾਣੀ ਉਪਲਬਧ ਹੋਣ ਦੇ ਨਾਲ ਉਨ੍ਹਾਂ ਦੀ ਨਿਯਮਿਤ ਜਾਂਚ ਵੀ ਕੀਤੀ ਜਾਵੇ।ਇਸ ਲਈ ਅਧਿਆਪਕ, ਮਾਪਿਆਂ, ਬੱਚਿਆਂ ਨੂੰ ਸਪੈਸ਼ਲ ਟ੍ਰੇਨਿੰਗ ਦੇ ਕੇ ਵੱਖ ਵੱਖ ਸਮੇਂ ਵਿੱਚ ਮੌਕੇ ਡਰਿੱਲ? ਕਰਵਾਈ ਜਾਵੇ।

ਬਚਾਅ ਅਭਿਆਸ ਆਫ਼ਤ ਪ੍ਰਬੰਧਨ ਦਾ ਅਹਿਮ ਹਿੱਸਾ ਹਨ। ਬੱਚਿਆਂ ਨੂੰ ਸਮਝਾਇਆ ਜਾਵੇ ਕਿ ਭੂਚਾਲ ਆਉਣ 'ਤੇ ਕਿਵੇਂ ਆਪਣੀ ਰੱਖਿਆ ਕਰਨੀ ਹੈ, ਅੱਗ ਲੱਗਣ ਸਮੇਂ ਸੁਰੱਖਿਅਤ ਤਰੀਕੇ ਨਾਲ ਕਿਵੇਂ ਬਾਹਰ ਨਿਕਲਣਾ ਹੈ ਅਤੇ ਬਿਜਲੀ ਡਿੱਗਣ ਦੀ ਸੰਭਾਵਨਾ ਹੋਣ 'ਤੇ ਕਿਹੜੀਆਂ ਸਾਵਧਾਨੀਆਂ ਵਰਤਣੀਆਂ ਹਨ। ਸਾਲ ਵਿੱਚ ਘੱਟੋ-ਘੱਟ ਦੋ ਵਾਰ ਬਚਾਅ ਅਭਿਆਸ ਕਰਵਾਉਣ ਦਾ ਟੀਚਾ ਰੱਖਿਆ ਜਾ ਸਕਦਾ ਹੈ, ਜਦੋਂਕਿ ਅਸਲ ਆਵਰਤੀ ਸਬੰਧਤ ਦਿਸ਼ਾ-ਨਿਰਦੇਸ਼ਾਂ ਅਨੁਸਾਰ ਨਿਰਧਾਰਤ ਕੀਤੀ ਜਾਵੇ। ਅਧਿਆਪਕਾਂ ਨੂੰ ਮੁੱਢਲੀ ਸਹਾਇਤਾ ਅਤੇ ਐਮਰਜੈਂਸੀ ਕਾਰਵਾਈ ਦੀ ਸਿਖਲਾਈ ਦਿੱਤੀ ਜਾਵੇ। ਹਰ ਅਭਿਆਸ ਤੋਂ ਬਾਅਦ ਕਮੀਆਂ ਦੀ ਸਮੀਖਿਆ ਕਰਕੇ ਸੁਧਾਰ ਕੀਤੇ ਜਾਣ।

ਛੋਟੇ ਬੱਚਿਆਂ ਅਤੇ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਲਈ ਵਿਸ਼ੇਸ਼ ਪ੍ਰਬੰਧ ਹੋਣੇ ਚਾਹੀਦੇ ਹਨ। ਸੰਕਟ ਸਮੇਂ ਉਨ੍ਹਾਂ ਦੀ ਸੁਰੱਖਿਅਤ ਨਿਕਾਸੀ ਲਈ ਜ਼ਿੰਮੇਵਾਰ ਕਰਮਚਾਰੀ ਨਿਰਧਾਰਤ ਕੀਤੇ ਜਾਣ। ਸਕੂਲ ਬੰਦ ਕਰਨ ਜਾਂ ਬੱਚਿਆਂ ਨੂੰ ਮਾਪਿਆਂ ਦੇ ਹਵਾਲੇ ਕਰਨ ਦੀ ਸਥਿਤੀ ਵਿੱਚ ਸਪੱਸ਼ਟ ਸੰਚਾਰ ਪ੍ਰਬੰਧ ਹੋਵੇ। ਮਾਪਿਆਂ ਨੂੰ ਵੀ ਸੁਰੱਖਿਆ ਯੋਜਨਾ ਬਾਰੇ ਜਾਣਕਾਰੀ ਦਿੱਤੀ ਜਾਵੇ, ਤਾਂ ਜੋ ਸੰਕਟ ਸਮੇਂ ਬੇਲੋੜੀ ਭੀੜ ਅਤੇ ਘਬਰਾਹਟ ਤੋਂ ਬਚਿਆ ਜਾ ਸਕੇ। ਸਰਕਾਰ ਅਤੇ ਸਿੱਖਿਆ ਵਿਭਾਗ ਨੂੰ ਸਕੂਲਾਂ ਦੀਆਂ ਸੁਰੱਖਿਆ ਲੋੜਾਂ ਲਈ ਲੋੜੀਂਦਾ ਬਜਟ ਦੇਣਾ ਚਾਹੀਦਾ ਹੈ। ਜ਼ਿਲ੍ਹਾ ਪੱਧਰ 'ਤੇ ਨਿਰੀਖਣ ਕੀਤੇ ਜਾਣ ਅਤੇ ਕਮੀਆਂ ਦੂਰ ਕਰਨ ਲਈ ਸਮਾਂ-ਸੀਮਾ ਨਿਰਧਾਰਤ ਹੋਵੇ। ਸਕੂਲ ਪ੍ਰਬੰਧਨ ਕਮੇਟੀਆਂ ਦੀਆਂ ਮੀਟਿੰਗਾਂ ਵਿੱਚ ਸੁਰੱਖਿਆ ਨੂੰ ਨਿਯਮਿਤ ਮੁੱਦਾ ਬਣਾਇਆ ਜਾਵੇ। ਸਿਰਫ਼ ਕਾਗਜ਼ਾਂ ਵਿੱਚ ਯੋਜਨਾ ਤਿਆਰ ਕਰਨਾ ਜਾਂ ਤਸਵੀਰਾਂ ਲਈ ਅਭਿਆਸ ਕਰਵਾਉਣਾ ਕਾਫ਼ੀ ਨਹੀਂ; ਇਸ ਦੀ ਪ੍ਰਭਾਵਸ਼ੀਲਤਾ ਦੀ ਜਾਂਚ ਹੋਣੀ ਚਾਹੀਦੀ ਹੈ।

ਅੰਤ ਵਿੱਚ, ਸਕੂਲ ਸੁਰੱਖਿਆ ਨੂੰ ਵਾਧੂ ਖ਼ਰਚ ਸਮਝਣ ਦੀ ਬਜਾਏ ਬੱਚਿਆਂ ਦੀਆਂ ਜਾਨਾਂ ਅਤੇ ਦੇਸ਼ ਦੇ ਭਵਿੱਖ ਵਿੱਚ ਨਿਵੇਸ਼ ਮੰਨਿਆ ਜਾਣਾ ਚਾਹੀਦਾ ਹੈ। ਡੱਬਵਾਲੀ, ਕੁੰਭਕੋਨਮ, ਝਾਲਾਵਾੜ ਅਤੇ ਗਜਪਤੀ ਦੀਆਂ ਘਟਨਾਵਾਂ ਸਾਨੂੰ ਚੇਤਾਵਨੀ ਦਿੰਦੀਆਂ ਹਨ ਕਿ ਛੋਟੀ ਜਿਹੀ ਲਾਪਰਵਾਹੀ ਵੀ ਵੱਡੀ ਤ੍ਰਾਸਦੀ ਦਾ ਕਾਰਨ ਬਣ ਸਕਦੀ ਹੈ। ਸੁਰੱਖਿਅਤ ਇਮਾਰਤਾਂ, ਜਾਗਰੂਕ ਬੱਚੇ, ਸਿਖਲਾਈ ਪ੍ਰਾਪਤ ਅਧਿਆਪਕ ਅਤੇ ਜ਼ਿੰਮੇਵਾਰ ਪ੍ਰਸ਼ਾਸਨ ਮਿਲ ਕੇ ਹੀ ਆਫ਼ਤਾਂ ਦੇ ਖ਼ਤਰੇ ਨੂੰ ਘਟਾ ਸਕਦੇ ਹਨ। ਹਾਦਸੇ ਤੋਂ ਬਾਅਦ ਮੁਆਵਜ਼ਾ ਦੇਣ ਨਾਲੋਂ ਪਹਿਲਾਂ ਹੀ ਬਚਾਅ ਕਰਨਾ ਕਿਤੇ ਬਿਹਤਰ ਹੈ। ਸੁਰੱਖਿਅਤ ਸਕੂਲ ਹੀ ਸੁਰੱਖਿਅਤ ਭਵਿੱਖ ਦੀ ਨੀਂਹ ਹਨ।

-9463603091

# ਸਵਾਰੀ ਆਪਣੇ ਸਾਮਾਨ ਦੀ ਆਪ ਜ਼ਿੰਮੇਵਾਰ

**ਲਖਵਿੰਦਰ ਸਿੰਘ ਰਈਆ**

ਇਹ ਗੱਲ ਲਗਪਗ ਸਾਢੇ ਤਿੰਨ ਕੁ ਦਹਾਕੇ ਪੁਰਾਣੀ ਹੈ। ਮੈਂ ਅਧਿਆਪਕ ਭਰਤੀ ਦੀ ਇੰਟਰਵਿਊ ਦੇਣ ਲਈ ਚੰਡੀਗੜ੍ਹ ਜਾਣਾ ਸੀ। ਘਰ ਤੋਂ ਇਹ ਸਫ਼ਰ ਦੋ ਕੁ ਸੌ ਕਿਲੋਮੀਟਰ ਦਾ ਸੀ। ਸਮੇਂ ਸਿਰ ਪਹੁੰਚਣ ਲਈ ਇੱਕ ਦਿਨ ਪਹਿਲਾਂ ਹੀ ਤੁਰਨ ਦਾ ਫ਼ੈਸਲਾ ਕਰ ਲਿਆ। ਲੋੜੀਂਦੇ ਸਭ ਵਿੱਦਿਅਕ ਸਰਟੀਫਿਕੇਟਾਂ ਦੀ ਫਾਈਲ ਵਾਲਾ ਬੈਗ ਲੈ ਕੇ ਆਪਣੇ ਨਜ਼ਦੀਕੀ ਬੱਸ ਅੱਡੇ 'ਤੇ ਪਹੁੰਚ ਕੇ ਬੱਸ ਦੀ ਉਡੀਕ ਕਰਨ ਲੱਗਾ। ਸਬੱਬ ਨਾਲ ਨਵਾਂਸ਼ਹਿਰ ਡਿਪੂ ਦੀ ਅੰਮ੍ਰਿਤਸਰ-ਚੰਡੀਗੜ੍ਹ ਬੱਸ ਮਿਲ ਗਈ। ਚੰਡੀਗੜ੍ਹ ਲਈ ਖ਼ੁਸ਼ਗਵਾਰ ਸਫ਼ਰ ਸ਼ੁਰੂ ਹੋ ਗਿਆ। ਉਂਜ ਵੀ ਇਹ ਇੰਟਰਵਿਊ ਦੇਣ ਜਾਣ ਦਾ ਚਾਅ ਸਾਂਭਿਆ ਨਹੀਂ ਸੀ ਜਾ ਰਿਹਾ। ਸਰਕਾਰੀ ਅਧਿਆਪਕ ਬਣਨ ਦੀ ਆਸ ਮਨ ਵਿੱਚ ਸੀ।

ਬੱਸ ਰਫ਼ਤਾਰ ਨਾਲ ਆਪਣੇ ਪੰਧ ਵੱਲ ਵਧ ਰਹੀ ਸੀ ਅਤੇ ਕੁਝ ਗਿਣਵੇਂ ਮਿਥੇ ਅੱਡਿਆਂ 'ਤੇ ਹੀ ਰੁਕੀ। ਆਪਣਾ ਪੰਧ ਪੂਰਾ ਕਰਨ ਵਾਲੀਆਂ ਸਵਾਰੀਆਂ ਉਤਰੀਆਂ ਅਤੇ ਅਗਲੇਰੇ ਪੰਧ ਲਈ ਨਵੀਆਂ ਸਵਾਰੀਆਂ ਆ ਚੜ੍ਹੀਆਂ। ਸਵਾਰੀਆਂ ਉਤਾਰਦੀ ਤੇ ਚੜ੍ਹਾਉਂਦੀ ਬੱਸ ਅੱਗੇ ਵਧਦੀ ਹੋਈ ਨਵਾਂਸ਼ਹਿਰ ਬੱਸ ਅੱਡੇ 'ਤੇ ਪਹੁੰਚ ਗਈ, ਜਿੱਥੇ ਇਸ ਨੇ ਕੁਝ ਸਮਾਂ ਰੁਕਣਾ ਸੀ। ਸੋਚਿਆ ਕਿਉਂ ਨਾ ਬਾਥਰੂਮ ਜਾ ਆਵਾਂ। ਮੈਂ ਆਪਣਾ ਬੈਗ ਸੀਟ ਉੱਪਰ ਰੱਖ ਕੇ ਬਾਥਰੂਮ ਦੀ ਭਾਲ ਵਿੱਚ ਨਿਕਲ ਪਿਆ। ਜਦੋਂ ਮੈਂ ਮੁੜਿਆ ਤਾਂ ਉਸੇ ਕਾਊਂਟਰ 'ਤੇ ਚੰਡੀਗੜ੍ਹ ਜਾਣ ਵਾਲੀ ਖੜ੍ਹੀ ਨਵਾਂਸ਼ਹਿਰ ਡਿਪੂ ਦੀ ਬੱਸ 'ਤੇ ਆ ਕੇ ਸਵਾਰ ਹੋਇਆ ਤਾਂ ਸੀਟ 'ਤੇ ਛੱਡਿਆ ਬੈਗ ਕਿਤੇ ਨਜ਼ਰ ਨਾ ਆਇਆ। ਬੱਸ ਦੀਆਂ ਸਭ ਸੀਟਾਂ 'ਤੇ ਨਜ਼ਰ ਘੁਮਾਈ ਤਾਂ ਵੀ ਬੈਗ ਕਿਤੇ ਨਾ ਦਿਸਿਆ। ਮੈਂ ਹੈਰਾਨ ਤੇ ਪਰੇਸ਼ਾਨ ਹੋ ਗਿਆ ਕਿ ਮੇਰਾ ਬੈਗ ਗਿਆ ਤਾਂ ਗਿਆ ਕਿੱਥੇ? ਬੱਸ 'ਚ ਸਵਾਰੀਆਂ ਨੂੰ ਇਸ ਬਾਰੇ ਪੁੱਛਿਆ ਤਾਂ ਉਨ੍ਹਾਂ ਨੇ ਵੀ ਅਣਜਾਣਤਾ ਪ੍ਰਗਟਾਈ। ਅਖੀਰ ਉਸ ਬੱਸ ਡਰਾਈਵਰ ਨੂੰ ਮੈਂ ਆਪਣੇ ਗੁਆਚੇ ਬੈਗ ਅਤੇ ਇਸ ਵਿੱਚ ਆਪਣੀ ਵਿੱਦਿਅਕ ਕਮਾਈ ਦੇ ਸਰਟੀਫਿਕੇਟ ਹੋਣ ਤੇ ਇੰਟਰਵਿਊ 'ਤੇ ਜਾਣ ਬਾਰੇ ਦੱਸਿਆ। ਉਸ ਨੇ ਪੁੱਛਿਆ ਕਿ ਤੁਸੀਂ ਕਿੱਥੋਂ ਆਏ ਹੋ ਅਤੇ ਬੱਸ ਕਿਹੜੀ ਸੀ? ਮੈਂ ਅੱਗੋਂ ਕਿਹਾ, ਇਹੀ ਬੱਸ ਹੈ, ਨਵਾਂਸ਼ਹਿਰ ਡਿਪੂ ਦੀ ਅੰਮ੍ਰਿਤਸਰ ਤੋਂ ਚੰਡੀਗੜ੍ਹ ਜਾਣ ਵਾਲੀ। ਉਸ ਡਰਾਈਵਰ ਨੇ ਕਿਹਾ ਕਿ ਤੁਹਾਡੀ ਉਹ ਬੱਸ (ਅੰਮ੍ਰਿਤਸਰ-ਚੰਡੀਗੜ੍ਹ) ਤਾਂ ਸਾਡੀ ਇਸ ਬੱਸ ਤੋਂ ਪਹਿਲਾਂ ਚੰਡੀਗੜ੍ਹ ਨੂੰ ਨਿਕਲ ਚੁੱਕੀ ਹੈ, ਪਰ ਸਾਡੀ ਬੱਸ ਵੀ ਚੰਡੀਗੜ੍ਹ ਨੂੰ ਹੀ ਜਾਣੀ ਹੈ। ਇਹ ਗੱਲ ਸੁਣਦਿਆਂ ਸਾਰ ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਉਸ ਭਲੇ ਡਰਾਈਵਰ ਨੇ ਮੈਨੂੰ ਹੌਸਲਾ ਦਿੰਦਿਆਂ ਕਿਹਾ, "ਮੈਂ ਤੁਹਾਡੀ ਜਾ ਚੁੱਕੀ ਬੱਸ ਤੇ ਉਸ ਦੇ ਡਰਾਈਵਰ ਨੂੰ ਜਾਣਦਾ ਹਾਂ। ਹੁਣ ਤੁਸੀਂ ਇਸੇ ਬੱਸ ਵਿੱਚ ਬੈਠੇ ਰਹੋ, ਹੋ ਸਕਦਾ ਹੈ ਆਪਾਂ ਚੰਡੀਗੜ੍ਹ ਬੱਸ ਅੱਡੇ 'ਤੇ ਜਾ ਕੇ ਉਸ ਬੱਸ ਨੂੰ ਲੱਭ ਲਈਏ।" ਨਾਲ ਹੀ ਉਸ ਨੇ ਬੱਸ ਕੰਡਕਟਰ ਨੂੰ ਵੀ ਮੇਰੀ ਉਲਝਣ ਬਾਰੇ ਦੱਸਿਆ। ਡਰਾਈਵਰ ਦੇ ਨੇੜਲੀ ਸੀਟ 'ਤੇ ਨਿੰਮੋਝੂਣਾ ਹੋਇਆ ਬੈਠਾ ਮੈਂ ਸੋਚੀ ਜਾ ਰਿਹਾ ਸੀ ਕਿ ਹੁਣ ਕੀ ਬਣੂ, ਹੁਣ ਸਭ ਸੁਪਨੇ ਧਰੇ-ਧਰਾਏ ਰਹਿ ਜਾਣਗੇ। ਇਸੇ ਦੌਰਾਨ ਮੇਰੀ ਨਜ਼ਰ ਬੱਸ ਵਿੱਚ ਲਿਖੀ ਸਤਰ 'ਸਵਾਰੀ ਆਪਣੇ ਸਾਮਾਨ ਦੀ ਆਪ ਜ਼ਿੰਮੇਵਾਰ ਹੈ' ਉੱਤੇ ਪਈ ਤਾਂ ਇਸ ਦਾ ਅਰਥ ਸਹੀ ਮਾਅਨਿਆਂ ਵਿੱਚ ਸਮਝ ਆ ਗਿਆ। ਨਾਲ-ਨਾਲ ਆਪਣੇ ਆਪ ਨੂੰ ਕੋਸਣ ਲੱਗਾ, 'ਕਾਸ਼! ਨਸੀਹਤ ਭਰੀ ਇਸ ਸਤਰ ਉੱਤੇ ਅਮਲ ਕਰਦਿਆਂ ਆਪਣਾ ਬੈਗ ਆਪਣੇ ਨਾਲ ਹੀ ਰੱਖਿਆ ਹੁੰਦਾ ਤਾਂ ਇਸ ਕਸੂਤੀ ਭਸੂੜੀ ਤੋਂ ਤਾਂ ਬਚਿਆ ਰਹਿੰਦਾ।'

ਇਹ ਬੱਸ ਵੀ ਭਾਵੇਂ ਆਪਣੀ ਪੂਰੀ ਰਫ਼ਤਾਰ ਨਾਲ ਦੌੜਦੀ ਜਾ ਰਹੀ ਸੀ, ਫਿਰ ਵੀ ਮੇਰੇ ਲਈ ਨਵਾਂਸ਼ਹਿਰ ਤੋਂ ਚੰਡੀਗੜ੍ਹ ਦਾ ਸਫ਼ਰ ਕੀੜੀ ਦੀ ਤੋਰ ਤੇ ਨਾ ਮੁੱਕਣ ਵਾਲਾ ਬੋਝਲ ਜਿਹਾ ਬਣ ਰਿਹਾ ਸੀ। ਨਾਲ-ਨਾਲ ਚੰਦਰੀਆਂ ਸੋਚਾਂ ਵੀ ਘੇਰ ਰਹੀਆਂ ਸਨ ਕਿ ਜੇ ਬੈਗ ਨਾ ਮਿਲਿਆ ਤਾਂ ਅਧਿਆਪਕ ਲੱਗਣ ਦਾ ਸੁਪਨਾ ਅੱਧਵਾਟੇ ਹੀ ਮਰ ਜਾਵੇਗਾ ਕਿਉਂਕਿ ਇਨ੍ਹਾਂ ਸਭ ਵਿੱਦਿਅਕ ਸਰਟੀਫਿਕੇਟਾਂ ਦੇ ਡੁਪਲੀਕੇਟ ਸਰਟੀਫਿਕੇਟ ਲੈਣੇ ਇਸ ਸਿਸਟਮ ਵਿੱਚ ਖ਼ਾਲਾ ਜੀ ਦਾ ਵਾੜਾ ਨਹੀਂ ਹੈ। ਫਿਰ ਵੀ ਡਰਾਈਵਰ ਵੱਲੋਂ ਮਿਲੇ ਹੌਸਲੇ ਨਾਲ ਕੁਝ-ਕੁਝ ਆਸ ਬੱਝੀ ਕਿ ਸ਼ਾਇਦ ਮੇਰੀ ਉਹ ਪਹਿਲੀ ਬੱਸ ਮਿਲ ਹੀ ਪਵੇ, ਸਰਟੀਫਿਕੇਟ ਵਾਲਾ ਬੈਗ ਲੱਭ ਹੀ ਜਾਏ ਅਤੇ ਮੇਰਾ ਭਵਿੱਖ ਹਨੇਰੇ ਵਿੱਚ ਡੁੱਬਣ ਤੋਂ ਬਚ ਜਾਏ। ਸ਼ਾਮ ਦਾ ਘੁਸਮੁਸਾ ਹੋਣਾ ਸ਼ੁਰੂ ਹੋ ਗਿਆ ਸੀ ਅਤੇ ਬੱਸ ਚੰਡੀਗੜ੍ਹ ਦੇ ਨੇੜੇ-ਤੇੜੇ ਪਹੁੰਚ ਗਈ ਸੀ। ਅੱਗੋਂ ਚੰਡੀਗੜ੍ਹ ਵਾਲੇ ਪਾਸਿਉਂ ਇੱਕ ਬੱਸ ਆਉਂਦੀ ਦਿਸੀ ਤਾਂ ਸੁਚੇਤ ਡਰਾਈਵਰ ਨੇ ਉਸ ਬੱਸ ਨੂੰ ਪਛਾਣ ਲਿਆ ਅਤੇ ਝੱਟ ਲਾਈਟਾਂ 'ਤੇ ਹੱਥ ਮਾਰ ਕੇ ਬੱਸ ਨੂੰ ਰੁਕਵਾ ਲਿਆ।

ਉਸ ਬੱਸ ਡਰਾਈਵਰ ਤੋਂ ਮੇਰੇ ਬੈਗ ਬਾਰੇ ਪੁੱਛ-ਪੜਤਾਲ ਕੀਤੀ ਤਾਂ ਉਸ ਨੇ ਕਿਹਾ, "ਹਾਂ, ਇੱਕ ਲਾਵਾਰਿਸ ਬੈਗ ਮਿਲਿਆ ਸੀ, ਜਿਸ ਨੂੰ ਅਸੀਂ 'ਸ਼ੱਕੀ ਬੈਗ' ਵਜੋਂ ਬੱਸ ਅੱਡੇ ਦੀ ਪੁਲੀਸ ਚੌਂਕੀ ਵਿੱਚ ਜਮ੍ਹਾਂ ਕਰਵਾ ਦਿੱਤਾ ਹੈ।" ਉਸ ਭਲੇ ਡਰਾਈਵਰ ਨੇ ਮੈਨੂੰ ਉੱਚੀ ਕਿਹਾ, ਲੈ ਬਈ! ਸਮਝ ਲੈ, ਹੁਣ ਤੇਰਾ ਬੈਗ ਮਿਲ ਗਿਆ ਹੈ। ਇਹ ਸੁਣ ਕੇ ਮੇਰੇ ਸਾਹ ਵਿੱਚ ਸਾਹ ਆਇਆ, ਪਰ ਧੁੜਕੂ ਫਿਰ ਵੀ ਸੀ ਕਿ ਕਿਤੇ 'ਸ਼ੱਕੀ ਬੈਗ' ਦਾ ਕੋਈ ਹੋਰ ਹੀ ਕੁਚੱਕਰ ਨਾ ਚੱਲ ਜਾਵੇ। ਚੰਡੀਗੜ੍ਹ ਬੱਸ ਅੱਡੇ ਦੇ ਚੌਂਕੀ ਇੰਚਾਰਜ ਨੂੰ ਮਿਲਿਆ ਤਾਂ ਉਸ ਕੋਲ ਆਪਣੇ ਬੈਗ ਦੀ ਵਾਪਸੀ ਲਈ ਫ਼ਰਿਆਦ ਕੀਤੀ। ਉਸ ਨੇਕ ਪੁਰਸ਼ ਨੇ ਮੇਰੇ ਤੋਂ ਲੋੜੀਂਦੀ ਪੁੱਛਗਿੱਛ ਅਤੇ ਮੇਰੇ ਪਛਾਣ ਪੱਤਰ ਦੀ ਪੜਤਾਲ ਕਰਦਿਆਂ 'ਸਵਾਰੀ ਆਪਣੇ ਸਾਮਾਨ ਦੀ ਆਪ ਜ਼ਿੰਮੇਵਾਰ ਹੈ' ਦੀ ਨਸੀਹਤ ਦਿੰਦਿਆਂ ਮੇਰੇ ਵਿੱਦਿਅਕ ਸਰਟੀਫਿਕੇਟਾਂ ਵਾਲਾ ਬੈਗ ਮੇਰੇ ਹਵਾਲੇ ਕਰ ਦਿੱਤਾ। ਇਸ ਤਰ੍ਹਾਂ ਉਨ੍ਹਾਂ ਭਲੇ ਤੇ ਨੇਕ ਇਨਸਾਨਾਂ ਕਰਕੇ ਮੇਰਾ ਭਵਿੱਖ ਹਨੇਰੇ 'ਚ ਡੁੱਬਣ ਤੋਂ ਬਚ ਗਿਆ।

# ਗੁਰੂ ਨਾਨਕ ਕਾਲਜ ਬੁਢਲਾਡਾ ਬਣਿਆ 12ਵੀਂ ਵਾਰ ਖੇਤਰੀ ਯੁਵਕ ਅਤੇ ਲੋਕ ਮੇਲੇ ਦਾ ਓਵਰਆਲ ਚੈਂਪੀਅਨ

## 52 ਵੰਨਗੀਆਂ ਵਿੱਚ ਪਹਿਲਾ ਸਥਾਨ ਹਾਸਿਲ ਕਰਕੇ ਲਗਾਤਾਰ 12ਵੀਂ ਵਾਰ ਰਚਿਆ ਇਤਿਹਾਸ



ਬੁਢਲਾਡਾ, 12 ਅਕਤੂਬਰ (ਗੀਤਵਾਲ)-ਉੱਤਰੀ ਭਾਰਤ ਦੀ ਸਿਰਮੌਰ ਵਿੱਦਿਅਕ ਅਤੇ ਆਟੋਨੌਮਸ, ਗੁਰੂ ਨਾਨਕ ਕਾਲਜ, ਬੁਢਲਾਡਾ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਸ. ਐਸ. ਕਾਲਜ ਆਫ਼ ਐਜੂਕੇਸ਼ਨ, ਭੀਖੀ ਵਿਖੇ ਕਰਵਾਏ ਗਏ ਚਾਰ ਰੋਜ਼ਾ ਖੇਤਰੀ ਯੁਵਕ ਅਤੇ ਲੋਕ ਮੇਲੇ ਵਿੱਚ ਆਪਣੀ ਕਲਾ ਅਤੇ ਹੁਨਰ ਦਾ ਲੋਹਾ ਮਨਵਾਉਂਦਿਆਂ ਇੱਕ ਨਵਾਂ ਇਤਿਹਾਸ ਸਿਰਜਿਆ ਹੈ। ਕਾਲਜ ਨੇ ਆਪਣੀ ਬਾਦਸ਼ਾਹਤ ਬਰਕਰਾਰ ਰੱਖਦਿਆਂ ਲਗਾਤਾਰ 12ਵੀਂ ਵਾਰ 'ਓਵਰਆਲ ਚੈਂਪੀਅਨਸ਼ਿਪ ਟਰਾਫ਼ੀ' ਜਿੱਤ ਕੇ ਪੂਰੇ ਮਾਲਵਾ ਖੇਤਰ ਵਿੱਚ ਆਪਣੀ ਵਿਲੱਖਣ ਪਛਾਣ ਨੂੰ ਹੋਰ ਗੂੜ੍ਹਾ ਕੀਤਾ ਹੈ। ਜ਼ਿਕਰਯੋਗ ਹੈ ਕਿ ਇਸ ਵੱਕਾਰੀ ਅਤੇ ਸਖ਼ਤ ਮੁਕਾਬਲੇ ਵਾਲੇ ਯੁਵਕ ਮੇਲੇ ਵਿੱਚ ਜ਼ਿਲ੍ਹਾ ਮਾਨਸਾ ਅਤੇ ਬਠਿੰਡਾ ਦੇ ਵੱਖ-ਵੱਖ 43 ਨਾਮਵਰ ਕਾਲਜਾਂ ਨੇ ਸ਼ਿਰਕਤ ਕੀਤੀ ਜਿਸ ਵਿੱਚ ਭਾਗ ਲੈਣ ਵਾਲੀਆਂ ਸੰਸਥਾਵਾਂ ਨੂੰ ਪਛਾੜਦਿਆਂ, ਗੁਰੂ ਨਾਨਕ ਕਾਲਜ ਦੇ ਹੋਣਹਾਰ ਵਿਦਿਆਰਥੀਆਂ ਨੇ ਛੇ ਪ੍ਰਮੁੱਖ ਖੇਤਰਾਂ — ਸੰਗੀਤਕ ਕਲਾਵਾਂ, ਸਾਹਿਤਕ ਕਲਾਵਾਂ, ਨਾਚ ਕਲਾਵਾਂ, ਲੋਕ ਕਲਾਵਾਂ, ਕੋਮਲ ਕਲਾਵਾਂ ਅਤੇ ਰੰਗਮੰਚ ਕਲਾਵਾਂ — ਵਿੱਚ ਓਵਰਆਲ ਪਹਿਲਾ ਸਥਾਨ ਪ੍ਰਾਪਤ ਕਰਕੇ ਇਤਿਹਾਸ ਸਿਰਜ ਦਿੱਤਾ ਹੈ। ਇਸ ਬੇਮਿਸਾਲ ਅਤੇ ਇਤਿਹਾਸਕ ਪ੍ਰਾਪਤੀ 'ਤੇ ਖ਼ੁਸ਼ੀ ਦਾ ਇਜ਼ਹਾਰ ਕਰਦਿਆਂ ਕਾਲਜ ਪ੍ਰਿੰਸੀਪਲ ਡਾ. ਨਰਿੰਦਰ ਸਿੰਘ ਨੇ ਕਿਹਾ ਕਿ ਯੁਵਕ ਮੇਲੇ ਵਿੱਚ 52 ਵੰਨਗੀਆਂ ਵਿੱਚ ਪਹਿਲਾ ਸਥਾਨ ਹਾਸਿਲ ਕਰਨਾ ਕੋਈ ਛੋਟੀ ਗੱਲ ਨਹੀਂ ਹੈ; ਇਹ ਵਿਦਿਆਰਥੀਆਂ ਦੀ ਦਿਨ-ਰਾਤ ਦੀ ਅਣਥੱਕ ਮਿਹਨਤ, ਲਗਨ, ਅਨੁਸ਼ਾਸਨ ਅਤੇ ਟੀਮ ਵਰਕ ਦੇ ਨਾਲ-ਨਾਲ ਅਧਿਆਪਕਾਂ ਦੀ ਸੁਯੋਗ ਅਗਵਾਈ ਦਾ ਹੀ ਨਤੀਜਾ ਹੈ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਾਨਯੋਗ ਪ੍ਰਧਾਨ, ਐਡਵੋਕੇਟ ਸ. ਹਰਜਿੰਦਰ ਸਿੰਘ ਧਾਮੀ ਜੀ ਦਾ ਧੰਨਵਾਦ ਕੀਤਾ ਜਿਨ੍ਹਾਂ ਦੀ ਦੂਰਅੰਦੇਸ਼ੀ ਸੋਚ, ਸੁਯੋਗ ਅਗਵਾਈ ਅਤੇ ਨਿਰੰਤਰ ਮਿਲਦੀ ਹੱਲਾਸ਼ੇਰੀ ਸਦਕਾ ਹੀ ਸੰਸਥਾ ਅੱਜ ਅਕਾਦਮਿਕ, ਖੇਡਾਂ ਅਤੇ ਸੱਭਿਆਚਾਰਕ ਖੇਤਰਾਂ ਵਿੱਚ ਬੁਲੰਦੀਆਂ ਛੂਹ ਰਹੀ ਹੈ। ਨੌਜਵਾਨ ਪੀੜ੍ਹੀ ਨੂੰ ਆਪਣੇ ਅਮੀਰ ਵਿਰਸੇ, ਸੱਭਿਆਚਾਰ ਅਤੇ ਗੁਰਮਤਿ ਕਦਰਾਂ-ਕੀਮਤਾਂ ਨਾਲ ਜੋੜੀ ਰੱਖਣ ਲਈ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਮਾਰਗ-ਦਰਸ਼ਨ ਕਾਰਨ ਹੀ ਵਿਦਿਆਰਥੀਆਂ ਵਿੱਚ ਇਹ ਅਦੁੱਤੀ ਜਜ਼ਬਾ ਪੈਦਾ ਹੋਇਆ ਹੈ। ਇਸਦੇ ਨਾਲ ਹੀ, ਸ਼੍ਰੋਮਣੀ ਕਮੇਟੀ ਦੇ ਸਕੱਤਰ ਵਿੱਦਿਆ, ਇੰਜ. ਸੁਖਮਿੰਦਰ ਸਿੰਘ ਜੀ ਦਾ ਵੀ ਉਚੇਚੇ ਤੌਰ 'ਤੇ ਧੰਨਵਾਦ ਕਰਦਿਆਂ ਕਾਲਜ ਪ੍ਰਿੰਸੀਪਲ ਨੇ ਕਿਹਾ ਕਿ ਸੁਚੱਜੇ ਪ੍ਰਬੰਧਕੀ ਦਿਸ਼ਾ-ਨਿਰਦੇਸ਼ਾਂ, ਸਿੱਖਿਆ ਦੇ ਪਸਾਰ ਪ੍ਰਤੀ ਉਨ੍ਹਾਂ ਦੇ ਸਮਰਪਣ ਅਤੇ ਹਰ ਪੱਧਰ 'ਤੇ ਮਿਲਦੇ ਵਡਮੁੱਲੇ ਸਹਿਯੋਗ ਅਤੇ ਸੁਚਾਰੂ ਨੀਤੀਆਂ ਕਾਰਨ ਕਾਲਜ ਦੇ ਵਿਕਾਸ ਕਾਰਜਾਂ ਅਤੇ ਅਜਿਹੀਆਂ ਵੱਡੀਆਂ ਮੱਲਾਂ ਮਾਰਨ ਨੂੰ ਵੱਡਾ ਬਲ ਮਿਲਦਾ ਹੈ। ਖੇਤਰੀ ਮੇਲੇ ਦੌਰਾਨ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੰਦਿਆਂ ਪ੍ਰੋ. ਗੁਰਦੀਪ ਸਿੰਘ ਕਾਲਜ ਦੇ ਯੁਵਕ ਭਲਾਈ ਕੋਆਰਡੀਨੇਟਰ ਨੇ ਦੱਸਿਆ ਕਿ ਕਾਲਜ ਨੇ ਬਵੰਜਾ ਵੰਨਗੀਆਂ ਨਾਚ ਕਲਾਵਾਂ: ਭੰਗੜਾ, ਗਿੱਧਾ, ਲੁੱਡੀ ਅਤੇ ਕਲਾਸੀਕਲ ਡਾਂਸ, ਸੰਗੀਤਕ ਕਲਾਵਾਂ: ਗਰੁੱਪ ਸ਼ਬਦ, ਗਰੁੱਪ ਸੌਂਗ ਇੰਡੀਅਨ, ਗ਼ਜ਼ਲ, ਗੀਤ, ਵੈਸਟਰਨ ਗਰੁੱਪ ਸੌਂਗ, ਵੈਸਟਰਨ ਸੋਲੋ, ਵੈਸਟਰਨ ਇੰਸਟਰੂਮੈਂਟ ਸੋਲੋ, ਪ੍ਰਕਸ਼ਨ, ਨਾਨ-ਪ੍ਰਕਸ਼ਨ, ਕਲਾਸੀਕਲ ਵੋਕਲ ਅਤੇ ਫੋਕ ਆਰਕੈਸਟਰਾ, ਰੰਗਮੰਚ ਕਲਾਵਾਂ: ਨਾਟਕ, ਸਕਿੱਟ, ਮਿਮਿਕਰੀ, ਨੁੱਕੜ ਨਾਟਕ, ਭੰਡ, ਲਘੂ ਫ਼ਿਲਮ ਅਤੇ ਕੋਰੀਓਗ੍ਰਾਫੀ, ਸਾਹਿਤਕ ਕਲਾਵਾਂ: ਕਵਿਤਾ ਉਚਾਰਨ, ਡਿਬੇਟ, ਜਨਰਲ ਕੁਇਜ਼ ਅਤੇ ਸੱਭਿਆਚਾਰਕ ਕੁਇਜ਼, ਕੋਮਲ ਕਲਾਵਾਂ: ਇੰਸਟਾਲੇਸ਼ਨ, ਮਹਿੰਦੀ, ਮੌਕੇ 'ਤੇ ਚਿੱਤਰਕਾਰੀ, ਕਾਰਟੂਨਿੰਗ, ਫੋਟੋਗ੍ਰਾਫੀ ਅਤੇ ਕੋਲਾਜ ਮੇਕਿੰਗ ਅਤੇ ਲੋਕ ਅਤੇ ਵਿਰਾਸਤੀ ਕਲਾਵਾਂ: ਲੋਕ ਗੀਤ, ਲੋਕ ਸਾਜ਼, ਵਾਰ, ਕਲੀ, ਕਵੀਸ਼ਰੀ, ਕੱਵਾਲੀ, ਲੰਮੀਆਂ ਹੇਕਾਂ ਵਾਲੇ ਗੀਤ, ਕਢਾਈ, ਪੱਖੀ ਬੁਣਨਾ, ਨਾਲਾ ਬੁਣਨਾ, ਪੀੜ੍ਹੀ ਬੁਣਨਾ, ਰੱਸਾ ਵੱਟਣਾ, ਖਿੱਦੋ ਬਣਾਉਣਾ, ਕਰੋਸ਼ੀਏ ਦੀ ਬੁਣਤੀ, ਪਰਾਂਦਾ ਮੇਕਿੰਗ, ਈਨੂੰ ਬਣਾਉਣਾ, ਟੋਕਰਾ ਬਣਾਉਣਾ, ਛਿੱਕੂ ਬਣਾਉਣਾ ਅਤੇ ਗੁੱਡੀਆਂ-ਪਟੋਲੇ ਬਣਾਉਣਾ ਵਿੱਚ ਪਹਿਲਾ ਸਥਾਨ, ਪੰਜ ਵੰਨਗੀਆਂ ਮਾਈਮ, ਮੁਹਾਵਰੇਦਾਰ ਵਾਰਤਾਲਾਪ, ਕਲੇਅ ਮਾਡਲਿੰਗ, ਸੰਮੀ ਅਤੇ ਪਹਿਰਾਵਾ ਪ੍ਰਦਰਸ਼ਨੀ ਵਿੱਚ ਦੂਜਾ ਸਥਾਨ ਅਤੇ ਦੋ ਵੰਨਗੀਆਂ ਰੰਗੋਲੀ ਅਤੇ ਮਿੱਟੀ ਦੇ ਖਿਡੌਣੇ ਬਣਾਉਣ ਦੇ ਮੁਕਾਬਲਿਆਂ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਬੋਲਦਿਆਂ ਕੋ-ਕੋਆਰਡੀਨੇਟਰ ਸ. ਅਮਨਪ੍ਰੀਤ ਸਿੰਘ ਨੇ ਕਿਹਾ ਕਿ ਇਹ ਸ਼ਾਨਦਾਰ ਪ੍ਰਾਪਤੀ ਵਿਦਿਆਰਥੀਆਂ ਦੀ ਅਣਥੱਕ ਮਿਹਨਤ, ਜਨੂੰਨ ਅਤੇ ਅਨੁਸ਼ਾਸਨ ਦੀ ਵੱਡੀ ਜਿੱਤ ਹੈ। ਅੰਤ ਵਿੱਚ ਪ੍ਰਿੰਸੀਪਲ ਡਾ. ਨਰਿੰਦਰ ਸਿੰਘ ਨੇ ਕਿਹਾ ਕਿ ਨੈਕ ਵੱਲੋਂ 'ਏ++' ਗ੍ਰੇਡ ਅਤੇ 'ਆਟੋਨੋਮਸ' ਸੰਸਥਾ ਦਾ ਦਰਜਾ ਪ੍ਰਾਪਤ ਕਰਨ ਵਾਲਾ ਇਹ ਕਾਲਜ ਜਿੱਥੇ ਅਕਾਦਮਿਕ ਖੇਤਰ ਵਿੱਚ ਮੋਹਰੀ ਹੈ, ਉੱਥੇ ਹੀ ਪੰਜਾਬੀ ਸੱਭਿਆਚਾਰਕ ਕਦਰਾਂ-ਕੀਮਤਾਂ ਅਤੇ ਵਿਰਸੇ ਦੀ ਸੰਭਾਲ ਵਿੱਚ ਵੀ ਪੂਰੇ ਉੱਤਰੀ ਭਾਰਤ ਵਿੱਚ ਇੱਕ ਚਾਨਣ-ਮੁਨਾਰੇ ਵਜੋਂ ਉੱਭਰਿਆ ਹੈ।

# ਲੰਮੇਂ ਸਮੇਂ ਤੋਂ ਖੂਨਦਾਨ ਸੇਵਾ ਕਰਨ ਨੌਜਵਾਨ ਵਾਲੇ ਵਧਾਈ ਦੇ ਪਾਤਰ: ਪ੍ਰੋ. ਬਡੂੰਗਰ



ਪਟਿਆਲਾ, 12 ਅਕਤੂਬਰ (ਰਣਜੀਤ ਸਿੰਘ): ਲੋੜਵੰਦ ਮਰੀਜ਼ਾਂ ਲਈ ਜ਼ਿੰਦਗੀ ਬਚਾਉਣ ਵਾਲੀ ਦਵਾਈ ਖ਼ੂਨ ਮੁਹੱਈਆ ਕਰਵਾਉਣਾ ਸਭ ਤੋਂ ਵੱਡਮੁੱਲਾ ਕਾਰਜ ਹੈ ਅਤੇ ਖ਼ੂਨਦਾਨ ਸੇਵਾ ਵਿਚ ਪਿਛਲੇ 20 ਸਾਲਾਂ ਤੋਂ ਲੱਗੇ ਹੋਏ ਮਿਸ਼ਨ ਲਾਲੀ ਤੇ ਹਰਿਆਲੀ ਦੇ ਮੋਢੀ ਹਰਦੀਪ ਸਿੰਘ ਸਨੌਰ ਤੇ ਉਸ ਦੀ ਟੀਮ ਵਧਾਈ ਦੀ ਪਾਤਰ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਪਟਿਆਲਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਮਨੁੱਖਤਾ ਦੇ ਭਲੇ ਲਈ ਕਾਰਜ ਸ਼ੁਰੂ ਕਰਨਾ ਸੌਖਾ ਹੁੰਦਾ ਹੈ ਪਰ ਉਸ ਨੂੰ ਲੰਮੇਂ ਸਮੇਂ ਤੱਕ ਨਿਭਾਉਣਾ ਬਹੁਤ ਔਖਾ ਹੈ। ਉਨ੍ਹਾਂ ਕਿਹਾ ਕਿ ਖ਼ੂਨਦਾਨ ਦੀ ਮਹੱਤਤਾ ਦਾ ਪਤਾ ਉਸ ਵੇਲੇ ਲੱਗਦਾ ਹੈ, ਜਦੋਂ ਖ਼ੁਦ ਆਪ ਨੂੰ ਜਾਂ ਕਿਸੇ ਆਪਣੇ ਨੂੰ ਖ਼ੂਨ ਦੀ ਲੋੜ ਪੈਂਦੀ ਹੈ। ਉਨ੍ਹਾਂ ਕਿਹਾ ਕਿ ਹਰਦੀਪ ਸਿੰਘ ਸਨੌਰ ਅਤੇ ਸਾਥੀਆਂ ਦੀਆਂ ਅਣਥੱਕ ਕੋਸ਼ਿਸ਼ਾਂ ਸਦਕੇ ਅਨੇਕਾਂ ਲੋੜਵੰਦ ਮਰੀਜ਼ਾਂ ਦੀ ਜਾਨ ਬਚਾਉਣ ਵਿਚ ਸਹਿਯੋਗ ਹੋ ਰਿਹਾ ਹੈ। ਰੈਗੂਲਰ ਖ਼ੂਨਦਾਨ ਕਰਨ ਵਾਲੇ ਖ਼ੂਨਦਾਨੀਆਂ ਦਾ ਵੀ ਸਤਿਕਾਰ ਹੈ, ਜਿਹੜੇ ਸਮੇਂ ਸਮੇਂ 'ਤੇ ਸਰਕਾਰੀ ਰਜਿੰਦਰਾ ਹਸਪਤਾਲ ਦੇ ਬਲੱਡ ਸੈਂਟਰ ਵਿਖੇ ਪਹੁੰਚ ਕੇ ਖ਼ੂਨਦਾਨ ਕਰਦੇ ਰਹਿੰਦੇ ਹਨ। ਹਰ ਮਹੀਨੇ 5 ਅਤੇ 20 ਤਰੀਕ ਨੂੰ ਦੋ ਖ਼ੂਨ ਕੈਂਪ ਲਗਾਉਣਾ ਵੀ ਇੱਕ ਵਿਸ਼ਵ ਪੱਧਰੀ ਇਤਿਹਾਸ ਬਣ ਗਿਆ ਹੈ, ਜੋ ਲਗਾਤਾਰ ਜਾਰੀ ਹੈ। ਉਨ੍ਹਾਂ ਸਮੂਹ ਤੰਦਰੁਸਤ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਨਸੀਹਤ ਦਿੰਦਿਆਂ ਕਿਹਾ ਕਿ ਨਸ਼ਾ ਇੱਕ ਕੋਹੜ ਹੈ, ਚੰਗੇ ਲੋਕਾਂ ਦੀ ਸੰਗਤ ਨਾਲ ਹੀ ਇਸ ਕੋਹੜ ਤੋਂ ਬਚਿਆ ਜਾ ਸਕਦਾ ਹੈ। ਚਾਹ ਦਾ ਕੱਪ ਸਾਂਝਾ ਕਰਦਿਆਂ ਪ੍ਰੋ. ਬਡੂੰਗਰ ਨੇ ਹਰਦੀਪ ਸਿੰਘ ਸਨੌਰ ਦੀ ਪਿੱਠ ਥਾਪੜਦਿਆਂ ਕਿਹਾ ਕਿ ਭਾਈ ਘਨੱਈਆ ਜੀ ਦੀ ਸੋਚ ਵਾਂਗ ਖ਼ੂਨਦਾਨ ਕੈਂਪਾਂ ਰਾਹੀਂ ਮਨੁੱਖਤਾ ਦੀ ਸੇਵਾ ਲਗਾਤਾਰ ਜਾਰੀ ਰੱਖਣਾ, ਮੈਂ ਅਤੇ ਮੇਰਾ ਪਰਿਵਾਰ ਮਿਸ਼ਨ ਲਾਲੀ ਤੇ ਹਰਿਆਲੀ ਦੀ ਟੀਮ ਨਾਲ ਮੋਢੇ ਨਾਲ ਮੋਢਾ ਜੋੜ ਕੇ ਸਾਥ ਦਿੰਦਾ ਰਹੇਗਾ। ਇਸ ਮੌਕੇ ਰਣਸ਼ਰਨਦੀਪ ਸਿੰਘ ਮੁਲਤਾਨੀ ਅਤੇ ਹਰਮਿੰਦਰ ਸਿੰਘ ਢੀਂਡਸਾ ਵੀ ਹਾਜ਼ਰ ਸਨ।

# ਭਾਜਪਾ ਛੱਡ ਅਕਾਲੀ ਦਲ 'ਚ ਘਰ ਵਾਪਸੀ, ਬਲਵਿੰਦਰ ਸਿੰਘ ਪਟਵਾਰੀ ਬਣੇ ਬੁਢਲਾਡਾ ਹਲਕੇ ਦੇ ਇੰਚਾਰਜ

## ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਮੁੜ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਏ





ਬੁਢਲਾਡਾ 12 ਅਕਤੂਬਰ (ਗੀਤਵਾਲ)-ਬੁਢਲਾਡਾ ਹਲਕੇ ਦੇ ਸਿਆਸੀ ਆਗੂ ਬਲਵਿੰਦਰ ਸਿੰਘ ਪਟਵਾਰੀ ਨੇ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਅਲਵਿਦਾ ਆਖ ਕੇ ਮੁੜ ਸ਼੍ਰੋਮਣੀ ਅਕਾਲੀ ਦਲ ਵਿੱਚ ਘਰ ਵਾਪਸੀ ਕਰ ਲਈ ਹੈ। ਉਹ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਅਕਾਲੀ ਦਲ ਵਿੱਚ ਸ਼ਾਮਲ ਹੋਏ। ਪਾਰਟੀ ਵਿੱਚ ਸ਼ਾਮਲ ਹੋਣ ਮੌਕੇ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਪਟਵਾਰੀ ਦੀ ਵਾਪਸੀ ਨਾਲ ਹਲਕਾ ਬੁਢਲਾਡਾ ਵਿੱਚ ਪਾਰਟੀ ਨੂੰ ਵੱਡਾ ਬਲ ਮਿਲੇਗਾ। ਪਾਰਟੀ ਹਾਈਕਮਾਂਡ ਨੇ ਉਨ੍ਹਾਂ ਦੇ ਤਜਰਬੇ ਅਤੇ ਲੋਕਾਂ ਵਿੱਚ ਪਕੜ ਨੂੰ ਵੇਖਦਿਆਂ ਉਨ੍ਹਾਂ ਨੂੰ ਤੁਰੰਤ ਹਲਕਾ ਬੁਢਲਾਡਾ ਦੇ ਇੰਚਾਰਜ ਦੀ ਅਹਿਮ ਜ਼ਿੰਮੇਵਾਰੀ ਸੌਂਪ ਦਿੱਤੀ ਹੈ। ਜ਼ਿਕਰਯੋਗ ਹੈ ਕਿ ਕੁਝ ਕੁ ਮਹੀਨੇ ਪਹਿਲਾਂ ਹਲਕਾ ਇੰਚਾਰਜ ਡਾ ਨਿਸ਼ਾਨ ਸਿੰਘ ਨੇ ਪਾਰਟੀ ਤੋਂ ਅਸਤੀਫ਼ਾ ਦੇ ਦਿੱਤਾ ਸੀ, ਜਿਸ ਮਗਰੋਂ ਇਹ ਅਹੁਦਾ ਖਾਲੀ ਚੱਲ ਰਿਹਾ ਸੀ। ਹੁਣ ਪਟਵਾਰੀ ਦੀ ਨਿਯੁਕਤੀ ਨਾਲ ਇਹ ਖਲਾਅ ਭਰ ਗਿਆ ਹੈ। ਆਪਣੀ ਨਵੀਂ ਜ਼ਿੰਮੇਵਾਰੀ ਮਿਲਣ 'ਤੇ ਬਲਵਿੰਦਰ ਸਿੰਘ ਪਟਵਾਰੀ ਨੇ ਪਾਰਟੀ ਪ੍ਰਧਾਨ ਅਤੇ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪੂਰੀ ਲਗਨ ਅਤੇ ਮਿਹਨਤ ਨਾਲ ਪਾਰਟੀ ਨੂੰ ਹਲਕੇ ਵਿੱਚ ਮਜ਼ਬੂਤ ਕਰਨਗੇ ਅਤੇ ਵਰਕਰਾਂ ਨੂੰ ਨਾਲ ਲੈ ਕੇ ਚੱਲਣਗੇ। ਇਸ ਮੌਕੇ ਪਾਰਟੀ ਦੇ ਕਈ ਸੀਨੀਅਰ ਆਗੂ ਅਤੇ ਹਲਕੇ ਦੇ ਵਰਕਰ ਵੀ ਮੌਜੂਦ ਸਨ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਵੱਲੋਂ ਜੰਤਰ-ਮੰਤਰ ਅੰਦੋਲਨ ਦਾ ਡਟਵਾਂ ਸਮਰਥਨ - ਗੋਇਲ , ਮਾਛੀਕੇ

ਨਿਹਾਲ ਸਿੰਘ ਵਾਲਾ, 12 ਅਕਤੂਬਰ (ਮਿੰਟੂ ਖੁਰਮੀ ਹਿੰਮਤਪੁਰਾ) ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਸੂਬਾ ਪ੍ਰਧਾਨ ਧੰਨਾ ਮੱਲ ਗੋਇਲ, ਜਨਰਲ ਸਕੱਤਰ ਗੁਰਮੇਲ ਸਿੰਘ ਮਾਛੀਕੇ, ਵਿੱਤ ਸਕੱਤਰ ਰਕੇਸ਼ ਮਹਿਤਾ, ਸਰਪ੍ਰਸਤ ਸੁਰਜੀਤ ਸਿੰਘ ਲੁਧਿਆਣਾ ਅਤੇ ਜਸਵਿੰਦਰ ਸਿੰਘ ਭੋਗਲ ਵੱਲੋਂ ਸਾਂਝਾ ਬਿਆਨ ਜਾਰੀ ਕਰਦਿਆਂ ਜੰਤਰ-ਮੰਤਰ ਦਿੱਲੀ ਵਿਖੇ ਚੱਲ ਰਹੇ ਨੌਜਵਾਨਾਂ/ਵਿਦਿਆਰਥੀਆਂ ਦੇ ਅੰਦੋਲਨ ਦੀ ਪੁਰਜ਼ੋਰ ਹਮਾਇਤ ਕੀਤੀ ਗਈ। ਆਗੂਆਂ ਨੇ ਕਿਹਾ ਕਿ ਮੋਦੀ ਸਰਕਾਰ ਵੱਲੋਂ ਅੰਦੋਲਨ ਨੂੰ ਕੁਚਲਣ ਲਈ ਵੱਡੀ ਪੱਧਰ 'ਤੇ ਰੋਕਾਂ-ਟੋਕਾਂ, ਫੜੋ-ਫੜਾਈ ਅਤੇ ਝੂਠੇ ਕੇਸ ਪਾ ਕੇ ਜੋ ਦਮਨ ਚੱਕਰ ਚਲਾਇਆ ਜਾ ਰਿਹਾ ਹੈ, ਅਸੀਂ ਉਸਦੀ ਜ਼ੋਰਦਾਰ ਨਿਖੇਧੀ ਕਰਦੇ ਹਾਂ। ਉਹਨਾਂ ਕਿਹਾ ਕਿ ਮੁੱਖ ਚੋਣ ਕਮਿਸ਼ਨਰ ਗਿਆਨੇਸ਼ਵਰ ਦੇ ਅਸਤੀਫੇ ਦੀ ਮੰਗ ਨੂੰ ਲੈ ਕੇ ਲੜਿਆ ਜਾ ਰਿਹਾ ਇਹ ਅੰਦੋਲਨ ਕੇਵਲ ਵਿਦਿਆਰਥੀਆਂ ਦਾ ਨਹੀਂ, ਸਗੋਂ ਸਮੁੱਚੇ ਮਿਹਨਤਕਸ਼ ਅਤੇ ਦਬੇ-ਕੁਚਲੇ ਲੋਕਾਂ ਦਾ ਸਾਂਝਾ ਅੰਦੋਲਨ ਹੈ। ਪਿਛਲੇ 12 ਸਾਲਾਂ ਤੋਂ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ 'ਚ ਭਾਜਪਾ ਵੱਲੋਂ ਅਖੌਤੀ ਵਿਕਾਸ ਦੇ ਨਾਂ 'ਤੇ ਦੇਸ਼ ਨੂੰ ਦੇਸੀ-ਵਿਦੇਸ਼ੀ ਕਾਰਪੋਰੇਟਾਂ ਕੋਲ ਵੇਚਣ ਦੀਆਂ ਨੀਤੀਆਂ ਕਾਰਨ ਦੇਸ਼ ਨੂੰ ਗਰੀਬੀ, ਭੁੱਖਮਰੀ, ਬੇਰੁਜ਼ਗਾਰੀ ਅਤੇ ਭ੍ਰਿਸ਼ਟਾਚਾਰ ਦੇ ਨਰਕ 'ਚ ਧੱਕਿਆ ਜਾ ਰਿਹਾ ਹੈ।

ਇਸਦੇ ਖਿਲਾਫ ਉੱਠ ਰਹੀ ਹਰ ਆਵਾਜ਼ ਨੂੰ ਕੁਚਲਣ ਲਈ ਸੰਵਿਧਾਨਕ ਕਾਇਦੇ-ਕਾਨੂੰਨਾਂ ਅਤੇ ਅਖਲਾਕੀ ਕਦਰਾਂ-ਕੀਮਤਾਂ ਨੂੰ ਛਿੱਕੇ ਟੰਗ ਦਿੱਤਾ ਗਿਆ ਹੈ। ਲੋਕਾਂ ਦੇ ਜਮਹੂਰੀ ਅਧਿਕਾਰਾਂ ਦਾ ਘਾਣ ਕੀਤਾ ਜਾ ਰਿਹਾ ਹੈ। ਕਾਨੂੰਨਾਂ 'ਚ ਮਨ-ਮਰਜ਼ੀ ਦੀਆਂ ਸੋਧਾਂ ਕਰਕੇ, ਪੁਲਿਸ ਅਤੇ ਰਾਜ ਮਸ਼ੀਨਰੀ ਨੂੰ ਜਾਬਰ ਅਧਿਕਾਰਾਂ ਨਾਲ ਲੈਸ ਕਰਕੇ ਅਤੇ ਚੋਣ ਕਮਿਸ਼ਨ, ਸੀਬੀਆਈ, ਈਡੀ ਵਰਗੀਆਂ ਸੰਸਥਾਵਾਂ ਦਾ ਦੁਰਉਪਯੋਗ ਕਰਕੇ ਹਰ ਵਿਰੋਧੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ। ਇਸੇ ਲੜੀ ਤਹਿਤ ਛ੭ਵ ਦੇ ਨਾਂ ਹੇਠ ਵਿਰੋਧੀਆਂ ਦੀਆਂ ਵੱਡੀ ਪੱਧਰ 'ਤੇ ਵੋਟਾਂ ਕੱਟ ਕੇ ਸਰਕਾਰਾਂ 'ਤੇ ਕਬਜ਼ੇ ਕੀਤੇ ਜਾ ਰਹੇ ਹਨ। ਇਸ ਕਾਲੇ ਕਾਰਨਾਮੇ 'ਚ ਮੁੱਖ ਚੋਣ ਕਮਿਸ਼ਨਰ ਗਿਆਨੇਸ਼ਵਰ ਨੇ ਪ੍ਰਮੁੱਖ ਸੰਦ ਦਾ ਰੋਲ ਨਿਭਾਇਆ ਹੈ। ਇੰਡੀਅਨ ਐਕਸਪ੍ਰੈਸ 'ਚ ਪਰਦਾਫਾਸ਼ ਹੋਣ ਤੋਂ ਬਾਅਦ ਦੇਸ਼ ਭਰ ਦੇ ਨੌਜਵਾਨਾਂ ਅੰਦਰ ਰੋਹ ਭੜਕ ਉੱਠਿਆ ਹੈ। ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਅਤੇ ਬੇਕਦਰੀ ਤੋਂ ਸਤਾਏ ਲੱਖਾਂ ਨੌਜਵਾਨ ਸੜਕਾਂ 'ਤੇ ਨਿਕਲ ਆਏ ਹਨ। ਪਹਿਲਾਂ ਨੀਟ'' ਪੇਪਰ ਲੀਕ ਖਿਲਾਫ ਫੁੱਟਿਆ ਲਾਵਾ ਹੁਣ ਵੋਟ ਚੋਰੀ ਦੇ ਮੁੱਖ ਮੁਜਰਮ ਖਿਲਾਫ ਵਹਿ ਤੁਰਿਆ ਹੈ। ਇਹ ਲੜਾਈ ਲੋਕਾਂ ਦੇ ਜਮਹੂਰੀ ਅਧਿਕਾਰਾਂ 'ਤੇ ਹੋ ਰਹੇ ਹਮਲਿਆਂ ਨੂੰ ਠੱਲ੍ਹ ਪਾਉਣ ਦੀ, ਦੇਸ਼ ਵੇਚੂ ਨੀਤੀਆਂ ਨੂੰ ਪੁੱਠਾ ਮੋੜਾ ਦੇਣ ਦੀ ਅਤੇ ਨਫਰਤ ਦੀ ਰਾਜਨੀਤੀ ਰਾਹੀਂ ਲੋਕਾਂ ਨੂੰ ਧਰਮਾਂ-ਜਾਤਾਂ ਦੇ ਨਾਂ 'ਤੇ ਵੰਡਣ ਦੀਆਂ ਸਾਜ਼ਿਸ਼ਾਂ ਨੂੰ ਨਾਕਾਮ ਕਰਨ ਦੀ ਲੜਾਈ ਹੈ। ਇਹ ਸਭਨਾਂ ਦੀ ਸਾਂਝੀ ਲੜਾਈ ਹੈ ਜਿਸਨੂੰ ਰਲ ਕੇ ਲੜਨ ਦੀ ਲੋੜ ਹੈ।

# ਪਰਸ ਅਸਲ ਮਾਲਕ ਨੂੰ ਵਾਪਸ ਕਰਕੇ ਇਮਾਨਦਾਰੀ ਦੀ ਮਿਸਾਲ ਪੇਸ਼ ਕੀਤੀ



ਘੱਗਾ, 12 ਅਕਤੂਬਰ (ਸੱਤਪਾਲ ਕਲਵਾਨੂੰ )-ਬੀਤੀ ਕੱਲ੍ਹ ਤੇਜ਼ ਬਾਰਿਸ਼ ਦੌਰਾਨ ਸੜਕ ਦੇ ਕਿਨਾਰੇ ਮਿਲੇ ਪਰਸ ਨੂੰ ਡੇਰਾ ਸੱਚਾ ਸੌਦਾ ਅਤੇ ਮਾਨਵਤਾ ਭਲਾਈ ਕੇਂਦਰ ਘੱਗਾ ਦੇ ਸੇਵਾਦਾਰਾਂ ਨੇ ਉਸ ਦੇ ਅਸਲ ਮਾਲਕ ਤੱਕ ਪਹੁੰਚਾ ਕੇ ਇਮਾਨਦਾਰੀ ਦੀ ਮਿਸਾਲ ਪੇਸ਼ ਕੀਤੀ। ਪਰਸ ਵਿੱਚੋਂ ਮਿਲੇ ਆਧਾਰ ਕਾਰਡ, ਡਰਾਈਵਿੰਗ ਲਾਇਸੈਂਸ ਅਤੇ ਹੋਰ ਦਸਤਾਵੇਜ਼ਾਂ ਦੀ ਮਦਦ ਨਾਲ ਪਰਸ ਦੇ ਮਾਲਕ ਦੀ ਪਛਾਣ ਕੀਤੀ ਗਈ। ਜਾਣਕਾਰੀ ਅਨੁਸਾਰ, ਤੇਜ਼ ਬਾਰਿਸ਼ ਦੌਰਾਨ ਘੱਗਾ ਵਾਲੇ ਪਾਸਿਓਂ ਆ ਰਹੇ ਪਿੰਡ ਕੁਲਾਰਾਂ ਦੇ ਇੱਕ ਰਾਹਗੀਰ ਨੂੰ ਸੜਕ ਦੇ ਕਿਨਾਰੇ ਪਰਸ ਮਿਲਿਆ। ਉਸ ਨੇ ਬਿਨਾਂ ਦੇਰੀ ਕੀਤੇ ਪਰਸ ਡੇਰਾ ਸੱਚਾ ਸੌਦਾ ਅਤੇ ਮਾਨਵਤਾ ਭਲਾਈ ਕੇਂਦਰ ਘੱਗਾ ਦੀ ਸੱਚ ਕੰਟੀਨ ਦੇ ਜ਼ਿੰਮੇਵਾਰ ਭੀਮ ਚੰਦ ਇੰਸਾਂ (ਦਫ਼ਤਰੀਵਾਲਾ) ਨੂੰ ਸੌਂਪ ਦਿੱਤਾ ਅਤੇ ਪਰਸ ਦੇ ਮਾਲਕ ਦਾ ਪਤਾ ਲਗਾਉਣ ਲਈ ਕਿਹਾ। ਭੀਮ ਚੰਦ ਇੰਸਾਂ ਨੇ ਉਸ ਨੂੰ ਭਰੋਸਾ ਦਿਵਾਇਆ ਕਿ ਪਰਸ ਦੇ ਅਸਲ ਮਾਲਕ ਦੀ ਭਾਲ ਕੀਤੀ ਜਾਵੇਗੀ। ਬਾਰਿਸ਼ ਕਾਰਨ ਪਰਸ ਗਿੱਲਾ ਹੋਣ ਕਰਕੇ ਉਸ ਵਿੱਚ ਪਏ ਕੁਝ ਕਾਗਜ਼ ਪੂਰੀ ਤਰ੍ਹਾਂ ਖ਼ਰਾਬ ਹੋ ਗਏ ਸਨ, ਪਰ ਆਧਾਰ ਕਾਰਡ, ਡਰਾਈਵਿੰਗ ਲਾਇਸੈਂਸ ਅਤੇ ਪੈਸੇ ਸੁਰੱਖਿਅਤ ਸਨ। ਭੀਮ ਚੰਦ ਇੰਸਾਂ ਨੇ ਦਸਤਾਵੇਜ਼ਾਂ ਦੀ ਮਦਦ ਨਾਲ ਫ਼ੋਨ ਰਾਹੀਂ ਪਤਾ ਕੀਤਾ ਤਾਂ ਪਰਸ ਅਮਰਜੀਤ ਸਿੰਘ ਵਾਸੀ ਪਿੰਡ ਸ਼ਾਦੀਪੁਰ, ਜ਼ਿਲ੍ਹਾ ਕੈਥਲ ਦਾ ਹੋਣ ਦੀ ਪੁਸ਼ਟੀ ਹੋਈ। ਇਸ ਉਪਰੰਤ ਪਰਸ ਦੇ ਮਾਲਕ ਨਾਲ ਫ਼ੋਨ 'ਤੇ ਸੰਪਰਕ ਵੀ ਕੀਤਾ ਗਿਆ। ਅੱਜ ਸੱਚ ਕੰਟੀਨ ਵਿਖੇ ਸੇਵਾ ਕਰ ਰਹੇ ਅਸ਼ੋਕ ਇੰਸਾਂ ਨੇ ਪੂਜਨੀਕ ਹਜ਼ੂਰ ਪਿਤਾ ਸੰਤ ਡਾ. ਗੁਰਮੀਤ ਰਾਮ ਰਹੀਮ ਸਿੰਘ ਜੀ ਇੰਸਾਂ ਦੀ ਪਾਵਨ ਪ੍ਰੇਰਨਾ 'ਤੇ ਚੱਲਦਿਆਂ ਪਰਸ ਉਸ ਦੇ ਅਸਲ ਮਾਲਕ ਨੂੰ ਵਾਪਸ ਕਰ ਦਿੱਤਾ। ਇਸ ਮੌਕੇ ਭੀਮ ਚੰਦ ਦਫ਼ਤਰੀਵਾਲਾ, ਰਮੇਸ਼ ਇੰਸਾਂ ਦੇਧਨਾ, ਭੁਪਿੰਦਰ ਸਿੰਘ, ਰਿੰਕੂ ਚੌਧਰੀ ਅਤੇ ਬਾਲ ਲੇਖਕ ਅਸ਼ੋਕ ਬ੍ਰਾਹਮਣ ਮਾਜਰਾ ਵੀ ਹਾਜ਼ਰ ਸਨ।

# ਵਿਧਾਇਕ ਗੁਰਲਾਲ ਘਨੌਰ ਤੇ ਖੇਡ ਵਿਭਾਗ ਵੱਲੋਂ ਏਸ਼ਿਆਈ ਖੇਡਾਂ ਵਿੱਚ ਦੋ ਕਾਂਸੀ ਦੇ ਤਗ਼ਮੇ ਜਿੱਤਣ ਵਾਲੀ ਸ਼ੂਟਰ ਪਰੀਨਾਜ਼ ਧਾਲੀਵਾਲ ਦਾ ਸਨਮਾਨ



ਪਟਿਆਲਾ, 12 ਅਕਤੂਬਰ (ਚਰਨਜੀਤ ਚੰਨੀ)-ਜਾਪਾਨ ਵਿੱਚ ਏਸ਼ਿਆਈ ਖੇਡਾਂ ਵਿੱਚ ਦੋ ਕਾਂਸੀ ਦੇ ਤਗ਼ਮੇ ਜਿੱਤਣ ਵਾਲੀ ਪੰਜਾਬ ਦੀ ਸ਼ਾਟਗੰਨ ਨਿਸ਼ਾਨੇਬਾਜ਼ ਪਰੀਨਾਜ਼ ਕੌਰ ਧਾਲੀਵਾਲ ਦਾ ਅੱਜ ਖੇਡ ਵਿਭਾਗ ਅਤੇ ਵਿਧਾਇਕ ਗੁਰਲਾਲ ਸਿੰਘ ਘਨੌਰ ਨੇ ਵਿਸ਼ੇਸ਼ ਸਨਮਾਨ ਕੀਤਾ। ਇਸ ਮੌਕੇ ਜ਼ਿਲ੍ਹਾ ਖੇਡ ਅਫ਼ਸਰ ਨਵਜੋਤ ਸਿੰਘ ਧਾਲੀਵਾਲ, ਪਰੀਨਾਜ਼ ਦੇ ਪਿਤਾ ਰਤਨਦੀਪ ਸਿੰਘ ਧਾਲੀਵਾਲ ਸਮੇਤ ਹੋਰ ਖਿਡਾਰੀ ਅਤੇ ਪਤਵੰਤੇ ਹਾਜ਼ਰ ਸਨ। ਪਰੀਨਾਜ਼ ਦਾ ਸਨਮਾਨ ਕਰਦਿਆਂ ਵਿਧਾਇਕ ਗੁਰਲਾਲ ਘਨੌਰ ਨੇ ਕਿਹਾ ਕਿ ਪਟਿਆਲਾ ਦੀ ਧੀ ਨੇ ਪੰਜਾਬ ਦੇ ਨਾਲ-ਨਾਲ ਦੇਸ਼ ਦਾ ਨਾਮ ਵੀ ਰੌਸ਼ਨ ਕੀਤਾ ਹੈ। ਉਨ੍ਹਾਂ ਉਮੀਦ ਜਤਾਈ ਕਿ ਪਰੀਨਾਜ਼ ਭਵਿੱਖ ਵਿੱਚ ਓਲੰਪਿਕ ਖੇਡਾਂ ਵਿੱਚ ਵੀ ਤਗ਼ਮਾ ਜਿੱਤ ਕੇ ਦੇਸ਼ ਦਾ ਮਾਣ ਵਧਾਏਗੀ। ਵਿਧਾਇਕ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਅਹਿਮ ਕਦਮ ਚੁੱਕੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਖਿਡਾਰੀਆਂ ਦੇ 2011 ਤੋਂ ਬਕਾਇਆ ਮਹਾਰਾਜਾ ਰਣਜੀਤ ਸਿੰਘ ਐਵਾਰਡ, ਇਨਾਮਾਂ, ਮੈਡਲਾਂ ਅਤੇ ਨੌਕਰੀਆਂ ਤੇ ਤਰੱਕੀਆਂ ਨਾਲ ਸਬੰਧਤ ਮਾਮਲਿਆਂ ਦਾ ਨਿਪਟਾਰਾ ਕੀਤਾ ਗਿਆ ਹੈ, ਜਿਸ ਨਾਲ ਖਿਡਾਰੀਆਂ ਦਾ ਮਨੋਬਲ ਵਧਿਆ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਨੇ 24 ਖਿਡਾਰੀਆਂ ਨੂੰ ਡੀਐੱਸਪੀ ਨਿਯੁਕਤ ਕਰਨ ਸਮੇਤ ਹੋਰ ਗਜ਼ਟਿਡ ਅਹੁਦਿਆਂ 'ਤੇ ਭਰਤੀਆਂ ਕੀਤੀਆਂ ਹਨ। ਇਸ ਤੋਂ ਇਲਾਵਾ, ਖਿਡਾਰੀਆਂ ਨੂੰ ਅੰਤਰਰਾਸ਼ਟਰੀ ਮੁਕਾਬਲਿਆਂ ਦੀ ਤਿਆਰੀ ਲਈ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ ਅਤੇ 'ਖੇਡਾਂ ਵਤਨ ਪੰਜਾਬ ਦੀਆਂ' ਰਾਹੀਂ ਸੂਬੇ ਵਿੱਚ ਖੇਡ ਗਤੀਵਿਧੀਆਂ ਨੂੰ ਹੁਲਾਰਾ ਦਿੱਤਾ ਜਾ ਰਿਹਾ ਹੈ। ਇਸ ਮੌਕੇ ਪਰੀਨਾਜ਼ ਧਾਲੀਵਾਲ ਨੇ ਏਸ਼ਿਆਈ ਖੇਡਾਂ ਦੀ ਤਿਆਰੀ ਲਈ ਸਾਲ 2023 ਵਿੱਚ ਪੰਜਾਬ ਸਰਕਾਰ ਵੱਲੋਂ ਦਿੱਤੀ ਗਈ 8 ਲੱਖ ਰੁਪਏ ਦੀ ਸਹਾਇਤਾ ਤੋਂ ਇਲਾਵਾ ਵਿਸ਼ਵ ਕੱਪ ਅਤੇ ਵਿਸ਼ਵ ਚੈਂਪੀਅਨਸ਼ਿਪ ਦੀ ਤਿਆਰੀ ਲਈ 5-5 ਲੱਖ ਰੁਪਏ ਅਤੇ ਜਾਪਾਨ ਵਿੱਚ ਹੋਈਆਂ ਏਸ਼ਿਆਈ ਖੇਡਾਂ ਲਈ 8 ਲੱਖ ਰੁਪਏ ਦੀ ਵਿੱਤੀ ਮਦਦ ਦੇਣ 'ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ। ਇਸ ਮੌਕੇ ਸਪੋਰਟਸ ਅਫ਼ਸਰ, ਬਿਜਲੀ ਨਿਗਮ ਅਮਰਿੰਦਰ ਸਿੰਘ, ਕੌਮਾਂਤਰੀ ਖਿਡਾਰੀ ਰਣਧੀਰ ਸਿੰਘ, ਬਾਸਕਟਬਾਲ ਕੋਚ ਕਵਲਦੀਪ ਸਿੰਘ ਅਤੇ ਵਾਲੀਬਾਲ ਕੋਚ ਪਰਮਿੰਦਰ ਸਿੰਘ ਸਮੇਤ ਹੋਰ ਸ਼ਖ਼ਸੀਅਤਾਂ ਵੀ ਹਾਜ਼ਰ ਸਨ।

# ਦਿ ਰੌਇਲ ਗਰੁੱਪ ਆਫ਼ ਕਾਲਜਿਜ਼ ਬੋੜਾਵਾਲ ਦੇ ਖਿਡਾਰੀਆਂ ਨੇ ਹੈਂਡਬਾਲ ਤੇ ਐਥਲੈਟਿਕਸ ਵਿੱਚ ਵੀ ਜਿੱਤੇ ਤਗਮੇ

ਭੀਖੀ, 13 ਅਕਤੂਬਰ (ਕਰਨ ਸਿੰਘ) ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ, ਪਟਿਆਲਾ ਵਿਖੇ ਕਰਵਾਏ ਗਏ ਅੰਤਰ-ਕਾਲਜ ਹੈਂਡਬਾਲ ਅਤੇ ਐਥਲੈਟਿਕਸ (ਕਰਾਸ ਕੰਟਰੀ) ਮੁਕਾਬਲਿਆਂ ਵਿੱਚ ਦਿ ਰੌਇਲ ਗਰੁੱਪ ਆਫ਼ ਕਾਲਜਿਜ਼, ਬੋੜਾਵਾਲ ਦੇ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕਾਲਜ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ ਕਾਲਜ ਦੇ ਡਾਇਰੈਕਟਰ ਡਾ. ਸਰਬਜੀਤ ਕੌਰ ਸੋਹਲ ਨੇ ਜੇਤੂ ਖਿਡਾਰੀਆਂ ਨੂੰ ਵਧਾਈ ਦਿੱਤੀ ਅਤੇ ਕਾਲਜ ਦੇ ਖੇਡ ਵਿਭਾਗ ਦੇ ਪ੍ਰੋ. ਕੁਲਦੀਪ ਸਿੰਘ ਅਤੇ ਪ੍ਰੋ. ਹਰਵਿੰਦਰ ਸਿੰਘ ਦੀ ਮਿਹਨਤ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਖੇਡ ਵਿਭਾਗ ਦੇ ਅਧਿਆਪਕਾਂ ਦੀ ਅਣਥੱਕ ਮਿਹਨਤ ਅਤੇ ਖਿਡਾਰੀਆਂ ਦੀ ਲਗਨ ਸਦਕਾ ਕਾਲਜ ਦੀਆਂ ਪ੍ਰਾਪਤੀਆਂ ਲਗਾਤਾਰ ਨਵੀਆਂ ਉਚਾਈਆਂ ਨੂੰ ਛੂਹ ਰਹੀਆਂ ਹਨ ਅਤੇ ਕਾਲਜ ਵਿੱਚ ਤਗਮਿਆਂ ਦੀ ਵਰਖਾ ਹੋ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਹਾਲ ਹੀ ਵਿੱਚ ਪੰਜਾਬ ਸਰਕਾਰ ਵੱਲੋਂ ਕਰਵਾਈਆਂ ਗਈਆਂ 'ਖੇਡਾਂ ਵਤਨ ਪੰਜਾਬ ਦੀਆਂ' ਵਿੱਚ ਵੀ ਕਾਲਜ ਦੇ ਖਿਡਾਰੀਆਂ ਨੇ ਕਈ ਤਗਮੇ ਜਿੱਤ ਕੇ ਆਪਣੀ ਖੇਡ ਪ੍ਰਤਿਭਾ ਦਾ ਲੋਹਾ ਮਨਵਾਇਆ ਹੈ। ਇਹ ਸਾਰੀਆਂ ਪ੍ਰਾਪਤੀਆਂ ਕਾਲਜ ਦੇ ਖੇਡ ਖੇਤਰ ਵਿੱਚ ਕੀਤੇ ਜਾ ਰਹੇ ਨਿਰੰਤਰ ਯਤਨਾਂ, ਕੋਚਿੰਗ ਅਤੇ ਖਿਡਾਰੀਆਂ ਦੀ ਸਖ਼ਤ ਮਿਹਨਤ ਦਾ ਨਤੀਜਾ ਹਨ। ਲੜਕਿਆਂ ਦੇ ਕਰਾਸ ਕੰਟਰੀ ਮੁਕਾਬਲੇ ਵਿੱਚ ਕਾਲਜ ਦੇ ਛੇ ਖਿਡਾਰੀਆਂ ਅਰਸ਼ਦੀਪ ਸਿੰਘ, ਸੋਨੀ ਸਿੰਘ, ਰਮਨਵੀਰ ਸਿੰਘ, ਸੁਖਪ੍ਰੀਤ ਸਿੰਘ, ਸੁਖਰਾਜ ਸਿੰਘ ਅਤੇ ਸਹਿਜਪ੍ਰੀਤ ਸਿੰਘ ਦੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕੁੱਲ 51 ਅੰਕ ਹਾਸਲ ਕਰਕੇ ਸੋਨੇ ਦਾ ਤਗਮਾ ਜਿੱਤਿਆ। ਇਸ ਤੋਂ ਇਲਾਵਾ, ਚੁਣੇ ਗਏ ਨੌਂ ਖਿਡਾਰੀਆਂ ਵਿੱਚੋਂ ਕਾਲਜ ਦੇ ਤਿੰਨ ਲੜਕਿਆਂ ਨੇ ਵਿਅਕਤੀਗਤ ਮੁਕਾਬਲਿਆਂ ਵਿੱਚ ਤੀਜਾ, ਚੌਥਾ ਅਤੇ ਪੰਜਵਾਂ ਸਥਾਨ ਹਾਸਲ ਕਰਕੇ ਵੀ ਕਾਲਜ ਦੀਆਂ ਪ੍ਰਾਪਤੀਆਂ ਵਿੱਚ ਵਾਧਾ ਕੀਤਾ। ਇਨ੍ਹਾਂ ਮੁਕਾਬਲਿਆਂ ਵਿੱਚ ਕਾਲਜ ਦੀ ਲੜਕੀਆਂ ਦੀ ਹੈਂਡਬਾਲ ਟੀਮ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦਿਆਂ ਕਾਂਸੀ ਦਾ ਤਗਮਾ ਜਿੱਤਿਆ। ਇਸੇ ਤਰ੍ਹਾਂ ਐਥਲੈਟਿਕਸ ਦੇ 5 ਕਿਲੋਮੀਟਰ ਕਰਾਸ ਕੰਟਰੀ ਮੁਕਾਬਲੇ ਵਿੱਚ ਕਾਲਜ ਦੀ ਹੋਣਹਾਰ ਖਿਡਾਰਨ ਹੈਪੀ ਕੌਰ ਨੇ ਤੀਜਾ ਸਥਾਨ ਹਾਸਲ ਕਰਕੇ ਕਾਂਸੀ ਦਾ ਤਗਮਾ ਆਪਣੇ ਨਾਮ ਕੀਤਾ।

# 16 ਅਕਤੂਬਰ ਨੂੰ ਬਾਬਾ ਬੰਦਾ ਸਿੰਘ ਬਹਾਦਰ ਯਾਦਗਾਰੀ ਪੁਰਸਕਾਰ ਨਾਲ ਸਨਮਾਨਿਤ ਕੀਤੇ ਜਾਣਗੇ 9 ਕਿਰਤੀ ਕਿਸਾਨ

## ਮਾਨਸਾ ਜ਼ਿਲ੍ਹੇ ਦੀ ਬੈਰਾਗੀ ਮਹਾਂ ਮੰਡਲ ਅਤੇ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦੀ ਮੀਟਿੰਗ ਰੱਲਾ ਵਿਖੇ ਹੋਈ



ਸਰਦੂਲਗੜ੍ਹ , 12 ਅਕਤੂਬਰ (ਗੁਰਮੇਲ ਭੰਮਾ)-ਮਾਨਸਾ ਜ਼ਿਲ੍ਹੇ ਦੀ ਕੁਲ ਹਿੰਦ ਬੈਰਾਗੀ ਮਹਾਂ ਮੰਡਲ ਅਤੇ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਪੰਜਾਬ ਦੀ ਮੀਟਿੰਗ ਪਿੰਡ ਰੱਲਾ ਵਿਖੇ ਡੇਰਾ ਬਾਬਾ ਸਿਆਮ ਦਾਸ ਦੇ ਅਸਥਾਨ 'ਤੇ ਹੋਈ। ਮੀਟਿੰਗ ਦਾ ਆਯੋਜਨ ਜੀਵਨ ਦਾਸ ਬਾਵਾ, ਜਨਰਲ ਸਕੱਤਰ ਕੁਲ ਹਿੰਦ ਬੈਰਾਗੀ ਮਹਾਂ ਮੰਡਲ ਅਤੇ ਚਰਨਜੀਤ ਸਿੰਘ ਸਿੱਧੂ, ਪ੍ਰਧਾਨ ਫਾਊਂਡੇਸ਼ਨ ਮਾਨਸਾ ਵੱਲੋਂ ਕੀਤਾ ਗਿਆ। ਇਸ ਮੌਕੇ ਕੁਲ ਹਿੰਦ ਬੈਰਾਗੀ ਮਹਾਂ ਮੰਡਲ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ ਅਤੇ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਪੰਜਾਬ ਦੇ ਨੁਮਾਇੰਦੇ ਮਨਜੀਤ ਸਿੰਘ ਪ੍ਰਮੁੱਖ ਤੌਰ 'ਤੇ ਸ਼ਾਮਲ ਹੋਏ। ਮੀਟਿੰਗ ਦੌਰਾਨ ਕ੍ਰਿਸ਼ਨ ਕੁਮਾਰ ਬਾਵਾ ਨੇ ਦੱਸਿਆ ਕਿ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਉਣ ਵਾਲੇ ਮਹਾਨ ਯੋਧੇ ਅਤੇ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ 356ਵਾਂ ਜਨਮ ਉਤਸਵ 16 ਅਕਤੂਬਰ ਨੂੰ ਬਾਬਾ ਬੰਦਾ ਸਿੰਘ ਬਹਾਦਰ ਭਵਨ, ਰਕਬਾ ਵਿਖੇ ਮਨਾਇਆ ਜਾ ਰਿਹਾ ਹੈ। ਇਸ ਮੌਕੇ ਖੇਤੀਬਾੜੀ ਅਤੇ ਕਿਰਤ ਦੇ ਖੇਤਰ ਵਿੱਚ ਯੋਗਦਾਨ ਪਾਉਣ ਵਾਲੇ 9 ਕਿਰਤੀ ਕਿਸਾਨਾਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਯਾਦਗਾਰੀ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾਂ ਸਮੂਹ ਸੰਗਤਾਂ ਅਤੇ ਜਥੇਬੰਦੀਆਂ ਦੇ ਨੁਮਾਇੰਦਿਆਂ ਨੂੰ ਇਸ ਸਮਾਗਮ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਜੀਵਨ ਦਾਸ ਬਾਵਾ ਅਤੇ ਚਰਨਜੀਤ ਸਿੰਘ ਸਿੱਧੂ ਨੇ ਕਿਹਾ ਕਿ 16 ਅਕਤੂਬਰ ਨੂੰ ਮਾਨਸਾ ਜ਼ਿਲ੍ਹੇ ਤੋਂ ਬੈਰਾਗੀ ਮਹਾਂ ਮੰਡਲ ਅਤੇ ਫਾਊਂਡੇਸ਼ਨ ਦੇ ਕਾਰਕੁਨ ਵੱਡੀ ਗਿਣਤੀ ਵਿੱਚ ਸਵੇਰੇ ਰਕਬਾ ਭਵਨ ਵਿਖੇ ਪਹੁੰਚਣਗੇ। ਉਨ੍ਹਾਂ ਕਿਹਾ ਕਿ ਕ੍ਰਿਸ਼ਨ ਕੁਮਾਰ ਬਾਵਾ ਵੱਲੋਂ ਪਿਛਲੇ 37 ਸਾਲਾਂ ਤੋਂ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਯਾਦ ਵਿੱਚ ਸਮਾਗਮ ਕਰਵਾਉਣਾ ਅਤੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਲੋਕਾਂ ਤੱਕ ਪਹੁੰਚਾਉਣਾ ਸ਼ਲਾਘਾਯੋਗ ਉਪਰਾਲਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਮਾਨਸਾ ਜ਼ਿਲ੍ਹੇ ਦੀਆਂ ਵੱਖ-ਵੱਖ ਸੰਸਥਾਵਾਂ ਵੱਲੋਂ 16 ਅਕਤੂਬਰ ਨੂੰ ਕ੍ਰਿਸ਼ਨ ਕੁਮਾਰ ਬਾਵਾ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਮੀਟਿੰਗ ਦੌਰਾਨ ਹਾਜ਼ਰ ਆਗੂਆਂ ਨੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਜੀਵਨ, ਸੰਘਰਸ਼ ਅਤੇ ਕੁਰਬਾਨੀ ਤੋਂ ਪ੍ਰੇਰਨਾ ਲੈਣ ਅਤੇ ਉਨ੍ਹਾਂ ਦੀ ਵਿਰਾਸਤ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਦਾ ਸੱਦਾ ਦਿੱਤਾ।

# ਆਪਣੀਆਂ ਮੰਗਾਂ ਨੂੰ ਲੈ ਕੇ 21 ਅਤੇ 22 ਅਕਤੂਬਰ ਦੀ ਸਮੂਹਿਕ ਛੁੱਟੀ ਲੈਣਗੇ ਅਧਿਆਪਕ

## ਸਾਰੀਆਂ ਮੰਗਾਂ ਪੂਰੀਆਂ ਹੋਣ ਤੱਕ ਸੰਘਰਸ਼ ਜਾਰੀ ਰਹੇਗਾ: ਡੀ.ਟੀ.ਐਫ



ਮੋਗਾ, 12 ਅਕਤੂਬਰ (ਲਛਮਣ ਜੀਤ ਸਿੰਘ ਪੁਰਬਾ): ਪੰਜਾਬ ਸਰਕਾਰ ਦੇ ਖਿਲਾਫ ਚੱਲ ਰਹੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਇਤਿਹਾਸਿਕ ਅੰਦੋਲਨ ਦੀ ਅਗਲੀ ਕੜੀ ਵਜੋਂ 21 ਅਤੇ 22 ਅਕਤੂਬਰ ਨੂੰ ਪੰਜਾਬ ਦੇ ਸਮੂਹ ਮੁਲਾਜ਼ਮ ਸਮੂਹਿਕ ਛੁੱਟੀ ਲੈ ਕੇ ਸਰਕਾਰੀ ਅਦਾਰੇ ਬੰਦ ਰੱਖਣ ਗੇ?ਅਧਿਆਪਕਾਂ ਦੀ ਨੁਮਾਇੰਦਾ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇਪਾਲ ਸ਼ਰਮਾ ਜ਼ਿਲ੍ਹਾ ਇਕਾਈ ਮੋਗਾ ਦੇ ਪ੍ਰਧਾਨ ਸੁਖਪਾਲਜੀਤ ਸਿੰਘ ਅਤੇ ਕਾਰਜਕਾਰੀ ਜ਼ਿਲ੍ਹਾ ਸਕੱਤਰ ਸੁਖਵਿੰਦਰ ਸਿੰਘ ਘੋਲੀਆਂ ਦੱਸਿਆ 21 ਅਤੇ 22 ਅਕਤੂਬਰ ਨੂੰ ਪੰਜਾਬ ਦੇ ਸਕੂਲਾਂ ਦਾ ਸਮੂਹ ਸਟਾਫ ਸਮੂਹਿਕ ਛੁੱਟੀ ਲਵੇਗਾ। ਇਸਤੋਂ ਪਹਿਲਾਂ ਵੀ 27 ਅਗਸਤ ਨੂੰ ਪੰਜਾਬ ਦੇ ਲਗਭਗ 80% ਅਧਿਆਪਕਾਂ ਨੇ ਸਮੂਹਿਕ ਛੁੱਟੀ ਲਈ ਸੀ। ਆਗੂਆਂ ਨੇ ਦੱਸਿਆ ਕਿ 18 ਸਤੰਬਰ ਦੀ ਮੀਟਿੰਗ ਵਿੱਚ ਮੁੱਖ ਮੰਤਰੀ ਨੇ ਵਾਅਦਾ ਕੀਤਾ ਸੀ ਕਿ ਅਕਤੂਬਰ ਮਹੀਨੇ ਦੇ ਪਹਿਲੇ ਹਫਤੇ ਮੁਲਾਜ਼ਮਾਂ ਨਾਲ ਮੀਟਿੰਗ ਕਰਕੇ ਉਹਨਾਂ ਦੀਆਂ ਮੰਗਾਂ ਦਾ ਹੱਲ ਕੀਤਾ ਜਾਵੇਗਾ। ਪਰ ਅਜੇ ਤੱਕ ਕਿਸੇ ਮੀਟਿੰਗ ਦਾ ਸੱਦਾ ਨਹੀਂ ਆਇਆ। ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਝੋਰੜਾ, ਮੀਤ ਪ੍ਰਧਾਨ ਸਵਰਨਦਾਸ ਨੇ ਦੱਸਿਆ ਕਿ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੁੱਖ ਮੰਗਾਂ ਪੁਰਾਣੀ ਪੈਨਸ਼ਨ ਬਹਾਲ ਕਰਨੀ, 17-7-20 ਅਤੇ 15-1-15 ਦੇ ਪੱਤਰ ਰੱਦ ਕਰਨੇ, ਕੱਚੇ ਮੁਲਾਜ਼ਮ ਪੱਕੇ ਕਰਨੇ, ਮਿਡ ਡੇ ਮੀਲ ਵਰਕਰਾਂ, ਆਸ਼ਾ ਵਰਕਰਾਂ ਅਤੇ ਆਂਗਣਵਾੜੀ ਵਰਕਰਾਂ ਦੀ ਤਨਖਾਹ 18000 ਰੁਪਏ ਕਰਨੀ, ਪੈਨਸ਼ਨਰਾਂ ਨੂੰ 2.59 ਦਾ ਗੁਣਾਂਕ ਦੇਣਾ, 10% ਪੈਂਡਿੰਗ ਡੀ.ਏ. ਜਾਰੀ ਕਰਨਾ, ਏ ਸੀ ਪੀ ਲਾਗੂ ਕਰਨਾ, ਪੇਂਡੂ ਭੱਤਾ ਲਾਗੂ ਕਰਨਾ ਆਦਿ ਅਜੇ ਤੱਕ ਪੈਂਡਿੰਗ ਹਨ?ਆਗੂਆਂ ਨੇ ਅਧਿਆਪਕਾਂ ਨੂੰ ਸੱਦਾ ਦਿੱਤਾ ਕਿ 21 ਅਤੇ 22 ਅਕਤੂਬਰ ਨੂੰ ਵਿਸ਼ਾਲ ਏਕਤਾ ਦਾ ਮੁਜ਼ਾਹਰਾ ਕਰਦੇ ਹੋਏ ਆਪਣੇ ਸਕੂਲਾਂ ਵਿੱਚੋ ਸਮੂਹਿਕ ਛੁੱਟੀ ਲੈ ਕੇ ਸੰਘਰਸ਼ ਦੇ ਮੈਦਾਨ ਵਿੱਚ ਆਉਣ। ਜ਼ਿਲ੍ਹਾ ਜੋਇਟ ਸਕੱਤਰ ਅਮਨਦੀਪ ਮਾਛੀਕੇ, ਵਿੱਤ ਸਕੱਤਰ ਗੁਰਸ਼ਰਨ ਸਿੰਘ ਨੇ ਕਿਹਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਸੱਤਾਧਿਰ ਪਾਰਟੀ ਦੇ ਵੋਟਾਂ ਮੰਗਣ ਆਏ ਲੀਡਰਾਂ ਨੂੰ ਗਲੀਆਂ ਮੁਹੱਲਿਆ ਵਿੱਚ ਘੇਰਿਆ ਜਾਵੇਗਾ। ਆਗੂਆਂ ਨੇ ਕਿਹਾ ਕਿ ਇਸ ਝੂਠੇ ਮੁੱਖ ਮੰਤਰੀ ਨੂੰ ਸਕੱਤਰੇਤ ਤੋਂ ਸਤੌਜ ਤੱਕ ਪਹੁੰਚਾ ਕੇ ਹੀ ਦਮ ਲੈਣਗੇ। ਇਸ ਸਮੇਂ ਅਮਰਦੀਪ ਸਿੰਘ ਬੁੱਟਰ, ਜਗਜੀਤ ਸਿੰਘ ਰਣੀਆਂ, ਨਰਿੰਦਰ ਸਿੰਘ, ਮੋਟੂ ਵਰਮਾ, ਨਛੱਤਰ ਸਿੰਘ, ਦੀਪਕ ਮਿੱਤਲ, ਮਮਤਾ ਕੌਸ਼ਲ ਆਦਿ ਜ਼ਿਲ੍ਹਾ ਕਮੇਟੀ ਮੈਂਬਰ ਹਾਜ਼ਰ ਸਨ।



ਕਥਾ ਪ੍ਰਵਾਹ

# ਬਾਲ ਮਜ਼ਦੂਰੀ

ਪ੍ਰੀਤਮਾ ਦੋਮੇਲ

ਪ੍ਰੀਤਮ ਸਿੰਘ ਇੱਕ ਬੜਾ ਹੀ ਸਿਆਣਾ ਤੇ ਸੁਲਝਿਆ ਹੋਇਆ ਬੰਦਾ ਸੀ। ਉਸ ਦੇ ਪਰਿਵਾਰ ਵਿੱਚ ਨੰਬਰਦਾਰੀ ਪਤਾ ਨਹੀਂ ਕਦੋਂ ਚੱਲੀ ਆ ਰਹੀ ਸੀ। ਉਸ ਦੇ ਵੇਲੇ ਪਿੰਡ ਦੇ ਛੋਟੀ ਜ਼ਾਤ ਦੇ ਲੋਕ ਨੰਬਰਦਾਰ ਕੋਲੋਂ ਥਰ ਥਰ ਕੰਬਦੇ ਸਨ। ਕਦੇ ਜ਼ੁਬਾਨ ਨਹੀਂ ਖੋਲ੍ਹਦੇ ਤੇ ਨਾ ਹੀ ਸਾਹਮਣੇ ਬੈਠਦੇ ਸਨ, ਪਰ ਜੇਕਰ ਬੈਠਣਾ ਹੀ ਪੈ ਜਾਂਦਾ ਤਾਂ ਹੇਠਾਂ ਜ਼ਮੀਨ 'ਤੇ ਬੈਠਦੇ ਅਤੇ ਨਜ਼ਰਾਂ ਝੁਕਾ ਕੇ ਰੱਖਦੇ ਸਨ। ਹਾਲਾਂਕਿ ਨੰਬਰਦਾਰ ਪ੍ਰੀਤਮ ਸਿੰਘ ਨੇ ਕਦੇ ਕਿਸੇ ਨੂੰ ਮੰਦਾ ਨਹੀਂ ਸੀ ਬੋਲਿਆ ਅਤੇ ਨਾ ਹੀ ਕਿਸੇ ਨੂੰ ਤੰਗ ਕੀਤਾ ਸੀ। ਲੋਕ ਆਪਣੇ ਆਪ ਉਸ ਦੇ ਘਰ ਦੇ ਕੰਮ ਕਰਦੇ ਰਹਿੰਦੇ ਸਨ। ਕੋਈ ਡੰਗਰਾਂ ਲਈ ਪੱਠੇ ਵੱਢ ਕੇ ਲਿਆ ਰਿਹਾ ਹੈ, ਕੋਈ ਮਸ਼ੀਨ ਨਾਲ ਕੁਤਰਾ ਕਰ ਰਿਹਾ ਹੈ ਤੇ ਕੋਈ ਮੱਝਾਂ ਨੂੰ ਨੁਹਾ ਰਿਹਾ ਹੈ। ਔਰਤਾਂ ਆ ਕੇ ਸਾਫ਼-ਸਫ਼ਾਈ ਕਰ ਜਾਂਦੀਆਂ, ਭਾਂਡੇ ਮਾਂਜ ਜਾਂਦੀਆਂ ਅਤੇ ਕੱਪੜੇ ਧੋ ਜਾਂਦੀਆਂ। ਹੋਰ ਪੀਹਣਾ ਕੁੱਟਣਾ ਕਰ ਜਾਂਦੀਆਂ। ਉਨ੍ਹਾਂ ਦੇ ਛੋਟੇ ਛੋਟੇ ਬੱਚੇ ਵੀ ਆ ਕੇ ਘਰ ਦੇ ਹੋਰ ਛੋਟੇ ਮੋਟੇ ਕੰਮ ਕਰ ਜਾਂਦੇ। ਬਾਕੀ ਨੰਬਰਦਾਰਨੀ ਬੀਬੀ ਕਰਨੈਲ ਕੌਰ ਨੇ ਵੀ ਹੱਥ ਚੰਗਾ ਖੁੱਲ੍ਹਾ ਰੱਖਿਆ ਹੋਇਆ ਸੀ। ਭਰ ਭਰ ਕੇ ਪਰਾਤਾਂ ਦਾਣਿਆਂ ਦੀਆਂ ਦਿੰਦੀ। ਗੁੜ ਸ਼ੱਕਰ ਦੀਆਂ ਥਾਲੀਆਂ ਭਰ ਭਰ ਕੇ ਦਿੰਦੀ ਰਹਿੰਦੀ। ਦੁੱਧ ਘਿਉ ਵੱਲੋਂ ਵੀ ਕਦੇ ਦਰੇਗ ਨਹੀਂ ਸੀ ਕੀਤਾ। ਸਾਰੇ ਪਿੰਡ ਦੇ ਕੰਮੀ ਉਨ੍ਹਾਂ ਦੇ ਘਰੋਂ ਹੀ ਲੱਸੀ ਦੇ ਡੋਲੂ ਭਰ ਭਰ ਕੇ ਲੈ ਜਾਂਦੇ। ਪਰ ਹੁਣ ਵਕਤ ਬਦਲ ਗਿਆ ਸੀ। 20ਵੀਂ ਸਦੀ ਦੇ ਖ਼ਤਮ ਹੁੰਦਿਆਂ ਹੀ ਸਭ ਕੁਝ ਇੱਕ ਨਵੇਂ ਰੂਪ ਵਿੱਚ ਸਾਹਮਣੇ ਆ ਗਿਆ ਸੀ। ਪਾਣੀ ਲਈ ਖੂਹ ਤੇ ਨਲਕਿਆਂ ਦੀ ਹੋਂਦ ਖ਼ਤਮ ਹੋ ਗਈ ਸੀ। ਸਰਕਾਰ ਨੇ ਸਭ ਜਗ੍ਹਾ ਪਾਣੀ ਦੀਆਂ ਟੈਂਕੀਆਂ ਬਣਾ ਕੇ ਘਰਾਂ ਦੇ ਅੰਦਰ ਹੀ ਪਾਣੀ ਪਹੁੰਚਾ ਦਿੱਤਾ ਸੀ। ਜਿੱਥੇ ਪਹਿਲਾਂ ਔਰਤਾਂ ਮੋਗਰੀ ਨਾਲ ਕੁੱਟ ਕੁੱਟ ਕੇ ਕੱਪੜਿਆਂ ਨੂੰ ਅੱਧਮਰਿਆ ਕਰ ਦਿੰਦੀਆਂ ਸਨ, ਉੱਥੇ ਹੁਣ ਇੱਕ ਛੋਟੀ ਜਿਹੀ ਪਿਆਰੀ ਜਿਹੀ ਵਾਸ਼ਿੰਗ ਮਸ਼ੀਨ ਆ ਗਈ ਸੀ ਜੋ ਚੁੱਪ-ਚਾਪ ਇੱਕੋ ਕੋਨੇ ਵਿੱਚ ਪਈ ਪਈ ਸਾਰੇ ਕੱਪੜੇ ਮਿੰਟਾਂ ਵਿੱਚ ਧੋ ਨਿਚੋੜ ਦਿੰਦੀ ਸੀ, ਅੰਦਰੇ ਕੱਪੜੇ ਸੁੱਕ ਵੀ ਜਾਂਦੇ ਸਨ। ਹੁਣ ਨਾ ਤਾਂ ਮੋਗਰੀ ਦੀ ਲੋੜ ਸੀ, ਨਾ ਹੀ ਮੋਗਰੇ ਦੀ। ਇਸ ਤੋਂ ਇਲਾਵਾ ਪੱਕੀਆਂ ਸੜਕਾਂ, ਬਿਜਲੀ, ਗੱਡੀਆਂ, ਕੰਪਿਊਟਰ, ਮੋਬਾਈਲ ਆਦਿ ਸਾਰੀਆਂ ਸਹੂਲਤਾਂ ਸਾਰੇ ਪਿੰਡਾਂ ਵਿੱਚ ਪੁੱਜ ਗਈਆਂ ਸਨ। ਅਨਪੜ੍ਹ ਤੇ ਘੱਟ ਪੜ੍ਹੇ-ਲਿਖੇ ਲੋਕਾਂ ਲਈ ਸਰਕਾਰ ਨੇ ਰੁਜ਼ਗਾਰ ਦੇ ਨਵੇਂ ਢੰਗ ਖੋਲ੍ਹ ਦਿੱਤੇ ਸਨ। ਔਰਤਾਂ ਲਈ ਵੀ ਬਹੁਤ ਸਾਰੇ ਕੰਮ ਸਰਕਾਰ ਨੇ ਪੈਦਾ ਕਰ ਦਿੱਤੇ ਸਨ। ਹਰ ਪਿੰਡ ਵਿੱਚ ਬੱਚਿਆਂ ਲਈ ਸਕੂਲ ਖੋਲ੍ਹ ਦਿੱਤੇ ਤੇ ਸਾਰੇ ਬੱਚਿਆਂ ਨੂੰ ਜ਼ਬਰਦਸਤੀ ਸਕੂਲਾਂ ਵਿੱਚ ਦਾਖ਼ਲ ਕਰਵਾਇਆ।

ਨੰਬਰਦਾਰ ਪ੍ਰੀਤਮ ਸਿੰਘ ਵੀ ਹੁਣ ਬਜ਼ੁਰਗ ਹੋ ਗਿਆ ਸੀ ਤੇ ਉਸ ਦੀ ਸਿਹਤ ਵੀ ਹੁਣ ਓਨੀ ਚੰਗੀ ਨਹੀਂ ਸੀ ਰਹੀ। ਨੰਬਰਦਾਰੀ ਹੁਣ ਉਸ ਦੇ ਪੁੱਤਰ ਵਿਕਰਮਜੀਤ ਕੋਲ ਚਲੀ ਗਈ ਸੀ ਜਿਸ ਨੂੰ ਸਭ ਪਿਆਰ ਨਾਲ ਵਿੱਕੀ ਬੁਲਾਉਂਦੇ ਸਨ। ਉਸ ਨੇ ਆਪਣੇ ਪਿਤਾ ਦੇ ਸਮੇਂ ਆਪਣੇ ਘਰ ਲੋਕਾਂ ਨੂੰ ਵਗਾਰ ਕਰਦਿਆਂ ਵੇਖਿਆ ਸੀ। ਉਹੀ ਲੋਕ ਜਿਹੜੇ ਕਦੇ ਸਰਦਾਰ ਸਾਹਮਣੇ ਬੈਠਦੇ ਨਹੀਂ ਸਨ ਤੇ ਉੱਚਾ ਸਿਰ ਕਰਕੇ ਕਦੇ ਗੱਲ ਨਹੀਂ ਸੀ ਕਰਦੇ, ਹੁਣ ਉਹੀ ਬਰਾਬਰ ਆ ਕੇ ਬੈਠਣ ਲੱਗ ਪਏ ਸਨ। ਸਰਦਾਰ ਪ੍ਰੀਤਮ ਸਿੰਘ ਨੇ ਪਿਆਰ ਨਾਲ ਕਈ ਵਾਰ ਪੁੱਤਰ ਨੂੰ ਸਮਝਾਇਆ, "ਦੇਖ ਕਾਕਾ, ਹੁਣ ਜ਼ਮਾਨਾ ਬਦਲ ਗਿਆ ਹੈ, ਉਹ ਪਹਿਲਾਂ ਵਾਲੀਆਂ ਗੱਲਾਂ ਨਹੀਂ ਰਹੀਆਂ। ਹੁਣ ਕੰਮੀਆਂ ਵਿੱਚ ਟੀ.ਵੀ. ਤੇ ਰੇਡੀਓ ਨੇ ਪੂਰੀ ਜਾਣਕਾਰੀ ਭਰ ਦਿੱਤੀ ਹੈ। ਹੁਣ ਤੂੰ ਇਨ੍ਹਾਂ ਤੋਂ ਵਗਾਰਾਂ ਨਹੀਂ ਕਰਵਾ ਸਕਦਾ। ਹਾਂ, ਥੋੜ੍ਹਾ ਬਹੁਤ ਕੰਮ ਪਿਆਰ ਨਾਲ ਤਾਂ ਕਰਵਾ ਸਕਦੈਂ। ਦੇਖ ਪੁੱਤਰ, ਇਹ ਨੰਬਰਦਾਰੀ ਨਿਰੀ ਕੰਡਿਆਂ ਦਾ ਤਾਜ ਹੈ। ਸੋ ਤੂੰ ਇਨ੍ਹਾਂ ਕੰਡਿਆਂ ਤੋਂ ਬਚ ਕੇ ਰਹੀਂ।" ਪਰ ਵਿੱਕੀ ਦੇ ਸਿਰ ਨੂੰ ਤਾਂ ਆਪਣੀ ਜ਼ਮੀਨ ਤੇ ਪੈਸੇ ਦਾ ਨਸ਼ਾ ਚੜ੍ਹਿਆ ਹੋਇਆ ਸੀ। ਉਪਰੋਂ ਪਿੰਡ ਦੀ ਨੰਬਰਦਾਰੀ ਮਿਲ ਗਈ। ਉਹ ਤਾਂ ਆਪਣੇ ਆਪ ਨੂੰ ਕਿਸੇ ਮੰਤਰੀ ਤੋਂ ਘੱਟ ਨਹੀਂ ਸੀ ਸਮਝਦਾ। ਉਸ ਨੇ ਬੜੀ ਆਕੜ ਨਾਲ ਆਪਣੇ ਪਿਤਾ ਨੂੰ ਜਵਾਬ ਦਿੱਤਾ, "ਬਾਪੂ ਜੀ, ਤੁਸੀਂ ਐਵੇਂ ਨਾ ਬੈਠੇ ਬੈਠੇ ਫ਼ਿਕਰ ਕਰੀ ਜਾਇਆ ਕਰੋ। ਮੈਨੂੰ ਇਨ੍ਹਾਂ ਲੋਕਾਂ ਤੋਂ ਕੰਮ ਲੈਣਾ ਆਉਂਦਾ ਹੈ। ਜੇ ਇਹ ਪਿੰਡ ਵਾਲੇ ਕੰਮੀ ਕਾਬੂ ਨਹੀਂ ਆਉਣਗੇ, ਫੇਰ ਪਰਵਾਸੀ ਮਜ਼ਦੂਰ ਤਾਂ ਕਿਤੇ ਨਹੀਂ ਗਏ। ਪੈਸੇ ਖਰਚੋ ਤੇ ਆਪਣਾ ਕੰਮ ਕੱਢੋ। ਬਹੁਤੀ ਸੋਚਣ ਦੀ ਲੋੜ ਨਹੀਂ ਹੈ।"

ਉਸ ਦੀ ਗੱਲ ਵੀ ਸਹੀ ਸੀ। ਯੂ.ਪੀ., ਬਿਹਾਰ ਦੇ ਗ਼ਰੀਬ ਲੋਕ ਗੱਡੀਆਂ ਭਰ ਭਰ ਕੇ ਪੰਜਾਬ ਹਰਿਆਣਾ ਵਿੱਚ ਆਈ ਜਾ ਰਹੇ ਹਨ ਅਤੇ ਸੱਚ ਪੁੱਛੋ ਤਾਂ ਪੰਜਾਬ ਦੀ ਖੇਤੀ ਅਤੇ ਸ਼ਹਿਰੀ ਮਕਾਨਾਂ ਦੀ ਉਸਾਰੀ ਇਨ੍ਹਾਂ ਲੋਕਾਂ ਦੇ ਸਿਰਾਂ 'ਤੇ ਹੀ ਹੋਣ ਲੱਗ ਪਈ ਸੀ। ਉਸ ਪਿੰਡ ਵਿੱਚ ਵਿੱਕੀ ਦੇ ਚਾਚੇ ਤਾਏ ਤੇ ਉਨ੍ਹਾਂ ਦੇ ਪਰਿਵਾਰ ਵੀ ਰਹਿੰਦੇ ਸਨ। ਸਭ ਦਾ ਆਪਸ ਵਿੱਚ ਪੂਰਾ ਮੇਲ-ਮਿਲਾਪ ਸੀ। ਉਂਜ, ਇਹ ਪਿੰਡ ਸ਼ਹਿਰ ਦੇ ਨੇੜੇ ਹੋਣ ਕਰਕੇ ਪੂਰਾ ਸ਼ਹਿਰ ਹੀ ਲੱਗਦਾ ਸੀ। ਵਿੱਕੀ ਕੋਲ ਕਾਫ਼ੀ ਜ਼ਮੀਨ ਸੀ। ਕੁਝ ਉਹ ਲੋਕਾਂ ਦੀ ਜ਼ਮੀਨ ਠੇਕੇ 'ਤੇ ਵੀ ਲੈਂਦਾ ਸੀ। ਕਈ ਸਾਰੇ ਪਰਵਾਸੀ ਮਜ਼ਦੂਰ ਉਸ ਦੀ ਮੋਟਰ ਵਾਲੇ ਕੋਠੇ ਵਿੱਚ ਵੀ ਰਹਿੰਦੇ ਸਨ ਤੇ ਉਨ੍ਹਾਂ ਦੀਆਂ ਪਤਨੀਆਂ ਆ ਕੇ ਘਰ ਵਿੱਚ ਕੰਮ ਵੀ ਕਰ ਜਾਂਦੀਆਂ ਸਨ। ਸੋ ਵਿੱਕੀ ਦੀ ਪਤਨੀ ਰਾਣੀ ਰਣਜੀਤ ਕੌਰ ਦਾ ਰੋਅਬ-ਦਾਬ ਖ਼ੂਬ ਬਣਿਆ ਹੋਇਆ ਸੀ। ਸਾਰੇ ਉਸ ਨੂੰ ਰਾਣੀ ਸਾਹਿਬਾ ਕਹਿ ਕੇ ਬੁਲਾਉਂਦੇ ਸਨ। ਉਨ੍ਹਾਂ ਦੇ ਦੋ ਛੋਟੇ ਛੋਟੇ ਬੱਚੇ ਸਨ। ਉਨ੍ਹਾਂ ਦੀ ਦੇਖਭਾਲ ਵੀ ਉਹੀ ਯੂ.ਪੀ. ਵਾਲੀਆਂ ਔਰਤਾਂ ਹੀ ਕਰਦੀਆਂ ਸਨ। ਰਾਣੀ ਸਾਹਿਬਾ ਤਾਂ ਜ਼ਿਆਦਾ ਟਾਈਮ ਸਜਣ ਸੰਵਾਰਨ ਵਿੱਚ ਹੀ ਲੱਗੀ ਰਹਿੰਦੀ ਸੀ। ਕੁਝ ਟਾਈਮ ਤੋਂ ਵਿੱਕੀ ਨੇ ਦੁੱਧ ਦੀ ਡੇਅਰੀ ਦਾ ਨਵਾਂ ਕੰਮ ਸ਼ੁਰੂ ਕਰ ਦਿੱਤਾ ਸੀ ਜਿਸ ਵਿੱਚੋਂ ਉਸ ਨੂੰ ਬਹੁਤ ਫ਼ਾਇਦਾ



ਹੋ ਰਿਹਾ ਸੀ। ਦੁੱਧ ਦੇ ਰੇਟ ਇੰਨੇ ਚੜ੍ਹ ਗਏ ਸਨ ਕਿ ਵਿੱਕੀ ਦੇ ਘਰ ਜਿਵੇਂ ਪੈਸਿਆਂ ਦੀ ਬਰਸਾਤ ਹੋਣ ਲੱਗ ਪਈ ਸੀ। ਪਰਵਾਸੀ ਮਜ਼ਦੂਰ ਆਪਣੇ ਆਪ ਹੀ ਸਾਰਾ ਕੰਮ ਕਰੀ ਜਾ ਰਹੇ ਸਨ, ਪਰ ਉਨ੍ਹਾਂ ਦੀ ਬਾਬਤ ਇੱਕ ਖ਼ਾਸ ਗੱਲ ਇਹ ਹੈ ਕਿ ਉਹ ਹਰ ਸਾਲ ਹੋਲੀ ਮੌਕੇ ਆਪਣੇ ਦੇਸ਼ (ਸੂਬੇ) ਵਿੱਚ ਚਲੇ ਜਾਂਦੇ ਹਨ ਤੇ ਫਿਰ ਕਈ ਕਈ ਮਹੀਨੇ ਵਾਪਸ ਨਹੀਂ ਆਉਂਦੇ। ਉਸ ਸਮੇਂ ਜ਼ਿਮੀਂਦਾਰਾਂ ਨੂੰ ਬੜੀ ਮੁਸ਼ਕਿਲ ਬਣ ਜਾਂਦੀ ਹੈ। ਇਸ ਸਾਲ ਜਾਣ ਲੱਗਿਆ ਇੱਕ ਪਰਵਾਸੀ ਮਜ਼ਦੂਰ ਆਪਣਾ 10-12 ਸਾਲ ਦਾ ਮੁੰਡਾ ਕਕੂਆ ਵਿੱਕੀ ਹੋਰਾਂ ਕੋਲ ਛੱਡ ਗਿਆ। ਉਹ ਵਿੱਕੀ ਅੱਗੇ ਹੱਥ ਜੋੜ ਕੇ ਖੜ੍ਹ ਗਿਆ ਤੇ ਬੋਲਿਆ, "ਸਰਦਾਰ ਜੀ, ਹਮਰਾ ਛੋਰਾ ਸਕੂਲ ਮੇਂ ਪਢੇ ਹੈ। ਛੁੱਟੀ ਲੇਨਾ ਨਹੀਂ ਚਾਹਵੇ ਹੈ, ਆਪ ਇਸ ਕੋ ਅਪਨੇ ਪਾਸ ਰੱਖ ਲੋ। ਆਪ ਕੇ ਘਰ ਕਾ ਥੋੜ੍ਹਾ ਬਹੁਤ ਕਾਮ ਭੀ ਕਰ ਦਿਯਾ ਕਰੇਗਾ, ਔਰ ਰਾਤ ਕੋ ਆਪ ਕੇ ਪਾਸ ਹੀ ਸੋ ਜਾਇਆ ਕਰੇਗਾ। ਮੈਂ ਔਰ ਮੇਰੀ ਘਰਵਾਲੀ ਦੋਨੋਂ ਕੋ ਅਪਨੇ ਗਾਂਵ ਜਾਨਾ ਹੈ। ਮੇਰੀ ਮਾਂ ਬਿਮਾਰ ਹੈ। ਔਰ ਫਿਰ ਆਗੇ ਹੋਲੀ ਭੀ ਆਨੇ ਵਾਲੀ ਹੈ। ਹੋਲੀ ਪੇ ਤੋ ਹਮੇਂ ਜਾਨਾ ਹੀ ਹੋਤਾ ਹੈ।" "ਠੀਕ ਹੈ ਰਾਮ ਲਾਲ, ਯੇਹ ਹਮਾਰੇ ਪਾਸ ਹਮਾਰੇ ਬੱਚੋਂ ਕੀ ਤਰ੍ਹਾਂ ਹੀ ਰਹੇਗਾ, ਔਰ ਸਕੂਲ ਭੀ ਜਾਏਗਾ। ਅਗਰ ਕੁਝ ਕਾਮ ਕਰੇਗਾ ਤੋ ਹਮ ਉਸ ਕੇ ਪੈਸੇ ਭੀ ਦੇਂਗੇ। ਸਮਝੋ ਆਜ ਸੇ ਇਸ ਕੀ ਨੌਕਰੀ ਭੀ ਲਗ ਗਈ।" ਤੇ ਸੱਚਮੁਚ ਹੀ ਕਕੂਆ ਵਿਚਾਰਾ ਇੱਕ ਨੌਕਰ ਬਣ ਕੇ ਰਹਿ ਗਿਆ। ਪਰਵਾਸੀ ਮਜ਼ਦੂਰ ਕਿਉਂਕਿ ਹੁਣ ਸਾਰੇ ਜਾ ਚੁੱਕੇ ਸਨ, ਸੋ ਨੰਬਰਦਾਰ ਸਾਹਿਬ ਦੇ ਫੈਲੇ ਹੋਏ ਕੰਮਕਾਰ ਨੂੰ ਸੰਭਾਲਣ ਵਾਲਾ ਹੁਣ ਕੌਣ ਸੀ। ਬੱਸ ਕਕੂਏ ਦੇ ਸਿਰ 'ਤੇ ਹੀ ਸਾਰਾ ਬੋਝ ਪੈ ਗਿਆ। ਉਹ ਤੜਕੇ ਉੱਠ ਕੇ ਡੰਗਰਾਂ ਦਾ ਗੋਹਾ ਕੂੜਾ ਕਰਦਾ। ਫਿਰ ਦੁੱਧ ਵਾਲੀ ਵੈਨ ਆ ਜਾਂਦੀ ਤਾਂ ਦੁੱਧ ਵਾਲੇ ਡਰੰਮ ਉਸ ਵਿੱਚ ਰਖਵਾਉਂਦਾ। ਬਾਅਦ ਵਿੱਚ ਮੱਝਾਂ, ਗਾਵਾਂ ਨੂੰ ਪਾਣੀ ਪਿਆਉਂਦਾ। ਕੱਖ-ਕੰਡਾ ਕਰਦਾ। ਫਿਰ ਜਦੋਂ ਰੋਟੀ ਖਾਣ ਲਈ ਘਰ ਜਾਂਦਾ ਤਾਂ ਘਰ ਦੇ ਕੰਮਾਂ-ਕਾਰਾਂ ਵਿੱਚ ਘਰ ਦੀਆਂ ਸੁਆਣੀਆਂ ਦੀ ਮਦਦ ਕਰਨਾ ਤੇ ਛੋਟੇ ਬੱਚਿਆਂ ਨੂੰ ਖਿਡਾਉਣਾ ਵੀ ਉਸ ਦੇ ਜ਼ਿੰਮੇ ਹੋ ਗਿਆ ਸੀ। ਇੱਥੋਂ ਵਿਹਲਾ ਹੋ ਕੇ ਉਹ ਖੇਤਾਂ ਵਿੱਚ ਕੰਮ ਕਰਨ ਚਲਿਆ ਜਾਂਦਾ। ਉਸ ਦਾ ਸਕੂਲ ਜਾਣਾ ਤਾਂ ਪੂਰੀ ਤਰ੍ਹਾਂ ਬੰਦ ਹੋ ਗਿਆ ਸੀ। ਜਦੋਂ ਉਸ ਨੇ ਸਕੂਲ ਜਾਣ ਲਈ ਕਿਹਾ ਤਾਂ ਨੰਬਰਦਾਰ ਵਿੱਕੀ ਨੇ ਖਿੱਚ ਕੇ ਚਪੇੜ ਉਸ ਦੇ ਮੂੰਹ 'ਤੇ ਮਾਰੀ ਅਤੇ ਕਹਿਣ ਲੱਗਿਆ, "ਲੱਗਦਾ ਪੜ੍ਹਾਈਆਂ ਦਾ ਨਾ ਹੋਵੇ ਤਾਂਹ ਪੜ੍ਹ ਕੇ ਤੂੰ ਬੜਾ ਡੀ.ਸੀ. ਲੱਗੇਂਗਾ! ਫੇਰ ਵੀ ਤਾਂ ਇਹੀ ਕੰਮ ਕਰਨਾ ਹੈ। ਮੈਂ ਤੈਨੂੰ ਮੁਫ਼ਤ 'ਚ ਰੋਟੀ ਨਹੀਂ ਖਵਾਉਂਦਾ। ਖ਼ਬਰਦਾਰ, ਜੇ ਮੁੜ ਕੇ ਸਕੂਲ ਜਾਣ ਦਾ ਨਾਂ ਲਿਆ ਤਾਂ ਉਲਟਾ ਛੱਤ ਨਾਲ ਲਟਕਾ ਦਿਆਂਗਾ।" ਬੱਚਾ ਵਿਚਾਰਾ ਡਰ ਗਿਆ ਤੇ ਰੋ ਧੋ ਕੇ ਚੁੱਪ ਹੋ ਗਿਆ। ਹੁਣ ਉਹ ਸਾਰਾ ਦਿਨ ਕੰਮ ਵਿੱਚ ਲੱਗਿਆ ਰਹਿੰਦਾ ਤੇ ਸ਼ਾਮ ਤਕ ਇੰਨਾ ਥੱਕ ਜਾਂਦਾ ਕਿ ਕਈ ਵਾਰੀ ਤਾਂ ਉਹ ਟੀ.ਵੀ. ਦੇ ਸਾਹਮਣੇ ਬੈਠਾ ਰੋਟੀ ਖਾਂਦਾ ਖਾਂਦਾ ਉੱਥੇ ਹੀ ਸੌਂ ਜਾਂਦਾ। ਇੰਨਾ ਕੰਮ ਕਰਕੇ ਉਹ ਰੋਣਹਾਕਾ ਹੋ ਜਾਂਦਾ ਤੇ ਆਪਣੇ ਮਾਂ-ਬਾਪ ਨੂੰ ਯਾਦ ਕਰਦਾ। ਇਸ ਤਰ੍ਹਾਂ ਉਹ ਦਿਨ-ਬ-ਦਿਨ ਸੁੱਕਦਾ ਜਾ ਰਿਹਾ ਸੀ। ਪਿੰਡ ਦੇ ਲੋਕ ਉਸ ਨੂੰ ਦੇਖਦੇ ਤਾਂ ਬੜਾ ਤਰਸ ਆਉਂਦਾ। ਕਈ ਜ਼ਨਾਨੀਆਂ ਤਾਂ ਰਾਣੀ ਸਾਹਿਬਾ ਨੂੰ ਉਸ ਦੇ ਮੂੰਹ 'ਤੇ ਕਹਿ ਦਿੰਦੀਆਂ, "ਕੁੜੇ ਲੰਬੜਦਾਰਨੀਏ, ਇਸ ਤਿਲ ਭਰ ਦੇ ਨਿਆਣੇ ਤੋਂ ਇੰਨਾ ਕੰਮ ਕਿਉਂ ਲੈਂਦੇ ਹੋ? ਦੇਖ ਤਾਂ ਕਿਵੇਂ ਸੁੱਕ ਕੇ ਡੱਕੇ ਵਰਗਾ ਹੋ ਗਿਆ ਹੈ। ਕੁਝ ਤਾਂ ਤਰਸ ਖਾਓ। ਆਪਣੇ ਨਿਆਣਿਆਂ ਵਰਗਾ ਹੀ ਸਮਝੋ।" ਅੱਗੋਂ ਉਹ ਲਾਲ ਮਿਰਚ ਵਰਗੀ ਤਿੱਖੀ ਜ਼ਨਾਨੀ ਉਨ੍ਹਾਂ ਨੂੰ ਭੱਜ ਕੇ ਪੈ ਜਾਂਦੀ, "ਜਾਓ ਜਾਓ ਆਪਣਾ ਕੰਮ ਕਰੋ। ਸਾਡਾ ਨੌਕਰ ਹੈ ਅਸੀਂ ਜੋ ਮਰਜ਼ੀ ਕਰੀਏ।" ਇੱਕ ਦਿਨ ਵੱਡੇ ਨੰਬਰਦਾਰ ਪ੍ਰੀਤਮ ਸਿੰਘ ਨੇ ਵਿੱਕੀ ਨੂੰ ਟੋਕਿਆ ਵੀ। ਉਸ ਨੇ ਕਿਹਾ, "ਵਿੱਕੀ, ਇਸ ਬੱਚੇ ਤੋਂ ਇੰਨਾ ਕੰਮ ਕਿਉਂ ਕਰਵਾਉਂਦੇ ਹੋ। ਨਿਆਣਾ ਬਿਲਕੁਲ ਹੀ ਕਮਜ਼ੋਰ ਹੋ ਗਿਆ ਹੈ। ਨਾਲੇ ਇਸ ਨੂੰ ਸਕੂਲ ਭੇਜਿਆ ਕਰੋ। ਐਵੇਂ ਨਾ ਕੱਲ੍ਹ ਨੂੰ ਕੋਈ ਸ਼ਿਕਾਇਤ ਕਰ ਦੇਵੇ। ਵਕਤ ਬਹੁਤ ਭੈੜਾ ਚੱਲ ਰਿਹਾ ਹੈ। ਜੇ ਚਾਰ ਸੱਜਣ ਨੇ ਤਾਂ ਦੁਸ਼ਮਣ ਵੀ ਵਿੱਚੋਂ ਹੀ ਨਿਕਲ ਆਉਂਦੇ ਹਨ।" ਪਰ ਵਿੱਕੀ ਨੂੰ ਤਾਂ ਆਪਣੇ ਪੈਸੇ ਦਾ ਨਸ਼ਾ ਸੀ। ਉਹ ਤਾਂ ਕਿਸੇ ਨੂੰ ਕੁਝ ਸਮਝਦਾ ਹੀ ਨਹੀਂ ਸੀ। ਪਿਤਾ ਨੂੰ ਔਖਾ ਹੋ ਕੇ ਬੋਲਿਆ, "ਬਾਪੂ ਜੀ, ਤੁਸੀਂ ਐਵੇਂ ਨਾ ਹਰ ਗੱਲ ਵਿੱਚ ਟੰਗ ਅੜਾਇਆ ਕਰੋ। ਮੈਂ ਜੋ ਕਰਦਾ ਹਾਂ ਸੋਚ ਸਮਝ ਕੇ ਹੀ ਕਰਦਾ ਹਾਂ। ਪਿੰਡ ਵਿੱਚ ਕਿਸ ਦੀ ਹਿੰਮਤ ਹੈ ਜੋ ਮੇਰੀ ਸ਼ਿਕਾਇਤ ਕਰੇ। ਇਨ੍ਹਾਂ ਲੋਕਾਂ ਦਾ ਕੁਝ ਨਹੀਂ ਵਿਗੜਦਾ! ਜਦੋਂ ਬਾਕੀ ਪਰਵਾਸੀ ਮਜ਼ਦੂਰ ਆ ਜਾਣਗੇ ਤਾਂ ਇਸ ਦੀ ਬਾਬਤ ਵੀ ਸੋਚਿਆ ਜਾਵੇਗਾ।" "ਓ ਯਾਰ, ਮੈਂ ਤਾਂ ਤੈਨੂੰ ਇਸ ਕਰਕੇ ਕਹਿ ਰਿਹਾ ਹਾਂ ਕਿ ਸੁਣਿਆ ਹੈ ਕਿ ਸਰਕਾਰ ਨੇ ਅੱਜਕੱਲ੍ਹ ਬੱਚਿਆਂ ਵਾਸਤੇ ਵੀ ਨਵਾਂ ਕਾਨੂੰਨ ਬਣਾ ਦਿੱਤਾ ਹੈ। ਤੁਸੀਂ ਛੋਟੇ ਬੱਚਿਆਂ ਤੋਂ ਕੰਮ ਨਹੀਂ ਲੈ ਸਕਦੇ। ਐਵੇਂ ਨਾ ਤੂੰ ਇਸ ਮੁੰਡੇ ਕਰਕੇ ਫਸ ਜਾਵੀਂ। ਕਿਸੇ ਦਾ ਕੋਈ ਭਰੋਸਾ ਨਹੀਂ, ਵਿੱਚੋਂ ਹੀ ਕੌਣ ਜਾ ਕੇ ਕੁਝ ਕਹਿ ਆਵੇ।" ਕਹਿ ਕੇ ਵੱਡਾ ਨੰਬਰਦਾਰ ਚੁੱਪ ਹੋ ਗਿਆ। "ਤੁਸੀਂ ਚੁੱਪ ਕਰਕੇ ਬੈਠੋ। ਐਵੇਂ ਨਾ ਡਰੀ ਜਾਓ। ਮੈਂ ਨਹੀਂ ਕਿਸੇ ਦੀ ਪਰਵਾਹ ਕਰਦਾ। ਜਿਸ ਨੇ ਜੋ ਕਰਨਾ ਹੈ ਕਰ ਲਵੇ।" ਵਿੱਕੀ ਨੇ ਗੁੱਸੇ ਨਾਲ ਕਿਹਾ। ਇੱਕ ਦਿਨ ਪਿੰਡ ਦੇ ਪ੍ਰਾਇਮਰੀ ਸਕੂਲ ਦੇ ਸਾਹਮਣੇ ਇੱਕ ਸਰਕਾਰੀ ਵੈਨ ਆ ਕੇ ਰੁਕੀ। ਉਸ ਵਿੱਚੋਂ ਇੱਕ ਔਰਤ ਨਿਕਲੀ ਤੇ ਸਕੂਲ ਵਿੱਚ ਚਲੀ ਗਈ। ਸਕੂਲ ਵਿੱਚ ਉਸ ਦਿਨ ਇਕੱਲੀ ਅਧਿਆਪਕਾ ਮਨਜੀਤ ਕੌਰ ਹੀ ਸੀ। ਬਾਕੀ ਦੋ ਅਧਿਆਪਕ ਛੁੱਟੀ 'ਤੇ ਸਨ। ਮਨਜੀਤ ਵਿੱਕੀ ਦੇ ਤਾਏ ਦੀ ਨੂੰਹ ਸੀ। ਉਸ ਔਰਤ ਨੇ ਮਨਜੀਤ ਤੋਂ ਪੁੱਛਿਆ, "ਭੈਣ ਜੀ, ਅਸੀਂ ਨੰਬਰਦਾਰ ਸਾਹਿਬ ਦੇ ਘਰ ਜਾਣਾ ਹੈ। ਕੀ ਤੁਸੀਂ ਸਾਨੂੰ ਉਨ੍ਹਾਂ ਦਾ ਘਰ ਦੱਸ ਸਕਦੇ ਹੋ?" ਮਨਜੀਤ ਨੇ ਉਨ੍ਹਾਂ ਨੂੰ ਘਰ ਦੀ ਬਾਬਤ ਦੱਸ ਦਿੱਤਾ ਤੇ ਇਹ ਵੀ ਕਿਹਾ ਕਿ ਨੰਬਰਦਾਰ ਸਾਹਿਬ ਸਾਡੇ ਨੇੜੇ ਦੇ ਰਿਸ਼ਤੇਦਾਰ ਹਨ। ਉਸ ਔਰਤ ਨੇ ਕਿਹਾ, "ਫੇਰ ਤਾਂ ਤੁਸੀਂ ਸਾਡੇ ਨਾਲ ਹੀ ਚੱਲੋ। ਸਾਨੂੰ ਘਰ ਲੱਭਣ ਦੀ ਖੇਚਲ ਨਹੀਂ ਕਰਨੀ ਪਵੇਗੀ।" ਕਹਿ ਕੇ ਉਨ੍ਹਾਂ ਨੇ ਮਨਜੀਤ ਨੂੰ ਆਪਣੇ ਨਾਲ ਹੀ ਵੈਨ ਵਿੱਚ ਬਿਠਾ ਲਿਆ।

ਵਿੱਕੀ ਦੇ ਘਰ ਅੱਗੇ ਜਾ ਕੇ ਜਿਉਂ ਹੀ ਵੈਨ ਰੁਕੀ ਕਿ ਕਕੂਆ ਉਨ੍ਹਾਂ ਨੂੰ ਸਾਹਮਣੇ ਡੰਗਰਾਂ ਨੂੰ ਪੱਠੇ ਪਾਉਂਦਾ ਹੋਇਆ ਦਿਸ ਗਿਆ। ਉਨ੍ਹਾਂ ਨੇ ਝਟਪਟ ਬੱਚੇ ਨੂੰ ਬਾਹੋਂ ਫੜ ਕੇ ਗੱਡੀ ਵਿੱਚ ਬਿਠਾ ਲਿਆ। ਰੌਲਾ-ਰੱਪਾ ਸੁਣ ਕੇ ਵਿੱਕੀ ਵੀ ਅੰਦਰੋਂ ਬਾਹਰ ਨਿਕਲ ਆਇਆ। ਉਨ੍ਹਾਂ ਨੇ ਉਸ ਨੂੰ ਵੀ ਆਪਣੇ ਨਾਲ ਚੱਲਣ ਲਈ ਕਿਹਾ। ਜਦ ਉਹ ਆਕੜਿਆ ਤਾਂ ਉਨ੍ਹਾਂ ਨੇ ਉਸ ਨੂੰ ਸਰਕਾਰੀ ਆਰਡਰ ਦਿਖਾ ਦਿੱਤੇ। ਮਨਜੀਤ ਹੱਕੀ-ਬੱਕੀ ਖੜ੍ਹੀ ਇਹ ਸਭ ਦੇਖਦੀ ਰਹਿ ਗਈ। ਗੱਡੀ ਉਨ੍ਹਾਂ ਦੋਵਾਂ ਨੂੰ ਲੈ ਕੇ ਤੁਰ ਗਈ।

ਫਿਰ ਜਿਵੇਂ ਹੋਣਾ ਸੀ ਹੁੰਦਾ ਰਿਹਾ। ਵਿੱਕੀ 'ਤੇ ਬਾਲ ਮਜ਼ਦੂਰੀ ਦਾ ਕੇਸ ਚਲ ਪਿਆ। ਪਰ ਇਸ ਸਭ ਦਾ ਨਤੀਜਾ ਇਹ ਨਿਕਲਿਆ ਕਿ ਵਿੱਕੀ ਤਾਂ ਪੈਸੇ ਦੇ ਦੁਆ ਕੇ ਸਾਫ਼ ਬਚ ਗਿਆ, ਪਰ ਉਸ ਦੀ ਤਾਏ ਦੇ ਪਰਿਵਾਰ ਨਾਲ ਪੂਰੀ ਦੁਸ਼ਮਣੀ ਪੈ ਗਈ ਕਿ ਉਸ ਦੀ ਨੂੰਹ ਨੇ ਹੀ ਸਾਰਾ ਕੁਝ ਕਰਵਾਇਆ ਹੈ। ਮਨਜੀਤ ਵਿਚਾਰੀ ਰੋ ਰੋ ਕੇ ਕਹਿੰਦੀ ਰਹੀ ਕਿ ਉਸ ਦਾ ਕੋਈ ਕਸੂਰ ਨਹੀਂ। ਉਸ ਨੂੰ ਤਾਂ ਪਤਾ ਵੀ ਨਹੀਂ ਸੀ ਕਿ ਉਹ ਲੋਕ ਕੌਣ ਸਨ ਤੇ ਉਹ ਕਿਉਂ ਆਏ ਸਨ। ਇਸ ਤੋਂ ਬਾਅਦ ਉਨ੍ਹਾਂ ਦੇ ਸਾਰੇ ਪਰਿਵਾਰਾਂ ਵਿੱਚ ਦੁਸ਼ਮਣੀ ਪੈ ਗਈ। ਕਈ ਵਿੱਕੀ ਵੱਲ ਹੋ ਗਏ ਤੇ ਕਈ ਤਾਏ ਵੱਲ। ਸਾਰੇ ਪਿੰਡ ਵਿੱਚ ਵੀ ਪੂਰੀ ਧੜੇਬੰਦੀ ਹੋ ਗਈ। ਹੁਣ ਉਹ ਆਪਣੇ ਹੀ ਸਕੇ ਭੈਣ-ਭਰਾ ਇੱਕ ਦੂਜੇ ਦੇ ਵੈਰੀ ਬਣ ਗਏ ਤੇ ਇੱਕ ਦੂਜੇ ਨੂੰ ਸਬਕ ਸਿਖਾਉਣ ਦੀਆਂ ਸਕੀਮਾਂ ਸੋਚਣ ਲੱਗ ਪਏ। ਇੱਕ ਦਿਨ ਤਾਂ ਰਾਤ ਨੂੰ ਵਿੱਕੀ ਨੇ ਆਪਣੇ ਪੰਜ-ਛੇ ਡੰਗਰ ਤਾਏ ਦੇ ਖੇਤ ਵਿੱਚ ਛੱਡ ਕੇ ਉਸ ਦੀ ਪੂਰੀ ਫ਼ਸਲ ਉਜਾੜ ਦਿੱਤੀ ਤੇ ਇਸੇ ਤਰ੍ਹਾਂ ਦੂਜੀ ਪਾਰਟੀ ਨੇ ਵਿੱਕੀ ਦੇ ਖੇਤ ਵਿੱਚ ਪੈਣ ਵਾਲੇ ਪਾਣੀ ਨੂੰ ਟੋਭੇ ਦਾ ਰਾਹ ਦਿਖਾ ਦਿੱਤਾ। ਕੁਝ ਦਿਨਾਂ ਬਾਅਦ ਲੋਕਾਂ ਨੇ ਦੇਖਿਆ ਕਿ ਉਹ ਪਰਵਾਸੀ ਮਜ਼ਦੂਰ ਵੀ ਆ ਗਿਆ ਸੀ ਤੇ ਕਕੂਆ ਵੀ। ਦੋਵੇਂ ਨੰਬਰਦਾਰ ਦੇ ਖੇਤਾਂ ਵਿੱਚ ਪਹਿਲਾਂ ਵਾਂਗੂੰ ਕੰਮ ਕਰ ਰਹੇ ਸਨ। ਹਾਂ, ਕਕੂਆ ਹੁਣ ਕਦੇ ਕਦੇ ਸਕੂਲ ਵੀ ਚਲਾ ਜਾਂਦਾ ਸੀ, ਪਰ ਉਸ ਦੇ ਪਹਿਲਾਂ ਵਾਲੇ ਕੰਮ ਉਵੇਂ ਹੀ ਉਸ ਨੂੰ ਕਰਨੇ ਪੈਂਦੇ ਸਨ ਤੇ ਵਿੱਕੀ ਹੋਰ ਵੀ ਆਕੜ ਵਿੱਚ ਆ ਗਿਆ ਸੀ ਕਿ ਉਸ ਦਾ ਕਿਸੇ ਨੇ ਕੀ ਵਿਗਾੜ ਲਿਆ ਸੀ। ਪਰ ਇਸ ਘਟਨਾ ਕਰਕੇ ਪਿੰਡ ਦੀ ਫਿਜ਼ਾ ਵਿੱਚ ਪੂਰੀ ਤਰ੍ਹਾਂ ਜ਼ਹਿਰ ਫੈਲ ਚੁੱਕਿਆ ਸੀ। ਜਿੱਥੇ ਅੱਗੇ ਪਿੰਡ ਦੀਆਂ ਗਲੀਆਂ ਵਿੱਚੋਂ ਹੱਸਣ-ਖੇਡਣ ਤੇ ਗਾਉਣ ਵਜਾਉਣ ਦੀਆਂ ਆਵਾਜ਼ਾਂ ਆਉਂਦੀਆਂ ਸਨ, ਹੁਣ ਉੱਥੇ ਲਲਕਾਰੇ ਸੁਣਦੇ ਸਨ, "ਓ ਤੁਸੀਂ ਆਓ ਬਾਹਰ ਨਿਕਲੋ, ਤੁਹਾਨੂੰ ਮਜ਼ਾ ਚਖਾਈਏ ਤੇ ਦੱਸੀਏ ਕਿਵੇਂ ਜਾ ਕੇ ਸ਼ਿਕਾਇਤਾਂ ਕਰੀਦੀਆਂ ਨੇ।" ੩ਤੇ ਬਾਲ ਮਜ਼ਦੂਰੀ ਵਿਰੋਧੀ ਕਾਨੂੰਨ ਤਾਂ ਵਿਚਾਰਾ ਟੋਭੇ ਦੀ ਪਾਲ 'ਤੇ ਖੜ੍ਹਾ ਅੱਥਰੂ ਵਗਾਈ ਜਾ ਰਿਹਾ ਸੀ।

# ਮੌਤ 'ਤੇ ਚੱਲੇਗੀ ਮਨੁੱਖ ਦੀ ਮਰਜ਼ੀ?

ਦਿਮਾਗ ਦੀ ਨਾੜੀ ਫਟਣ ਪਿੱਛੋਂ ਅਮਰੀਕਾ ਦੇ ਆਧੁਨਿਕ ਹਸਪਤਾਲ ਵਿੱਚ ਮੇਰਾ ਇੱਕ ਰਿਸ਼ਤੇਦਾਰ ਦਾਖ਼ਲ ਸੀ। ਮਿਜ਼ਾਜ-ਪੁਰਸ਼ੀ ਲਈ ਮੇਰੇ ਸਮੇਤ ਕੁਝ ਜਣੇ ਉਸ ਦੇ ਕਮਰੇ ਦੇ ਨਾਲ ਵਾਲੇ ਵੇਟਿੰਗ ਰੂਮ ਵਿੱਚ ਬੈਠੇ ਸਨ। ਇਨ੍ਹਾਂ ਵਿੱਚ ਹੋਰਾਂ ਤੋਂ ਇਲਾਵਾ ਇੱਕ ਧਾਰਮਿਕ ਸੱਜਣ, ਇੱਕ ਜੀਨ ਵਿਗਿਆਨੀ, ਇੱਕ ਦਿਮਾਗ ਦੀ ਚੀਰਫਾੜ ਕਰਨ ਵਾਲਾ ਡਾਕਟਰ ਅਤੇ ਇੱਕ ਪੰਜਾਬ ਤੋਂ ਸੇਵਾਮੁਕਤ ਹੋ ਕੇ ਅਮਰੀਕਾ ਜਾ ਵਸਿਆ ਸਕੂਲ ਹੈੱਡਮਾਸਟਰ ਵੀ ਸ਼ਾਮਲ ਸਨ। ਹੈੱਡਮਾਸਟਰ ਨੂੰ ਹਰੇਕ ਮਹਿਫ਼ਿਲ ਵਿੱਚ ਸਮਾਰਟ ਫੋਨ ਦੇ ਸਿਰ 'ਤੇ ਗਿਆਨ ਝਾੜਨ ਦੀ ਆਦਤ ਸੀ। ਮਹਿਫ਼ਿਲ ਦੇ ਸੁਭਾਅ ਤੇ ਵਿਸ਼ੇ ਮੁਜਬ ਉਹ ਗੂਗਲ ਕਰਕੇ ਪੜ੍ਹੀ ਜਾਂਦਾ। ਇੱਥੋਂ ਤਕ ਚੁਟਕਲੇ ਤੇ ਸ਼ਿਅਰ ਵੀ ਉਹ ਫੋਨ ਦੀ ਮੱਦਦ ਨਾਲ ਹੀ ਸੁਣਾਉਂਦਾ।



ਜਿਵੇਂ ਮਿਜ਼ਾਜ-ਪੁਰਸ਼ੀ ਦੇ ਮਾਹੌਲ ਵਿੱਚ ਹੁੰਦਾ ਹੈ, ਮਰੀਜ਼ ਦੇ ਹਵਾਲੇ ਨਾਲ ਮਨੁੱਖੀ ਜੀਵਨ, ਬਿਮਾਰੀ ਤੇ ਮੌਤ ਸਾਡੀ ਗੱਲਬਾਤ ਦੇ ਮੁੱਦੇ ਬਣੇ ਹੋਏ ਸਨ। ਮਰੀਜ਼ ਦੀ ਹਾਲਤ ਸੁਧਰ ਰਹੀ ਸੀ। ਸੁਰਤੀ ਪਰਤ ਰਹੀ ਸੀ। ਬੋਲਣ ਲੱਗ ਪਿਆ ਸੀ, ਪਰ ਜੋ ਬੋਲਦਾ ਸੀ ਉਸ ਵਿੱਚੋਂ ਵਕਤ ਦੀ ਸੋਝੀ ਗਾਇਬ ਸੀ। ਕਈ ਦਹਾਕੇ ਪਹਿਲਾਂ ਵਾਪਰੀਆਂ ਘਟਨਾਵਾਂ ਬਾਰੇ ਉਹ ਇੰਜ ਗੱਲ ਕਰ ਰਿਹਾ ਸੀ ਜਿਵੇਂ ਵਰਤਮਾਨ ਵਿੱਚ ਵਾਪਰ ਰਹੀਆਂ ਹੋਣ।



ਉਸ ਦੇ ਦਿਮਾਗ਼ ਵਿਚਲਾ ਕੈਲੰਡਰ ਤੇ ਘੜੀ ਜਿਵੇਂ ਕਈ ਦਹਾਕੇ ਪਿੱਛੇ ਨੂੰ ਘੁੰਮ ਗਏ ਹੋਣ।

ਸਰਜਨ ਦਾ ਕਹਿਣਾ ਸੀ ਕਿ ਦਿਮਾਗ਼ ਦੀ ਨਾੜੀ ਫਟਣ ਜਾਂ ਬੰਦ ਹੋਣ ਕਾਰਨ ਲਕਵਾ ਮਾਰਨ ਦੇ ਨਾਲ ਨਾਲ ਮਰੀਜ਼ ਦੇ ਚੇਤੇ ਨਾਲ ਅਜਿਹਾ ਕੁਝ ਵਾਪਰਨਾ ਸਾਧਾਰਨ ਗੱਲ ਹੈ। ਕਈ ਵਾਰ ਜਿਵੇਂ ਮਰੀਜ਼ ਦੀ ਬੀਤੇ ਦੀ ਸਲੇਟ ਹੀ ਸਾਫ਼ ਹੋ ਜਾਂਦੀ ਹੈ, ਸਿਰਫ਼ ਵਰਤਮਾਨ ਹੀ ਪਕੜ ਵਿੱਚ ਰਹਿੰਦਾ ਹੈ। ਇਸ ਦੇ ਉਲਟ ਕਈ ਵਾਰ ਵਰਤਮਾਨ ਵੀ ਨਾਲ ਦੀ ਨਾਲ ਭੁੱਲੀ ਜਾਂਦਾ ਹੈ ਤੇ ਦਹਾਕਿਆਂ ਪਹਿਲਾਂ ਵਾਪਰਿਆ ਉੱਘੜੀ ਜਾਂਦਾ ਹੈ। ਉਸ ਦਾ ਕਹਿਣਾ ਸੀ ਕਿ ਨੇੜ ਭਵਿੱਖ ਵਿੱਚ ਡਾਕਟਰੀ ਵਿਗਿਆਨ ਇਨ੍ਹਾਂ ਦਿਮਾਗ਼ੀ ਅਲਾਮਤਾਂ 'ਤੇ ਪੂਰਨ ਰੂਪ ਵਿੱਚ ਕਾਬੂ ਪਾ ਲਵੇਗਾ। ਕੰਪਿਊਟਰ ਵਾਂਗ ਮਨੁੱਖੀ ਦਿਮਾਗ਼ ਦੀ ਵੀ ਮੁਕੰਮਲ ਮੁਰੰਮਤ ਸੰਭਵ ਹੋ ਜਾਵੇਗੀ।

ਗੱਲ ਤੁਰਦੀ ਤੁਰਦੀ ਕੁਝ ਵਿਗਿਆਨੀਆਂ ਵੱਲੋਂ ਮੌਤ 'ਤੇ ਜਲਦੀ ਕਾਬੂ ਪਾ ਲੈਣ ਦੇ ਦਾਅਵਿਆਂ ਵੱਲ ਘੁੰਮ ਗਈ। ਸਪੇਨ 'ਚ ਜਨਮੇ ਤੇ ਅਮਰੀਕਾ ਦੀ ਸਿਲੀਕੌਨ ਵੈਲੀ ਦੀ ਸਿੰਗੁਲੈਰਿਟੀ ਯੂਨੀਵਰਸਿਟੀ ਦੇ ਵਿਗਿਆਨੀ ਹੋਜ਼ੇ ਲੁਈਸ ਕਾਰਦੇਰੋ ਅਤੇ ਕੈਂਬਰਿਜ ਯੂਨੀਵਰਸਿਟੀ ਦੇ ਹਿਸਾਬਦਾਨ ਡੇਵਿਡ ਵੁੱਡ ਵੱਲੋਂ ਸਾਂਝੇ ਤੌਰ 'ਤੇ ਲਿਖੀ 'ਮੌਤ ਦੀ ਮੌਤ' ਦੇ ਨਾਂਅ ਵਾਲੀ ਚਰਚਿਤ ਕਿਤਾਬ ਦਾ ਜ਼ਿਕਰ ਚੱਲ ਪਿਆ। ਇਸ ਕਿਤਾਬ ਵਿੱਚ ਦੋਵਾਂ ਵਿਗਿਆਨੀਆਂ ਨੇ ਦਾਅਵਾ ਕੀਤਾ ਹੈ ਕਿ '2045 ਤਕ ਮੌਤ 'ਤੇ ਮਨੁੱਖ ਦੀ ਮਰਜ਼ੀ ਚੱਲਣ ਲੱਗੇਗੀ। ਤੇ ਆਉਂਦੇ 27 ਵਰ੍ਹਿਆਂ ਵਿੱਚ ਮਨੁੱਖ ਦੀ ਉਮਰ ਦਾ ਚੱਕਾ ਪੁੱਠਾ ਘੁੰਮਾਉਣਾ ਸੰਭਵ ਹੋ ਜਾਵੇਗਾ ੩ਮਨੁੱਖ ਦਾ ਅਮਰ ਹੋਣਾ ਹੁਣ ਮਹਿਜ਼ ਸੁਪਨਾ ਨਹੀਂ ਰਿਹਾ ਸਗੋਂ ਅਜਿਹੀ ਵਿਗਿਆਨਕ ਸੰਭਾਵਨਾ ਬਣ ਚੁੱਕਾ ਹੈ ਜਿਹੜੀ ਇਸ ਖੇਤਰ ਦੇ ਮਾਹਿਰਾਂ ਵੱਲੋਂ ਇਸ ਮੰਤਵ ਲਈ ਸੋਚੀ ਗਈ ਸਮਾਂ ਸੀਮਾ ਤੋਂ ਵੀ ਪਹਿਲਾਂ ਸਾਕਾਰ ਹੋ ਸਕਦੀ ਹੈ'। ਇਨ੍ਹਾਂ ਵਿਗਿਆਨੀਆਂ ਦਾ ਕਹਿਣਾ ਸੀ ਕਿ ਉਹ ਗ਼ੈਰ-ਕਾਨੂੰਨੀ ਤੌਰ 'ਤੇ ਪਿਛਲੇ ਦੋ ਸਾਲ ਤੋਂ ਸਪੇਨ ਵਿੱਚ ਇਸ ਪ੍ਰੋਜੈਕਟ 'ਤੇ ਕੰਮ ਕਰ ਰਹੇ ਹਨ। ਸਪੇਨ ਵਿੱਚ ਇਸ ਲਈ ਕਿਉਂਕਿ ਹੋਰ ਮੁਲਕਾਂ ਦੇ ਮੁਕਾਬਲੇ ਇੱਥੇ ਜੀਨਜ਼ ਨਾਲ ਸਬੰਧਿਤ ਖੋਜ ਕਰਨ 'ਤੇ ਕਾਨੂੰਨੀ ਬੰਦਿਸ਼ਾਂ ਘੱਟ ਹਨ। ਇਸ ਲਈ ਵੀ ਕਿਉਂਕਿ ਇੱਥੋਂ ਦੀ ਅਲਿਜ਼ਾਬੈੱਥ ਪਰਿਸ਼ ਨਾਂ ਦੀ ਮਹਿਲਾ ਨੇ ਸਵੈ-ਇੱਛਾ ਨਾਲ ਇਨ੍ਹਾਂ ਤਜ਼ਰਬਿਆਂ ਲਈ ਖ਼ੁਦ ਨੂੰ ਪੇਸ਼ ਕੀਤਾ ਹੋਇਆ ਹੈ। ਵੁੱਡ ਨੇ ਮੰਨਿਆ ਸੀ ਕਿ 'ਮਨੁੱਖ ਨੂੰ ਅਮਰ ਬਣਾਉਣ ਲਈ ਕੀਤੀ ਜਾ ਰਹੀ ਖੋਜ ਨਿਰਸੰਦੇਹ ਗ਼ੈਰ-ਕਾਨੂੰਨੀ ਹੀ ਨਹੀਂ, ਅਤਿ ਦੀ ਖ਼ਤਰਨਾਕ ਵੀ ਹੈ। ਪਰ ਮੌਤ ਉੱਤੇ ਮਨੁੱਖ ਦੀ ਜਿੱਤ ਦਰਜ ਕਰਵਾਉਣ ਲਈ ਅਜਿਹਾ ਖ਼ਤਰਾ ਲਾਜ਼ਮੀ ਮੁੱਲ ਲੈਣਾ ਪੈਣਾ ਸੀ। ਹਾਲੇ ਤਕ ਇਹ ਤਜ਼ਰਬਾਤੀ ਇਲਾਜ ਠੀਕ ਚੱਲ ਰਿਹਾ ਹੈ। ਇਸ ਦਾ ਕੋਈ ਉਲਟਾ ਅਸਰ ਸਾਹਮਣੇ ਨਹੀਂ ਆਇਆ।

ਮਿਜ਼ਾਜ-ਪੁਰਸ਼ੀ ਕਰਨ ਆਈ ਸਾਡੀ ਮੰਡਲੀ ਵਿੱਚ ਸ਼ਾਮਲ ਜੀਨ ਵਿਗਿਆਨੀ ਨੇ ਪੁਸਤਕ ਵਿੱਚ ਮੌਤ ਉੱਤੇ ਮਨੁੱਖ ਵੱਲੋਂ ਕਾਬੂ ਪਾਉਣ ਲਈ 27 ਸਾਲ ਦੀ ਸਮਾਂ ਸੀਮਾ ਤੈਅ ਕਰਨ ਬਾਰੇ ਤਾਂ ਨੱਕ-ਬੁੱਲ੍ਹ ਵੱਟੇ, ਪਰ ਇਸ ਦੀ ਸੰਭਾਵਨਾ ਨਾਲ ਸਹਿਮਤੀ ਪ੍ਰਗਟਾਉਂਦਿਆਂ ਕਿਹਾ, "ਜਿੱਥੋਂ ਤਕ ਇਸ ਖੋਜ ਬਾਰੇ ਮੇਰੀ ਜਾਣਕਾਰੀ ਹੈ ਉਸ ਅਨੁਸਾਰ ਕਰੋਮੋਸੋਮਜ਼ ਵਿੱਚ ਪਾਈਆਂ ਜਾਂਦੀਆਂ ਡੀਐੱਨਏ ਦੀ ਪੂਛਾਂ- ਜਿਨ੍ਹਾਂ ਨੂੰ ਟੈਲੋਮੀਅਰ ਕਿਹਾ ਜਾਂਦਾ ਹੈ, ਦੀ ਲੰਬਾਈ ਘਟਣ ਕਾਰਨ ਬੁਢਾਪਾ ਆਉਂਦਾ ਹੈ। ਇਨ੍ਹਾਂ ਦੀ ਲੰਬਾਈ ਨੂੰ ਮੁੜ ਵਧਾ ਕੇ ਮਨੁੱਖੀ ਸਰੀਰ ਨੂੰ ਜਵਾਨ ਰੱਖਿਆ ਜਾ ਸਕਦਾ ਹੈ। ਸਮਾਂ ਬੀਤਣ ਨਾਲ ਟੈਲੋਮੀਅਰ ਨੁਕਸਾਨੇ ਜਾਂਦੇ ਹਨ ਤੇ ਉਨ੍ਹਾਂ ਦੀ ਲੰਬਾਈ ਘਟ ਜਾਂਦੀ ਹੈ। ਤੰਬਾਕੂਨੋਸ਼ੀ, ਸ਼ਰਾਬਨੋਸ਼ੀ ਤੇ ਗੰਦੀ ਹਵਾ ਆਦਿ ਟੈਲੋਮੀਅਰ ਦੀ ਲੰਬਾਈ ਘਟਣ ਦੇ ਕਾਰਨ ਬਣਦੇ ਹਨ। ਜਿਉਂ ਜਿਉਂ ਇਹ ਲੰਬਾਈ ਘਟਦੀ ਜਾਂਦੀ ਹੈ ਤਿਉਂ ਤਿਉਂ ਮਨੁੱਖੀ ਸਰੀਰ ਬੁੱਢਾ ਹੋਈ ਜਾਂਦਾ ਹੈ'।

ਇਸੇ ਦੌਰਾਨ ਹੈੱਡਮਾਸਟਰ ਨੇ ਗੂਗਲ ਦੀ ਮੱਦਦ ਨਾਲ ਸਪੇਨ ਦੇ ਰਸਾਲੇ 'ਥਿੰਕ ਸਪੇਨ' ਵਿੱਚ ਛਪਿਆ ਇਸ ਪੁਸਤਕ ਦਾ ਇੱਕ ਰੀਵਿਊ ਲੱਭ ਲਿਆ ਜਿਸ ਮੁਤਾਬਿਕ ਕਾਰਦੇਰੋ ਤੇ ਡੇਵਿਡ ਨੇ ਦਾਅਵਾ ਕੀਤਾ ਸੀ ਕਿ 2045 ਤਕ ਮਨੁੱਖਾਂ ਦੀਆਂ ਮੌਤਾਂ ਉਮਰ ਵਧਣ ਜਾਂ ਬਿਮਾਰੀ ਕਾਰਨ ਨਹੀਂ ਸਗੋਂ ਹਾਦਸਿਆਂ ਕਾਰਨ ਹੀ ਹੋਇਆ ਕਰਨਗੀਆਂ। ਮਨੁੱਖ ਦੀ ਉਮਰ ਵਧਾਉਣ ਲਈ ਕੀਤੇ ਜਾਣ ਵਾਲੇ ਇਸ ਇਲਾਜ ਨਾਲ ਸਟੈੱਮ ਸੈੱਲਾਂ ਤੇ ਅਹਿਮ ਅੰਗਾਂ ਦੀ ਥ੍ਰੀ-ਡੀ ਪ੍ਰਿੰਟਿੰਗ ਰਾਹੀਂ 'ਭੈੜੇ ਜੀਨਜ਼' ਨੂੰ 'ਸਿਹਤਮੰਦ ਜੀਨਜ਼' ਵਿੱਚ ਬਦਲ ਦਿੱਤਾ ਜਾਵੇਗਾ, ਮਰ ਚੁੱਕੇ ਜੀਨਜ਼ ਨੂੰ ਸਰੀਰ ਵਿੱਚੋਂ ਬਾਹਰ ਕੱਢ ਦਿੱਤਾ ਜਾਵੇਗਾ ਤੇ ਟੁੱਟੇ-ਫੁੱਟੇ ਸੈੱਲਾਂ ਦੀ ਮੁਰੰਮਤ ਕਰ ਦਿੱਤੀ ਜਾਵੇਗੀ।

ਰੀਵਿਊ ਅਨੁਸਾਰ ਲੇਖਕਾਂ ਨੇ ਇਹ ਵੀ ਕਿਹਾ ਕਿ ਜੀਨਜ਼ ਵਿੱਚ ਲੋੜੀਂਦੀਆਂ ਤਬਦੀਲੀਆਂ ਕਰਨ ਦੀ ਤਕਨੀਕ ਤੋਂ ਇਲਾਵਾ ਇਸ ਤਜ਼ਰਬੇ ਨੂੰ ਸਫਲ ਬਣਾਉਣ ਵਿੱਚ ਨੈਨੋਟੈਕਨੋਲੋਜੀ ਦੀ ਮੁੱਖ ਭੂਮਿਕਾ ਹੈ। ਰਸਾਲੇ ਮੁਤਾਬਿਕ ਕਾਰਦੇਰੋ ਤੇ ਵੁੱਡ ਦਾ ਇਹ ਵੀ ਕਹਿਣਾ ਸੀ ਕਿ ਹੁਣ ਉਮਰ ਨੂੰ ਰੋਗ ਮੰਨ ਕੇ ਇਸ ਦਾ ਇਲਾਜ ਸੰਭਵ ਹੋ ਗਿਆ ਹੈ, ਇਸ ਲਈ ਅਗਲੇ ਦਸ ਸਾਲਾਂ ਵਿੱਚ ਕੈਂਸਰ ਜਿਹੀਆਂ ਬਿਮਾਰੀਆਂ ਦਾ ਪੂਰਨ ਇਲਾਜ ਆਮ ਹੋ ਜਾਵੇਗਾ। ਇਸੇ ਸੰਭਾਵਨਾ ਦੇ ਮੱਦੇਨਜ਼ਰ ਗੂਗਲ ਜਿਹੀਆਂ ਧਨਾਢ ਕੰਪਨੀਆਂ ਦਵਾਈਆਂ ਦੇ ਖੇਤਰ ਵਿੱਚ ਉਤਰ ਰਹੀਆਂ ਹਨ। ਮਾਈਕ੍ਰੋਸਾਫਟ ਨੇ ਤਾਂ ਪਹਿਲਾਂ ਹੀ ਇੱਕ ਅਜਿਹਾ ਖੋਜ ਕੇਂਦਰ ਸਥਾਪਤ ਕੀਤਾ ਹੋਇਆ ਹੈ ਜਿਸ ਦਾ ਨਿਸ਼ਾਨਾ ਇੱਕ ਦਹਾਕੇ ਦੇ ਵਿੱਚ ਵਿੱਚ ਕੈਂਸਰ ਦਾ ਮੁਕੰਮਲ ਇਲਾਜ ਲੱਭਣਾ ਹੈ। ਹੈੱਡਮਾਸਟਰ ਦੀ ਵਿਆਖਿਆ ਅੱਗੇ ਤੁਰਦੀ ਜਾਣ ਕਾਰਨ ਮੇਰੇ ਮੂੰਹੋਂ ਨਿਕਲ ਗਿਆ, "ਛੱਡ ਹੈੱਡਮਾਸਟਰਾ, ਗੂਗਲ ਵਿੱਚ ਕੱਚਾ-ਪਿੱਲਾ ਵੀ ਬਹੁਤ ਭਰਿਆ ਹੁੰਦਾ ਹੈ।" ਨਾਲ ਹੀ ਮੈਂ ਸੋਚਿਆ ਕਿ ਜਿਸ ਰਫ਼ਤਾਰ 'ਤੇ ਪਿਛਲੀਆਂ ਦੋ ਸਦੀਆਂ ਵਿੱਚ ਵਿਗਿਆਨ ਨੇ ਹਰ ਖੇਤਰ ਵਿੱਚ ਤਰੱਕੀ ਕੀਤੀ ਹੈ ਉਸ ਦੇ ਮੱਦੇਨਜ਼ਰ ਕਾਰਦੇਰੋ ਤੇ ਵੁੱਡ ਨਾਲ ਅਸਹਿਮਤ ਹੋਣਾ ਔਖਾ ਹੈ। ਪਰ ਮੌਤ ਉੱਤੇ ਬੰਦੇ ਦੀ ਜਿੱਤ ਜਿਹੀ ਪ੍ਰਕਿਰਤੀ ਦੇ ਮੁੱਢਲੇ ਨਿਯਮ ਨੂੰ ਉਲਟਾਉਣ ਵਾਲੀ ਖੋਜ ਤੇ ਉਸ ਦੇ ਏਨੀ ਜਲਦੀ ਸਿਰੇ ਚੜ੍ਹਨ ਦੀ ਸੰਭਾਵਨਾ ਹਜ਼ਮ ਨਹੀਂ ਸੀ ਹੋ ਰਹੀ। ਨਾਲ ਹੀ ਮਨ ਇਹ ਸਮਝੌਤੀ ਵੀ ਦੇ ਰਿਹਾ ਸੀ ਕਿ ਜਿਹੜੀਆਂ ਗੱਲਾਂ ਪਿਛਲੀ ਸਦੀ ਵਿੱਚ ਗਪੌੜ ਲੱਗਦੀਆਂ ਸਨ ਉਹੀ ਹੁਣ ਸਾਡੀ ਰੋਜ਼ਾਨਾ ਜ਼ਿੰਦਗੀ ਦਾ ਅਮਲੀ ਰੂਪ ਵਿੱਚ ਹਿੱਸਾ ਬਣ ਚੁੱਕੀਆਂ ਹਨ। ਫਿਰ ਵੀ ਮੇਰੇ ਅੰਦਰਲੇ ਪੱਤਰਕਾਰ ਦੀ ਸਨਕ ਸਿਰ ਚੁੱਕ ਬੈਠੀ, 'ਜੇਕਰ ਅਜਿਹਾ ਹੋ ਵੀ ਜਾਂਦਾ ਹੈ ਤਾਂ ਇਸ ਨਾਲ ਬੰਦੇ ਦੀ ਉਮਰ ਭਾਵੇਂ ਲੰਮੀ ਹੋ ਜਾਵੇਗੀ ਪਰ ਅਨੇਕਾਂ ਸਮਾਜਿਕ, ਮਾਨਸਿਕ ਤੇ ਧਾਰਮਿਕ ਸਮੱਸਿਆਵਾਂ ਪੈਦਾ ਹੋ ਜਾਣਗੀਆਂ। ਸਮਾਜਿਕ ਉੱਥਲ-ਪੁਥਲ ਵੀ ਹੋ ਸਕਦੀ ਹੈ। ਮੌਤ ਦੀ ਅਟੱਲਤਾ ਤੇ ਇਸ ਰਾਹੀਂ ਨਿਸ਼ਚਿਤ ਹੁੰਦੀ ਜੀਵਨ ਦੀ 'ਡੈੱਡਲਾਈਨ' ਮਨੁੱਖੀ ਜੀਵਨ ਦੇ ਸਭ ਤੋਂ ਵੱਡੇ ਪ੍ਰੇਰਕ ਹਨ। ਜੇ ਮੌਤ ਹੀ ਅਟੱਲ ਨਾ ਰਹੀ ਤੇ ਜੀਵਨ ਦੀ ਡੈੱਡਲਾਈਨ ਹੀ ਮਿਟ ਗਈ ਤਾਂ ਕੀ ਮਨੁੱਖੀ ਜੀਵਨ ਮਕਸਦ ਰਹਿਤ ਨਹੀਂ ਹੋ ਜਾਵੇਗਾ? ਅਜਿਹਾ ਹੋਣ ਪਿੱਛੋਂ ਮਨੁੱਖ ਲਈ ਧਰਮ, ਯੁੱਧ, ਮੁਕਤੀ, ਨਰਕ-ਸਵਰਗ ਆਦਿ ਦੇ ਕਿਹੜੇ ਅਰਥ ਹੋਣਗੇ? ਸਾਰੀਆਂ ਧਾਰਮਿਕ ਪੋਥੀਆਂ ਮੌਤ ਤੇ ਮਨੁੱਖੀ ਜ਼ਿੰਦਗੀ ਦੇ ਭੈਅਯੁਕਤ ਰਿਸ਼ਤੇ ਬਾਰੇ ਇਕਮੱਤ ਹਨ: ਮੌਤ ਮਹਾਵਤ ਦੇ ਹੱਥ ਫੜਿਆ ਕੁੰਡਾ ਹੈ ਤੇ ਮਨੁੱਖ ਹਾਥੀ। ਜੇ ਇਹ ਕੁੰਡਾ ਹੀ ਹਟ ਗਿਆ ਤਾਂ ਮਨੁੱਖ ਬੇਕਾਬੂ ਹਾਥੀ ਨਹੀਂ ਹੋ ਜਾਵੇਗਾ? ਸਮਾਜ ਤੇ ਕਾਨੂੰਨ ਵੀ ਮਨੁੱਖ ਨੂੰ ਲੀਹ 'ਤੇ ਰੱਖਣ ਲਈ ਪ੍ਰਤੱਖ ਜਾਂ ਅਪ੍ਰਤੱਖ ਤੌਰ 'ਤੇ ਮੌਤ ਦੇ ਭੈਅ ਦਾ ਛਾਂਟਾ ਹੀ ਵਰਤਦੇ ਹਨ। ਉਂਜ ਵੀ ਪ੍ਰਕਿਰਤੀ ਦਵੰਦਾਤਮਿਕ ਹੈ, ਜੋਟਿਆਂ ਵਿੱਚ ਹੈ, ਨੈਗੇਟਿਵ ਤੇ ਪਾਜ਼ੇਟਿਵ ਵਿੱਚ ਹੈ। ਸੋ ਜੇ ਜਨਮ-ਮੌਤ ਦੇ ਜੁੱਟ ਵਿੱਚੋਂ ਮੌਤ ਹਟ ਗਈ ਤਾਂ ਪ੍ਰਕਿਰਤੀ ਦਾ ਇੱਕ ਮੁੱਢਲਾ ਨਿਯਮ ਨਹੀਂ ਟੁੱਟ ਜਾਵੇਗਾ?'

ਮੈਨੂੰ ਟੋਕਦਿਆਂ ਮਿਜ਼ਾਜ-ਪੁਰਸ਼ੀ ਕਰਨ ਆਈ ਸਾਡੀ ਟੋਲੀ ਵਿੱਚੋਂ ਦਿਮਾਗ਼ ਦਾ ਡਾਕਟਰ ਬੋਲਿਆ, "ਕੁਝ ਸਦੀਆਂ ਪਹਿਲਾਂ ਮਨੁੱਖ ਦੀ ਔਸਤ ਉਮਰ ਸਿਰਫ਼ ਵੀਹ ਵਰ੍ਹੇ ਹੋਇਆ ਕਰਦੀ ਸੀ ਜੋ ਡਾਕਟਰੀ ਵਿਗਿਆਨ ਦੇ ਸਿਰ 'ਤੇ ਅਮਰੀਕਾ ਵਰਗੇ ਮੁਲਕ ਵਿੱਚ ਹੁਣ ਅੱਸੀਆਂ ਤੋਂ ਟੱਪ ਚੁੱਕੀ ਹੈ। ਕਿਉਂਕਿ ਉੱਥੇ ਇਹ ਤਬਦੀਲੀ ਕਿਸੇ ਗੈਬੀ ਸ਼ਕਤੀ ਜਾਂ ਕਰਾਮਾਤ ਕਾਰਨ ਨਹੀਂ ਸਗੋਂ ਵਿਗਿਆਨ ਦੇ ਬਲਬੂਤੇ ਮਨੁੱਖੀ ਬਿਮਾਰੀਆਂ ਦੇ ਇਲਾਜ ਵਿੱਚ ਹੋਈ ਤਰੱਕੀ ਕਾਰਨ ਵਾਪਰੀ ਹੈ, ਇਸ ਲਈ ਅਜਿਹੀ ਕੋਈ ਅਰਾਜਕਤਾ ਨਹੀਂ ਫੈਲੀ, ਜਿਹੋ ਜਿਹਾ ਨਕਸ਼ਾ ਤੁਸੀਂ ਖਿੱਚ ਰਹੇ ਹੋ। ਦਰਅਸਲ, ਮਨੁੱਖ ਵਿੱਚ ਆਪਣੇ ਆਪ ਨੂੰ ਤਬਦੀਲੀਆਂ ਦੇ ਅਨੁਕੂਲ ਢਾਲ ਸਕਣ ਦੀ ਅਥਾਹ ਸਮਰੱਥਾ ਹੈ। ਮੈਂ ਤਾਂ ਅੰਦਰ ਆਪਣੇ ਮਰੀਜ਼ ਦੇ ਪਰਿਵਾਰ ਨੂੰ ਵੀ ਇਹੀ ਸਲਾਹ ਦੇ ਕੇ ਆਇਆ ਹਾਂ ਕਿ ਸਟੈੱਮ ਸੈੱਲ ਥੈਰੇਪੀ ਜ਼ਰੂਰ ਅਜ਼ਮਾਉਣ।" ਸਾਡੀ ਸਾਰੀ ਚਰਚਾ ਵਿੱਚ ਚੁੱਪ ਰਹਿਣ ਵਾਲੇ ਧਾਰਮਿਕ ਸੱਜਣ ਦੇ ਚਿਹਰੇ 'ਤੇ ਫੈਲ ਗਈ ਉਲਝਣ ਨੂੰ ਭਾਂਪਦਿਆ ਮੈਂ ਉਸ ਨੂੰ ਟਕੋਰਿਆ, "ਸਾਰੀ ਗੱਲਬਾਤ ਵਿੱਚ ਤੁਸੀਂ ਇੱਕ ਸ਼ਬਦ ਵੀ ਨਹੀਂ ਬੋਲੇ?" "ਕੀ ਬੋਲਣੈਂ ਜੀ, ਬੰਦਾ ਰੱਬ ਨਾਲ ਆਢਾ ਲਾਉਣ ਨੂੰ ਫਿਰਦੈ!"

ਨੂੰ ਇਹ ਪੁੱਛਿਆ ਗਿਆ ਕਿ ਕਿਧਰੇ ਇਸ ਇਲਾਜ 'ਤੇ ਆਉਣ ਵਾਲਾ ਭਾਰੀ ਖਰਚਾ ਦੁਨੀਆਂ ਵਿੱਚ ਹੋਰ ਅਸਾਵਾਂਪਣ ਤਾਂ ਨਹੀਂ ਪੈਦਾ ਕਰ ਦੇਵੇਗਾ- ਇੱਕ ਉਹ ਜੋ ਵੱਡਾ ਖਰਚ ਕਰਕੇ ਸਦਾ ਦੀ ਜਵਾਨੀ ਖ਼ਰੀਦ ਲੈਣਗੇ, ਦੂਜੇ ਉਹ ਜੋ ਖਰਚ ਨਾ ਉਠਾ ਸਕਣ ਕਾਰਨ ਇਸ ਇਲਾਜ ਤੋਂ ਵਾਂਝੇ ਰਹਿ ਜਾਣਗੇ ਤੇ ਆਮ ਮੌਤ ਮਰਦੇ ਰਹਿਣਗੇ। ਕਾਰਦੇਰੋ ਦਾ ਕਹਿਣਾ ਸੀ, "ਜਵਾਨ ਰਹਿਣ ਦੇ ਇਲਾਜ ਦਾ ਖਰਚਾ ਅੱਜਕੱਲ੍ਹ ਦੇ ਇੱਕ ਵਧੀਆ ਸਮਾਰਟ ਫੋਨ ਦੀ ਕੀਮਤ ਦੇ ਬਰਾਬਰ ਹੋਵੇਗਾ। ਪਹਿਲਾਂ ਪਹਿਲਾਂ ਖਰਚ ਕੁਝ ਜ਼ਿਆਦਾ ਆਵੇਗਾ ਪਰ ਕਿਉਂਕਿ ਹਰ ਕੋਈ ਇਹ ਇਲਾਜ ਕਰਵਾਉਣਾ ਚਾਹੇਗਾ, ਇਸ ਲਈ ਮੰਡੀ ਦੀ ਮੁਕਾਬਲੇਬਾਜ਼ੀ ਕਾਰਨ ਕੀਮਤ ਡਿੱਗ ਪਵੇਗੀ।"

-ਸਿੱਧੂ ਦਮਦਮੀ

# ਰੇਤ ਦਾ ਸਮੁੰਦਰ ਸਹਾਰਾ ਮਾਰੂਥਲ

ਮਾਰੂਥਲ ਦੀ ਸੀਮਾ ਪੂਰਬ ਵਿੱਚ ਲਾਲ ਸਾਗਰ, ਪੱਛਮ ਵਿੱਚ ਐਟਲਾਂਟਿਕ, ਉੱਤਰ ਵਿੱਚ ਭੂ-ਮੱਧ



ਸਾਗਰ ਅਤੇ ਦੱਖਣ ਵਿੱਚ ਸਾਹੇਲ ਨਾਲ ਲੱਗਦੀ ਹੈ। ਸਾਹੇਲ ਨੀਮ ਖ਼ੁਸ਼ਕ ਇਲਾਕਾ ਹੈ ਜੋ ਸਹਾਰਾ ਨੂੰ ਸਵਾਨਾ ਘਾਹ ਮੈਦਾਨਾਂ ਤੋਂ ਵੱਖ ਕਰਦਾ ਹੈ। ਸਹਾਰਾ ਸ਼ਬਦ ਦੀ ਉਤਪਤੀ ਅਰਬੀ ਭਾਸ਼ਾ ਦੇ ਸ਼ਬਦ ਸਹਰਾ ਤੋਂ ਹੋਈ ਹੈ ਜਿਸ ਦਾ ਅਰਥ ਮਾਰੂਥਲ ਜਾਂ ਰੇਗਿਸਤਾਨ ਹੈ। ਇਹ ਮਾਰੂਥਲ ਅਫ਼ਰੀਕਾ ਮਹਾਂਦੀਪ ਵਿੱਚ ਚਾਡ, ਨਾਈਜਰ, ਅਲਜੀਰੀਆ, ਲਿਬੀਆ, ਮਿਸਰ, ਮੋਰੱਕੋ, ਮੁਰਤਾਨੀਆ, ਸੁਡਾਨ, ਟਿਊਨੀਸ਼ੀਆ ਆਦਿ ਮੁਲਕਾਂ ਵਿੱਚ ਫੈਲਿਆ ਹੈ। ਇਹ ਮੰਨਿਆ ਜਾਂਦਾ ਹੈ ਕਿ ਇਹ ਭੂ-ਖੰਡ ਤਕਰੀਬਨ ਛੇ ਹਜ਼ਾਰ ਸਾਲ ਪਹਿਲਾਂ ਹਰਾ-ਭਰਿਆ ਸੀ, ਪਰ ਹੌਲੀ ਹੌਲੀ ਹਰਿਆਲੀ ਘਟਣ ਕਾਰਨ ਰੇਗਿਸਤਾਨ ਬਣ ਗਿਆ। ਇਹ ਚੱਟਾਨੀ ਅਤੇ ਰੇਤਲਾ ਮਾਰੂਥਲ ਹੈ। ਸਹਾਰਾ ਨੂੰ ਰੇਤ ਦਾ ਨਾ ਖ਼ਤਮ ਹੋਣ ਵਾਲਾ ਸਮੁੰਦਰ ਵੀ ਕਿਹਾ ਜਾਂਦਾ ਹੈ। ਇੱਥੇ ਵਗਣ ਵਾਲੀ ਹਵਾ ਰੇਤ ਦੇ ਟਿੱਲੇ ਬਣਾਉਂਦੀ ਰਹਿੰਦੀ ਹੈ। ਇਨ੍ਹਾਂ ਟਿੱਲਿਆਂ ਦੀ ਉਚਾਈ 700 ਫੁੱਟ ਤਕ ਹੋ ਸਕਦੀ ਹੈ। ਟਿੱਲਿਆਂ ਦੀਆਂ ਅਜੀਬ ਸ਼ਕਲਾਂ ਰੇਗਿਸਤਾਨ ਨੂੰ ਸੁੰਦਰਤਾ ਬਖ਼ਸ਼ਦੀਆਂ ਹਨ। ਸਹਾਰਾ ਵਿੱਚ ਉੱਚੇ ਪਹਾੜ, ਡੂੰਘੀਆਂ ਖਾਈਆਂ, ਝੀਲਾਂ, ਨਦੀਆਂ ਅਤੇ ਝਰਨੇ ਹਨ। ਨੀਲ ਨਦੀ ਸਹਾਰਾ ਦੀ ਜੀਵਨਦਾਤੀ ਹੈ ਜੋ ਮੱਧ ਅਫ਼ਰੀਕਾ ਤੋਂ ਸ਼ੁਰੂ ਹੋ ਕੇ ਭੂ-ਮੱਧ ਸਾਗਰ ਵਿੱਚ ਜਾ ਡਿੱਗਦੀ ਹੈ। ਮਿਸਰ ਦੀ ਜ਼ਿਆਦਾਤਰ ਖੇਤੀ ਇਸ ਨਦੀ 'ਤੇ ਨਿਰਭਰ ਹੈ। ਨਾਈਜਰ ਸਹਾਰਾ ਦੀ ਇੱਕ ਹੋਰ ਅਹਿਮ ਨਦੀ ਹੈ। ਅਲਜੀਰੀਆ ਦਾ ਹੋਗਰ ਅਤੇ ਲਿਬੀਆ ਦਾ ਟਿਬੇਸਟੀ ਇੱਥੋਂ ਦੇ ਪ੍ਰਮੁੱਖ ਪਰਬਤ ਹਨ ਜਿਨ੍ਹਾਂ ਦਾ ਨਿਰਮਾਣ ਜਵਾਲਾਮੁਖੀ ਦੁਆਰਾ ਲਿਆਂਦੇ ਲਾਵੇ ਰਾਹੀਂ ਹੋਇਆ। ਕਤਾਰਾ (ਮਿਸਰ) ਸਹਾਰਾ ਦੀ ਸਭ ਤੋਂ ਡੂੰਘੀ ਖਾਈ ਹੈ। ਸਹਾਰਾ ਦਾ ਤਾਪਮਾਨ ਆਮ ਤੌਰ 'ਤੇ ਉੱਚਾ ਹੀ ਰਹਿੰਦਾ ਹੈ। ਇੱਥੇ ਔਸਤ ਤਾਪਮਾਨ 40 ਤੋਂ 50 ਡਿਗਰੀ ਸੈਲਸੀਅਸ ਤਕ ਹੁੰਦਾ ਹੈ। ਕਈ ਵਾਰ ਦਿਨ ਸਮੇਂ ਤਾਪਮਾਨ 50 ਡਿਗਰੀ ਅਤੇ ਰਾਤ ਸਮੇਂ ਜਮਾਉ ਬਿੰਦੂ 'ਤੇ ਪੁੱਜ ਜਾਂਦਾ ਹੈ। ਸੰਸਾਰ ਦਾ ਉੱਚਤਮ ਤਾਪਮਾਨ 58 ਡਿਗਰੀ ਸੈਂਟੀਗ੍ਰੇਡ ਵੀ ਸਹਾਰਾ ਦੇ ਅਜ਼ੀਜ਼ੀਆ (ਅਲਜ਼ੀਰੀਆ) ਨਾਂ ਦੇ ਸਥਾਨ 'ਤੇ ਮਾਪਿਆ ਗਿਆ ਹੈ। ਸਹਾਰਾ ਵਿੱਚ ਮੀਂਹ ਬਹੁਤ ਹੀ ਘੱਟ ਪੈਂਦਾ ਹੈ। ਵਰਖਾ ਤੇਜ਼ ਬੁਛਾੜਾਂ ਵਾਂਗ ਹੁੰਦੀ ਹੈ ਜਿਸ ਨਾਲ ਇੱਕ ਵਾਰ ਵਿੱਚ ਹੀ ਸਾਲਾਨਾ ਔਸਤ ਜਿੰਨੀ ਵਰਖਾ ਹੋ ਜਾਂਦੀ ਹੈ। ਇੱਥੇ ਚੱਲਦੀਆਂ ਗਰਮ ਹਵਾਵਾਂ ਸਹਾਰਾ ਦੀ ਲਾਲ ਮਿੱਟੀ ਨੂੰ ਭੂ-ਮੱਧ ਸਾਗਰ ਦੇ ਦੂਜੇ ਪਾਸੇ ਯੂਰੋਪ ਵੱਲ ਲੈ ਜਾਂਦੀਆਂ ਹਨ। ਇਨ੍ਹਾਂ ਨੂੰ ਯੂਰੋਪ ਵਿੱਚ ਖ਼ੂਨੀ ਵਰਖਾ ਦਾ ਨਾਂ ਦਿੱਤਾ ਜਾਂਦਾ ਹੈ ਕਿਉਂਕਿ ਇਹ ਖ਼ੁਸ਼ਕ ਤੇ ਗਰਮ ਹੋਣ ਕਾਰਨ ਫ਼ਸਲਾਂ ਨੂੰ ਸੁਕਾ ਦਿੰਦੀਆਂ ਹਨ।

ਇੱਥੇ ਵਧੇਰੇ ਤਾਪਮਾਨ ਅਤੇ ਘੱਟ ਵਰਖਾ ਕਾਰਨ ਬਨਸਪਤੀ ਬਹੁਤ ਘੱਟ ਉੱਗਦੀ ਹੈ। ਸਿਰਫ਼ ਕੰਡੇਦਾਰ ਝਾੜੀਆਂ, ਥੋਹਰ, ਛੋਟੀਆਂ ਜੜ੍ਹੀਆਂ-ਬੂਟੀਆਂ ਅਤੇ ਘਾਹ ਹੀ ਹੁੰਦਾ ਹੈ। ਇੱਥੇ ਮਿਲਣ ਵਾਲੇ ਪੌਦੇ ਕੰਡੇਦਾਰ ਅਤੇ ਗੁੱਦੇਦਾਰ ਹੁੰਦੇ ਹਨ ਜੋ ਗਰਮ ਅਤੇ ਖ਼ੁਸ਼ਕ ਵਾਤਾਵਰਨ ਵਿੱਚ ਆਪਣੇ ਆਪ ਨੂੰ ਢਾਲ ਲੈਂਦੇ ਹਨ। ਇਨ੍ਹਾਂ ਪੌਦਿਆਂ ਦੀਆਂ ਜੜ੍ਹਾਂ ਦੂਰ ਤਕ ਫੈਲੀਆਂ ਹੁੰਦੀਆਂ ਹਨ ਤਾਂ ਜੋ ਪਾਣੀ ਅਤੇ ਨਮੀ ਨੂੰ ਸੋਖ ਸਕਣ। ਪੌਦੇ ਕੰਡੇਦਾਰ ਹੋਣ ਕਾਰਨ ਵਾਸ਼ਪ ਉਤਸਰਜਨ ਦੀ ਦਰ ਬਹੁਤ ਘੱਟ ਜਾਂਦੀ ਹੈ। ਖਜੂਰ, ਕੈਕਟਸ ਇੱਥੇ ਮਿਲਣ ਵਾਲੇ ਮੁੱਖ ਰੁੱਖ ਹਨ। ਖਜੂਰ ਨੂੰ ਅਰਬਾਂ ਦੁਆਰਾ ਲਿਆਂਦਾ ਗਿਆ ਸੀ ਜੋ ਰੇਗਿਸਤਾਨ ਵਿੱਚ ਜਿਊਂਦੇ ਰਹਿਣ ਲਈ ਬਹੁਤ ਹੀ ਜ਼ਰੂਰੀ ਹੈ। ਖਜੂਰ ਊਰਜਾ ਦੇਣ ਵਾਲਾ ਫਲ ਹੈ ਅਤੇ ਇਸ ਦੇ ਪੱਤਿਆਂ ਤੋਂ ਟੋਕਰੀਆਂ, ਮੈਟ ਅਤੇ ਰੱਸੀਆਂ ਬਣਦੀਆਂ ਹਨ। ਸਹਾਰਾ ਇੰਨਾ ਗਰਮ ਹੋਣ ਦੇ ਬਾਵਜੂਦ ਬਹੁਤ ਸਾਰੇ ਜਾਨਵਰਾਂ ਤੇ ਪੰਛੀਆਂ ਦਾ ਘਰ ਹੈ। ਇੱਥੇ ਰਹਿਣ ਵਾਲੇ ਜੀਵ-ਜੰਤੂ ਬੂਟੇ ਅਤੇ ਸੁੱਕਾ ਘਾਹ ਖਾ ਕੇ ਗੁਜ਼ਾਰਾ ਕਰਦੇ ਹਨ। ਇਨ੍ਹਾਂ ਵਿੱਚੋਂ ਊਠ ਮੁੱਖ ਤੌਰ 'ਤੇ ਜ਼ਿਕਰਯੋਗ ਹੈ ਜਿਸ ਨੂੰ ਰੇਗਿਸਤਾਨ ਦਾ ਜ਼ਹਾਜ ਮੰਨਿਆ ਜਾਂਦਾ ਹੈ। ਇਸ ਦੇ ਪੈਰਾਂ ਦੇ ਪੰਜੇ ਚੌੜੇ ਹੋਣ ਕਰਕੇ ਰੇਤ ਵਿੱਚ ਨਹੀਂ ਧੱਸਦੇ। ਇਹ ਇੱਕ ਵਾਰ ਵਿੱਚ ਤਕਰੀਬਨ 30 ਲੀਟਰ ਪਾਣੀ ਪੀ ਸਕਦਾ ਹੈ ਅਤੇ ਬਗੈਰ ਭੋਜਨ ਤੇ ਪਾਣੀ ਤੋਂ ਕਈ ਦਿਨਾਂ ਤਕ ਰਹਿ ਸਕਦਾ ਹੈ। ਇਸ ਤੋਂ ਇਲਾਵਾ ਇੱਥੇ ਰੋਝ, ਸੱਪ, ਬਿੱਛੂ, ਮਾਰੂਥਲੀ ਲੂੰਬੜੀ, ਜ਼ਹਿਰੀਲੇ ਕੀੜੇ ਆਦਿ ਮਿਲਦੇ ਹਨ।

ਸਹਾਰਾ ਵਿੱਚ ਮਨੁੱਖੀ ਬਸਤੀਆਂ ਪਾਣੀ ਦੇ ਸੋਮਿਆਂ ਦੇ ਨੇੜੇ ਵਸਦੀਆਂ ਹਨ। ਨਖਲਿਸਤਾਨ ਰੇਗਿਸਤਾਨ ਵਿੱਚ ਪਾਣੀ ਦਾ ਚਸ਼ਮਾ ਜਾਂ ਸਰੋਤ ਹੁੰਦਾ ਹੈ ਜਿਸ ਦੇ ਆਲੇ-ਦੁਆਲੇ ਸੰਘਣੀ ਬਨਸਪਤੀ ਉੱਗੀ ਹੁੰਦੀ ਹੈ। ਸਹਾਰਾ ਦੀ ਵਸੋਂ ਤਕਰੀਬਨ ਚਾਲੀ ਲੱਖ ਹੈ। ਇਹ ਆਬਾਦੀ ਜ਼ਿਆਦਾਤਰ ਅਲਜ਼ੀਰੀਆ, ਮਿਸਰ, ਲਿਬੀਆ, ਮੁਰਤਾਨੀਆ ਅਤੇ ਪੱਛਮੀ ਸਹਾਰਾ ਵਿੱਚ ਵਸਦੀ ਹੈ। ਇੱਥੇ ਕਈ ਕਬੀਲਿਆਂ ਦੇ ਲੋਕ ਵਸਦੇ ਹਨ। ਇਹ ਕਬੀਲੇ ਖਾਨਾਬਦੋਸ਼ ਹਨ ਜੋ ਭੇਡਾਂ ਬੱਕਰੀਆਂ ਚਾਰਨ ਦੇ ਨਾਲ ਨਾਲ ਵਪਾਰ ਅਤੇ ਸ਼ਿਕਾਰ ਕਰਕੇ ਗੁਜ਼ਾਰਾ ਕਰਦੇ ਹਨ। ਕੁਝ ਲੋਕ ਵਪਾਰ ਕਰਨ ਲਈ ਸਹਾਰਾ ਦੇ ਇੱਕ ਹਿੱਸੇ ਤੋਂ ਦੂਜੇ ਹਿੱਸਿਆਂ ਵਿੱਚ ਘੁੰਮਦੇ ਰਹਿੰਦੇ ਹਨ ਜਿਨ੍ਹਾਂ ਨੂੰ ਕਾਰਵਾਂ ਵਪਾਰੀ ਕਿਹਾ ਜਾਂਦਾ ਹੈ। ਕਾਰਵਾਂ ਦਾ ਅਰਥ ਲੋਕਾਂ ਦੇ ਸਮੂਹ ਦਾ ਵਪਾਰਕ ਯਾਤਰਾ 'ਤੇ ਜਾਣਾ ਹੈ। ਪੁਰਾਣੇ ਸਮਿਆਂ ਵਿੱਚ ਊਠਾਂ ਨੂੰ ਕਾਰਵਾਂ ਯਾਤਰਾ 'ਤੇ ਲਿਜਾਣ ਤੋਂ ਪਹਿਲਾਂ ਮੈਦਾਨਾਂ ਵਿੱਚ ਚਰਾ ਕੇ ਮੋਟਾ ਤਾਜ਼ਾ ਕੀਤਾ ਜਾਂਦਾ ਸੀ। ਕਾਰਵਾਂ ਦੀ ਅਗਵਾਈ ਬਰਬਰ ਕਬੀਲੇ ਵੱਲੋਂ ਕੀਤੀ ਜਾਂਦੀ ਸੀ ਜਿਸ ਲਈ ਉਹ ਕਾਫ਼ੀ ਪੈਸੇ ਲੈਂਦੇ ਸਨ। ਉਨ੍ਹਾਂ ਦਾ ਮੁੱਖ ਕੰਮ ਹਮਲਾਵਰਾਂ ਤੋਂ ਵਪਾਰੀਆਂ ਦੀ ਹਿਫ਼ਾਜ਼ਤ ਕਰਨਾ ਹੁੰਦਾ ਸੀ। ਕੁਝ ਤੇਜ਼



ਦੌੜਾਕਾਂ ਨੂੰ ਕਾਰਵਾਂ ਵਾਸਤੇ ਪਾਣੀ ਲੈਣ ਲਈ ਅੱਗੇ ਭੇਜ ਦਿੱਤਾ ਜਾਂਦਾ ਸੀ। ਤੌਰੇਗ ਅਤੇ ਬਦੂ ਇੱਥੇ ਆਵਾਸ ਕਰਨ ਵਾਲੇ ਮੁੱਖ ਕਬੀਲੇ ਹਨ। ਤੌਰੇਗ ਖਾਨਾਬਦੋਸ਼ ਲੋਕ ਹਨ ਜੋ ਰੋਜ਼ੀ ਰੋਟੀ ਲਈ ਇੱਕ ਤੋਂ ਦੂਜੀ ਜਗ੍ਹਾ ਘੁੰਮਦੇ ਰਹਿੰਦੇ ਹਨ। ਇਸਲਾਮ ਧਰਮ ਦਾ ਦਬਦਬਾ ਹੋਣ ਦੇ ਬਾਵਜੂਦ ਤੌਰੇਗਾ ਨੇ ਆਪਣੇ ਰੀਤੀ-ਰਿਵਾਜਾਂ ਨੂੰ ਕਾਇਮ ਰੱਖਿਆ ਹੋਇਆ ਹੈ। ਇਸ ਕਬੀਲੇ ਵਿੱਚ ਔਰਤ ਘਰ ਦੀ ਮੁਖੀ ਹੁੰਦੀ ਹੈ। ਮਰਦ ਆਪਣੀ ਪਤਨੀ ਜਾਂ ਪ੍ਰੇਮਿਕਾ ਤੋਂ ਬਗੈਰ ਕਿਸੇ ਹੋਰ ਔਰਤ ਸਾਹਮਣੇ ਖਾਣਾ ਵੀ ਨਹੀਂ ਖਾ ਸਕਦੇ। ਮਰਦ ਆਪਣਾ ਮੂੰਹ ਜਾਮਣੀ ਰੰਗ ਦੇ ਪਰਦੇ ਨਾਲ ਢੱਕ ਕੇ ਰੱਖਦੇ ਹਨ ਜੋ ਉਨ੍ਹਾਂ ਦੇ ਚਿਹਰੇ 'ਤੇ ਨੀਲੀ ਛਾਪ ਛੱਡਦਾ ਹੈ। ਇਸੇ ਕਾਰਨ ਉਨ੍ਹਾਂ ਨੂੰ ਸਹਾਰਾ ਦੇ ਨੀਲੇ ਆਦਮੀ ਵੀ ਕਿਹਾ ਜਾਂਦਾ ਹੈ। ਤੌਰੇਗ ਔਰਤਾਂ ਆਪਣਾ ਚਿਹਰਾ ਨਹੀਂ ਢਕਦੀਆਂ ਕਿਉਂਕਿ ਤੌਰੇਗ ਲੋਕਾਂ ਦਾ ਮੱਤ ਹੈ ਕਿ ਔਰਤਾਂ ਸੁੰਦਰ ਹੋਣ ਕਾਰਨ ਮਰਦ ਉਨ੍ਹਾਂ ਨੂੰ ਦੇਖਣਾ ਪਸੰਦ ਕਰਦੇ ਹਨ। ਬਦੂ ਵੀ ਇੱਕ ਟੱਪਰੀਵਾਸ ਕਬੀਲਾ ਹੈ ਜੋ ਊਠਾਂ, ਭੇਡਾਂ ਅਤੇ ਬੱਕਰੀਆਂ ਦੇ ਝੁੰਡਾਂ ਨਾਲ ਚਰਾਗਾਹਾਂ ਦੀ ਭਾਲ ਵਿੱਚ ਘੁੰਮਦੇ ਰਹਿੰਦੇ ਹਨ। ਉਹ ਆਪਣੇ ਆਪ ਨੂੰ 'ਤੰਬੂਆਂ ਵਾਲੇ ਲੋਕ' ਕਹਿੰਦੇ ਹਨ। ਇਹ ਲੋਕ ਆਪਣੀ ਮਹਿਮਾਨਨਿਵਾਜ਼ੀ ਲਈ ਪ੍ਰਸਿੱਧ ਹਨ। ਇਹ ਲੋਕ ਗਰਮੀ ਤੋਂ ਬਚਾਅ ਕਰਨ ਲਈ ਖੁੱਲ੍ਹੇ ਅਤੇ ਢਿੱਲੇ ਕੱਪੜੇ ਪਾਉਂਦੇ ਹਨ। ਇਸ ਤੋਂ ਇਲਾਵਾ ਇੱਥੇ ਹੌਸਾ, ਤੌਬੂ, ਨਿਊਬੀਅਨ, ਸਹਰਵੀ ਕਬੀਲੇ ਰਹਿੰਦੇ ਹਨ। ਸਹਾਰਾ 'ਤੇ ਤਕਰੀਬਨ ਇੱਕ ਸਦੀ ਪੱਛਮੀ ਮੁਲਕਾਂ ਦਾ ਰਾਜ ਰਿਹਾ। ਉਨ੍ਹਾਂ ਨੇ ਇਸ ਖੇਤਰ ਦੇ ਵਿਕਾਸ ਨੂੰ ਜ਼ਿਆਦਾ ਤਵੱਜੋ ਨਹੀਂ ਦਿੱਤੀ। ਵੀਹਵੀਂ ਸਦੀ ਦੇ ਦੂਜੇ ਅੱਧ ਵਿੱਚ ਸਹਾਰਾ ਦੇ ਬਹੁਤ ਸਾਰੇ ਮੁਲਕ ਆਜ਼ਾਦ ਹੋ ਗਏ। ਦੂਜੀ ਆਲਮੀ ਜੰਗ ਮਗਰੋਂ ਤੇਲ ਦੀ ਖੋਜ ਨੇ ਬਾਕੀ ਮੁਲਕਾਂ ਦਾ ਧਿਆਨ ਇਸ ਖਿੱਤੇ ਵੱਲ ਖਿੱਚਿਆ। ਕੁਝ ਸਾਲਾਂ ਪਿੱਛੋਂ ਖਣਿਜ ਪਦਾਰਥਾਂ ਦੀ ਖੋਜ ਹੋਈ। ਅੱਜਕੱਲ੍ਹ ਸਹਾਰਾ ਦੁਨੀਆਂ ਦਾ ਮੁੱਖ ਪੈਟਰੋਲੀਅਮ ਉਤਪਾਦਕ ਖੇਤਰ ਹੈ। ਅਲਜ਼ੀਰੀਆ ਅਤੇ ਲਿਬੀਆ ਵਿੱਚ ਤੇਲ ਅਤੇ ਗੈਸ ਦੇ ਭੰਡਾਰ ਹਨ। ਕੱਚਾ ਲੋਹਾ ਪੱਛਮੀ ਮੁਰਤਾਨੀਆ ਵਿੱਚ ਕੱਢਿਆ ਜਾਂਦਾ ਹੈ। ਯੂਰੇਨੀਅਮ ਪੂਰੇ ਸਹਾਰਾ ਖਿੱਤੇ ਵਿੱਚ ਉਪਲੱਬਧ ਹੈ, ਪਰ ਨਾਈਜਰ ਵਿੱਚ ਇਹ ਕਾਫ਼ੀ ਮਾਤਰਾ ਵਿੱਚ ਮਿਲਦਾ ਹੈ। ਇਸ ਤੋਂ ਇਲਾਵਾ ਇੱਥੇ ਕੋਲਾ, ਕੁਦਰਤੀ ਗੈਸ ਅਤੇ ਤਾਂਬੇ ਦੇ ਵੀ ਭੰਡਾਰ ਹਨ। ਉਂਜ, ਸਥਾਨਕ ਲੋਕਾਂ ਨੂੰ ਇਨ੍ਹਾਂ ਖੋਜਾਂ ਤੋਂ ਫ਼ਾਇਦੇ ਦੀ ਬਜਾਏ ਨੁਕਸਾਨ ਹੀ ਹੋਇਆ ਹੈ। ਉਨ੍ਹਾਂ ਨੂੰ ਤੇਲ ਕੰਪਨੀਆਂ ਵਿੱਚ ਕੰਮ ਮਿਲ ਗਿਆ ਹੈ, ਪਰ ਕੰਮ ਅਸਥਾਈ ਹਨ। ਪਰਵਾਸ ਕਾਰਨ ਕਸਬਿਆਂ ਵਿੱਚ ਵਸੋਂ ਘਣਤਾ ਵਧ ਰਹੀ ਹੈ। ਖਾਣਾਂ ਦਾ ਖੇਤਰਫਲ ਦਿਨੋਦਿਨ ਵਧਣ ਕਾਰਨ ਨਿਵਾਸ ਅਤੇ ਚਰਾਗਾਹਾਂ ਲਈ ਜਗ੍ਹਾ ਘਟ ਰਹੀ ਹੈ। ਇਸ ਨਾਲ ਇਨ੍ਹਾਂ ਦੀ ਰਵਾਇਤੀ ਜੀਵਨ ਸ਼ੈਲੀ ਤਹਿਸ-ਨਹਿਸ ਹੋ ਰਹੀ ਹੈ।

ਸਹਾਰਾ ਵਿੱਚ ਪੌਣ ਊਰਜਾ ਅਤੇ ਸੌਰ ਊਰਜਾ ਦੀਆਂ ਕਾਫ਼ੀ ਸੰਭਾਵਨਾਵਾਂ ਮੌਜੂਦ ਹਨ। ਜੇਕਰ ਇਸ ਦੀ ਸਹੀ ਵਰਤੋਂ ਕੀਤੀ ਜਾਵੇ ਤਾਂ ਸਹਾਰਾ ਖੇਤਰ ਦੀਆਂ ਊਰਜਾ ਸਬੰਧੀ ਲੋੜਾਂ ਦੀ ਪੂਰਤੀ ਕੀਤੀ ਜਾ ਸਕਦੀ ਹੈ। ਇਸ ਲਈ ਇੱਥੇ ਸੋਲਰ ਪਲਾਂਟ ਲੱਗ ਰਹੇ ਹਨ। ਇਸ ਖਿੱਤੇ ਨੂੰ ਜਲਵਾਯੂ ਤਬਦੀਲੀ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਦੇ ਸਿੱਟੇ ਵਜੋਂ ਰੇਤਲੇ ਇਲਾਕੇ ਵਿੱਚ ਲਗਾਤਾਰ ਇਜ਼ਾਫ਼ਾ ਹੋ ਰਿਹਾ ਹੈ। ਪਿਛਲੇ ਸਾਲ ਹੋਈ ਬਰਫ਼ਬਾਰੀ ਵੀ ਜਲਵਾਯੂ ਪਰਿਵਰਤਨ ਦਾ ਹੀ ਨਤੀਜਾ ਹੈ। ਇਸ ਮਾਰੂਥਲ ਦੇ ਨਾਲ ਲੱਗਦੇ ਖੇਤਰ ਨੂੰ ਰੇਗਿਸਤਾਨ ਵਿੱਚ ਤਬਦੀਲ ਹੋਣ ਤੋਂ ਬਚਾਉਣ ਲਈ ਅਫ਼ਰੀਕੀ ਯੂਨੀਅਨ ਦੇ ਮੁਲਕਾਂ ਦੁਆਰਾ 'ਮਹਾਨ ਹਰਿਆਲੀ ਕੰਧ' ਮੁਹਿੰਮ ਤਹਿਤ ਪੂਰਬ ਤੋਂ ਪੱਛਮ ਵੱਲ ਰੁੱਖਾਂ ਦੀ ਇੱਕ ਕਤਾਰ ਲਗਾਈ ਗਈ ਹੈ।

-ਅਮਰਿੰਦਰ ਸਿੰਘ

# ਤਰਨਤਾਰਨ 'ਚ ਏਐੱਸਆਈ ਇਕਬਾਲ ਸਿੰਘ ਦਾ ਗੋਲੀਆਂ ਮਾਰ ਕੇ ਕਤਲ, ਬਿੱਟੂ ਨੇ ਪੰਜਾਬ ਸਰਕਾਰ ਨੂੰ ਘੇਰਿਆ ਕਾਨੂੰਨ ਵਿਵਸਥਾ 'ਤੇ ਉਠਾਏ ਸਵਾਲ



ਤਰਨ ਤਾਰਨ, 12 ਅਕਤੂਬਰ (ਜੀਵਨ ਜੱਜ/ਵਿਜੇ ਭਾਰਗਵ) ਤਰਨਤਾਰਨ ਜ਼ਿਲ੍ਹੇ ਵਿੱਚ ਕਾਨੂੰਨ ਵਿਵਸਥਾ ਵਿਗੜਨ ਦਾ ਇੱਕ ਹੋਰ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਏਐੱਸਆਈ ਇਕਬਾਲ ਸਿੰਘ (ਕੰਵਰਜੀਤ ਸਿੰਘ) ਦੀ ਬੀਤੀ ਰਾਤ ਅਣਪਛਾਤੇ ਹਮਲਾਵਰਾਂ ਨੇ ਬੇਰਹਿਮੀ ਨਾਲ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਅੱਜ ਪੁਲਿਸ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਗਾਰਡ ਆਫ਼ ਆਨਰ ਨਾਲ ਹੰਝੂਆਂ ਭਰੀ ਵਿਦਾਇਗੀ ਦਿੱਤੀ। ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਇਸ ਦੁਖਦਾਈ ਮੌਕੇ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਅਤੇ ਦੁਖੀ ਪਰਿਵਾਰ ਨਾਲ ਆਪਣੀ ਡੂੰਘੀ ਹਮਦਰਦੀ ਪ੍ਰਗਟ ਕੀਤੀ। ਅੰਤਿਮ ਸੰਸਕਾਰ ਦੌਰਾਨ ਡੀਆਈਜੀ ਸਨੇਹਦੀਪ ਸ਼ਰਮਾ, ਐੱਸਐੱਸਪੀ ਸੁਰਿੰਦਰ ਲਾਂਬਾ, ਵੱਡੀ ਪੁਲਿਸ ਫੋਰਸ ਅਤੇ ਸਥਾਨਕ ਪਤਵੰਤੇ ਮੌਜੂਦ ਸਨ। ਮਾਹੌਲ ਪੂਰੀ ਤਰ੍ਹਾਂ ਗਮਗੀਨ ਸੀ। ਪੰਜਾਬ ਸਰਕਾਰ 'ਤੇ ਤਿੱਖਾ ਹਮਲਾ ਮੀਡੀਆ ਨਾਲ ਗੱਲਬਾਤ ਕਰਦਿਆਂ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਪੰਜਾਬ ਦੀ ਭਗਵੰਤ ਮਾਨ ਸਰਕਾਰ 'ਤੇ ਤਿੱਖਾ ਹਮਲਾ ਕੀਤਾ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ ਇਸ ਹੱਦ ਤੱਕ ਵਿਗੜ ਗਈ ਹੈ ਕਿ ਆਮ ਆਦਮੀ ਲਈ ਘਰੋਂ ਨਿਕਲਣਾ ਵੀ ਮੁਸ਼ਕਲ ਹੋ ਗਿਆ ਹੈ। "ਪੰਜਾਬ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ ਇਸ ਹੱਦ ਤੱਕ ਵਿਗੜ ਗਈ ਹੈ ਕਿ ਆਮ ਆਦਮੀ ਲਈ ਆਪਣਾ ਘਰ ਛੱਡਣਾ ਵੀ ਮੁਸ਼ਕਲ ਹੋ ਗਿਆ ਹੈ। ਇਸ ਸਨਸਨੀਖੇਜ਼ ਘਟਨਾ ਤੋਂ ਬਾਅਦ, ਇਲਾਕੇ ਦੇ ਕਾਰੋਬਾਰੀਆਂ, ਦੁਕਾਨਦਾਰਾਂ ਅਤੇ ਆਮ ਲੋਕਾਂ ਵਿੱਚ ਬਹੁਤ ਡਰ ਦਾ ਮਾਹੌਲ ਹੈ। ਲੋਕਾਂ ਦਾ ਕਹਿਣਾ ਹੈ ਕਿ ਪੁਲਿਸ ਅਤੇ ਪ੍ਰਸ਼ਾਸਨ ਦੇ ਉੱਚੇ-ਉੱਚੇ ਦਾਅਵਿਆਂ ਦੇ ਬਾਵਜੂਦ, ਅਪਰਾਧੀ ਹੌਸਲੇ ਬੁਲੰਦ ਰੱਖਦੇ ਹਨ, ਜੋ ਪੁਲਿਸ ਦੀ ਕਾਰਗੁਜ਼ਾਰੀ 'ਤੇ ਗੰਭੀਰ ਸਵਾਲ ਖੜ੍ਹੇ ਕਰਦੇ ਹਨ।

# ਹਰਿਆਣਾ ਵਿੱਚ ਉਦਯੋਗਿਕ ਨਿਵੇਸ਼ ਨਾਲ ਖੁੱਲ੍ਹ ਰਹੇ ਹਨ ਵਿਕਾਸ ਅਤੇ ਰੁਜ਼ਗਾਰ ਦੇ ਨਵੇਂ ਦਰਵਾਜੇ, ਆਈ.ਐੱਮ.ਟੀ. ਬਣ ਰਹੇ ਹਨ ਵਿਕਾਸ ਦੇ ਨਵੇਂ ਇੰਜਣ

## ਉਦਯੋਗਿਕ ਮਾਡਲ ਟਾਊਨਸ਼ਿਪ, ਆਧੁਨਿਕ ਬੁਨਿਆਦੀ ਢਾਂਚਾ ਅਤੇ ਨਿਵੇਸ਼ਕਾਂ ਲਈ ਸਾਜ਼ਗਾਰ ਮਾਹੌਲ ਰਾਜ ਵਿੱਚ ਰੁਜ਼ਗਾਰ ਸਿਰਜਣ ਦੀਆਂ ਸੰਭਾਵਨਾਵਾਂ ਨੂੰ ਦੇ ਰਹੇ ਹਨ ਨਵੀਂ ਦਿਸ਼ਾ

ਚੰਡੀਗੜ੍ਹ, 12 ਅਕਤੂਬਰ - ਹਰਿਆਣਾ ਤੇਜ਼ੀ ਨਾਲ ਉਦਯੋਗਿਕ ਵਿਕਾਸ ਦੇ ਨਵੇਂ ਕੇਂਦਰ ਵਜੋਂ ਉੱਭਰ ਰਿਹਾ ਹੈ। ਸੂਬੇ ਵਿੱਚ ਨਿਵੇਸ਼ ਕਰ ਰਹੀਆਂ ਕੰਪਨੀਆਂ ਦੀ ਵਧਦੀ ਦਿਲਚਸਪੀ, ਉਦਯੋਗਿਕ ਮਾਡਲ ਟਾਊਨਸ਼ਿਪ (ਆਈ.ਐੱਮ.ਟੀ.) ਦਾ ਵਿਸਥਾਰ ਅਤੇ ਆਧੁਨਿਕ ਉਦਯੋਗਿਕ ਸਹੂਲਤਾਂ ਦਾ ਵਿਕਾਸ ਰਾਜ ਦੀ ਆਰਥਿਕਤਾ ਨੂੰ ਨਵੀਂ ਗਤੀ ਦੇਣ ਦੇ ਨਾਲ-ਨਾਲ ਰੁਜ਼ਗਾਰ ਦੇ ਅਵਸਰ ਵਧਾਉਣ ਦੀਆਂ ਮਜ਼ਬੂਤ ਸੰਭਾਵਨਾਵਾਂ ਪੈਦਾ ਕਰ ਰਹੇ ਹਨ। ਹਰਿਆਣਾ ਰਾਜ ਉਦਯੋਗਿਕ ਅਤੇ ਅਵਸੰਰਚਨਾ ਵਿਕਾਸ ਨਿਗਮ (ਐੱਚ.ਐੱਸ.ਆਈ.ਆਈ.ਡੀ.ਸੀ.) ਦੁਆਰਾ ਵਿਕਸਤ ਉਦਯੋਗਿਕ ਖੇਤਰ ਹੁਣ ਕੇਵਲ ਉਤਪਾਦਨ ਕੇਂਦਰ ਨਹੀਂ, ਸਗੋਂ ਉਦਯੋਗ, ਵਪਾਰ, ਲੌਜਿਸਟਿਕਸ ਅਤੇ ਮਜ਼ਦੂਰ ਸਹੂਲਤਾਂ ਨਾਲ ਯੁਕਤ ਸਮੁੱਚੇ ਉਦਯੋਗਿਕ ਪਾਰਿਸਥਿਤਿਕੀ ਤੰਤਰ ਵਜੋਂ ਵਿਕਸਤ ਕੀਤੇ ਜਾ ਰਹੇ ਹਨ। ਉਦਯੋਗ ਅਤੇ ਵਣਜ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਡਾ. ਅਮਿਤ ਕੁਮਾਰ ਅਗਰਵਾਲ ਨੇ ਦੱਸਿਆ ਕਿ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੇ ਵਿਸ਼ੇਸ਼ ਯਤਨਾਂ ਨਾਲ ਪ੍ਰਦੇਸ਼ ਵਿੱਚ ਉਦਯੋਗਿਕ ਨਿਵੇਸ਼ ਦਾ ਲਗਾਤਾਰ ਵਿਸਥਾਰ ਹੋ ਰਿਹਾ ਹੈ ਜੋ ਇਸ ਗੱਲ ਦਾ ਸੰਕੇਤ ਹੈ ਕਿ ਹਰਿਆਣਾ ਦੇਸ਼ ਅਤੇ ਗਲੋਬਲ ਕੰਪਨੀਆਂ ਲਈ ਇੱਕ ਮਹੱਤਵਪੂਰਨ ਨਿਵੇਸ਼ ਗੰਤਵ ਬਣ ਰਿਹਾ ਹੈ। ਨਵੇਂ ਉਦਯੋਗਾਂ ਦੀ ਸਥਾਪਨਾ ਅਤੇ ਵਿਦੇਸ਼ੀ ਨਿਵੇਸ਼ ਲਈ ਮੁੱਖ ਮੰਤਰੀ ਦੀ ਅਗਵਾਈ ਵਿੱਚ ਹਰਿਆਣਾ ਤੋਂ ਇੱਕ ਉੱਚ ਪੱਧਰੀ ਪ੍ਰਤੀਨਿਧ ਮੰਡਲ ਨੇ ਹਾਲ ਹੀ ਵਿੱਚ ਸਿੰਗਾਪੁਰ ਦਾ ਦੌਰਾ ਕੀਤਾ ਹੈ ਜਿਸ ਨਾਲ ਪ੍ਰਤੱਖ ਰੁਜ਼ਗਾਰ ਦੇ ਨਾਲ-ਨਾਲ ਆਵਾਜਾਈ, ਭੰਡਾਰਨ, ਸਪਲਾਈ ਲੜੀ, ਰੱਖ-ਰਖਾਅ, ਨਿਰਮਾਣ, ਸੁਰੱਖਿਆ, ਖਾਣ-ਪੀਣ ਅਤੇ ਹੋਰ ਸਹਾਇਕ ਸੇਵਾਵਾਂ ਵਿੱਚ ਰੁਜ਼ਗਾਰ ਦੇ ਨਵੇਂ ਅਵਸਰ ਪੈਦਾ ਹੋਣਗੇ। ਡਾ. ਅਮਿਤ ਅਗਰਵਾਲ ਨੇ ਦੱਸਿਆ ਕਿ ਹਰਿਆਣਾ ਵਿੱਚ ਛੇ ਮੁੱਖ ਆਈ.ਐੱਮ.ਟੀ. ਵਿਕਸਤ ਕੀਤੀਆਂ ਗਈਆਂ ਹਨ। ਇਨ੍ਹਾਂ ਵਿੱਚ ਆਈ.ਐੱਮ.ਟੀ. ਮਾਨੇਸਰ ਲਗਭਗ 4,000 ਏਕੜ, ਆਈ.ਐੱਮ.ਟੀ. ਰੋਹਤਕ ਲਗਭਗ 3,600 ਏਕੜ, ਆਈ.ਐੱਮ.ਟੀ. ਬਾਵਲ ਲਗਭਗ 3,300 ਏਕੜ, ਆਈ.ਐੱਮ.ਟੀ. ਖਰਖੌਦਾ ਲਗਭਗ 3,200 ਏਕੜ, ਆਈ.ਐੱਮ.ਟੀ. ਫਰੀਦਾਬਾਦ ਲਗਭਗ 1,800 ਏਕੜ ਅਤੇ ਆਈ.ਐੱਮ.ਟੀ. ਸੋਹਨਾ ਲਗਭਗ 1,500 ਏਕੜ ਵਿੱਚ ਫੈਲੀ ਹੋਈ ਹੈ। ਇਨ੍ਹਾਂ ਉਦਯੋਗਿਕ ਖੇਤਰਾਂ ਵਿੱਚ ਸਰਕਾਰ ਦੁਆਰਾ ਕੰਪਨੀਆਂ ਨੂੰ ਉਦਯੋਗ ਸਥਾਪਿਤ ਕਰਨ ਲਈ ਸੜਕਾਂ, ਬਿਜਲੀ, ਪਾਣੀ, ਲੌਜਿਸਟਿਕਸ, ਉਦਯੋਗਿਕ ਪਲਾਟ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਉਪਲਬਧ ਕਰਵਾਈਆਂ ਗਈਆਂ ਹਨ ਜੋ ਕੰਪਨੀਆਂ ਨੂੰ ਸੰਚਾਲਨ ਲਈ ਬਿਹਤਰ ਆਧਾਰ ਉਪਲਬਧ ਕਰਵਾਉਂਦੀਆਂ ਹਨ। ਨਿਯੋਜਿਤ ਉਦਯੋਗਿਕ ਖੇਤਰਾਂ ਵਿੱਚ ਨਿਵੇਸ਼ਕਾਂ ਨੂੰ ਜ਼ਮੀਨ ਅਤੇ ਬੁਨਿਆਦੀ ਸਹੂਲਤਾਂ ਇੱਕੋ ਥਾਂ 'ਤੇ ਉਪਲਬਧ ਹੋਣ ਨਾਲ ਪ੍ਰੋਜੈਕਟਾਂ ਨੂੰ ਅੱਗੇ ਵਧਾਉਣ ਵਿੱਚ ਸਹੂਲਤ ਮਿਲਦੀ ਹੈ।

ਉਨ੍ਹਾਂ ਦੱਸਿਆ ਕਿ ਹਰਿਆਣਾ ਦੇ ਇਨ੍ਹਾਂ ਆਈ.ਐੱਮ.ਟੀ. ਵਿੱਚ ਵੱਖ-ਵੱਖ ਖੇਤਰਾਂ ਦੀਆਂ ਕੰਪਨੀਆਂ ਨਿਵੇਸ਼ ਕਰ ਰਹੀਆਂ ਹਨ। ਇਨ੍ਹਾਂ ਆਈ.ਐੱਮ.ਟੀ. ਵਿੱਚ ਮਾਰੂਤੀ ਸੁਜ਼ੂਕੀ 800 ਏਕੜ ਜ਼ਮੀਨ 'ਤੇ 18,000 ਕਰੋੜ ਰੁਪਏ, ਏ.ਟੀ.ਐੱਲ. ਕੰਪਨੀ 178 ਏਕੜ ਵਿੱਚ 7,000 ਕਰੋੜ ਰੁਪਏ, ਆਦਿਤਿਆ ਬਿਰਲਾ ਗਰੁੱਪ 70 ਏਕੜ ਵਿੱਚ 1,140 ਕਰੋੜ ਰੁਪਏ, ਟੋਇਟਾ ਬੋਸ਼ੋਕੂ 21 ਏਕੜ ਵਿੱਚ 400 ਕਰੋੜ ਰੁਪਏ, ਅਮੂਲ 10 ਏਕੜ ਵਿੱਚ 300 ਕਰੋੜ ਰੁਪਏ ਨਾਲ ਦੁੱਧ ਅਤੇ ਡੇਅਰੀ ਉਤਪਾਦ, ਡੈਸੋ 37 ਏਕੜ ਵਿੱਚ 570 ਕਰੋੜ ਰੁਪਏ, ਫਲਿਪਕਾਰਟ 140 ਏਕੜ ਵਿੱਚ 1,300 ਕਰੋੜ ਰੁਪਏ, ਫੈਵੇਲੀ ਟ੍ਰਾਂਸਪੋਰਟ 5 ਏਕੜ ਵਿੱਚ 200 ਕਰੋੜ ਰੁਪਏ, ਯੂਫਲੇਕਸ 14 ਏਕੜ ਵਿੱਚ 300 ਕਰੋੜ ਰੁਪਏ ਅਤੇ ਯੂਨੋ-ਮਿੰਡਾ 94 ਏਕੜ ਵਿੱਚ 11,000 ਕਰੋੜ ਰੁਪਏ ਦੇ ਪ੍ਰੋਜੈਕਟਾਂ ਰਾਹੀਂ ਹਰਿਆਣਾ ਦੇ ਵਿਕਾਸ ਨੂੰ ਨਵਾਂ ਆਕਾਰ ਦੇ ਰਹੀਆਂ ਹਨ। ਉਦਯੋਗਾਂ ਦੇ ਵਿਸਥਾਰ ਨਾਲ ਕੁਸ਼ਲ ਤਕਨੀਕੀ ਕਰਮਚਾਰੀਆਂ, ਇੰਜੀਨੀਅਰਾਂ, ਮਸ਼ੀਨ ਆਪਰੇਟਰਾਂ, ਗੁਣਵੱਤਾ ਕੰਟਰੋਲ ਮਾਹਰਾਂ, ਪ੍ਰਸ਼ਾਸਨਿਕ ਕਰਮਚਾਰੀਆਂ ਅਤੇ ਹੋਰ ਮਜ਼ਦੂਰਾਂ ਦੀ ਮੰਗ ਪੈਦਾ ਹੁੰਦੀ ਹੈ।

# ਡੋਰ-ਟੂ-ਡੋਰ ਮੁਹਿੰਮ ਸਬੰਧੀ ਖਡੂਰ ਸਾਹਿਬ ਦੇ ਸਰਕਲ ਪ੍ਰਧਾਨਾਂ ਨਾਲ ਰਮਨਦੀਪ ਕੌਰ ਸ਼ੇਰੋਂ ਤੇ ਸਰਪੰਚ ਅਵਤਾਰ ਸਿੰਘ ਬਿੱਲਾ ਦੀ ਮੀਟਿੰਗ

## ਹਲਕੇ ਵਿੱਚ ਪਾਰਟੀ ਦੀਆਂ ਗਤੀਵਿਧੀਆਂ ਤੇਜ਼ ਕਰਨ ਅਤੇ ਲੋਕਾਂ ਨਾਲ ਰਾਬਤਾ ਵਧਾਉਣ ਬਾਰੇ ਹੋਈ ਵਿਚਾਰ-ਚਰਚਾ



ਖਡੂਰ ਸਾਹਿਬ, 12 ਅਕਤੂਬਰ (ਅਜੈ ਬਾਵਾ): ਹਲਕਾ ਸ੍ਰੀ ਖਡੂਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਬੀਬਾ ਰਮਨਦੀਪ ਕੌਰ ਸ਼ੇਰੋਂ ਅਤੇ ਯੂਥ ਆਗੂ ਸਰਪੰਚ ਅਵਤਾਰ ਸਿੰਘ ਬਿੱਲਾ ਸ਼ੇਰੋਂ ਵੱਲੋਂ ਸਰਕਲ ਪ੍ਰਧਾਨਾਂ ਨਾਲ ਡੋਰ-ਟੂ-ਡੋਰ ਮੁਹਿੰਮ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਦੌਰਾਨ ਹਲਕੇ ਵਿੱਚ ਆਉਣ ਵਾਲੇ ਸਮੇਂ ਦੌਰਾਨ ਪਾਰਟੀ ਦੀਆਂ ਗਤੀਵਿਧੀਆਂ ਨੂੰ ਹੋਰ ਤੇਜ਼ ਕਰਨ ਅਤੇ ਲੋਕਾਂ ਨਾਲ ਰਾਬਤਾ ਵਧਾਉਣ ਸਬੰਧੀ ਵੀ ਚਰਚਾ ਹੋਈ। ਮੀਟਿੰਗ ਦੌਰਾਨ ਸਰਕਲ ਪ੍ਰਧਾਨਾਂ ਨੇ ਆਪਣੇ ਸੁਝਾਅ ਪੇਸ਼ ਕੀਤੇ ਅਤੇ ਹਲਕੇ ਵਿੱਚ ਪਾਰਟੀ ਦੀਆਂ ਗਤੀਵਿਧੀਆਂ ਨੂੰ ਹੋਰ ਸਰਗਰਮ ਬਣਾਉਣ ਲਈ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਸਰਕਲ ਪ੍ਰਧਾਨਾਂ ਨੇ ਕਿਹਾ ਕਿ ਹਲਕਾ ਇੰਚਾਰਜ ਵੱਲੋਂ ਉਨ੍ਹਾਂ ਨੂੰ ਸੌਂਪੀ ਜਾਣ ਵਾਲੀ ਹਰ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਇਆ ਜਾਵੇਗਾ। ਇਸ ਮੌਕੇ ਹਾਜ਼ਰ ਆਗੂਆਂ ਨੇ ਡੋਰ-ਟੂ-ਡੋਰ ਮੁਹਿੰਮ ਰਾਹੀਂ ਲੋਕਾਂ ਤੱਕ ਪਹੁੰਚ ਕਰਨ ਅਤੇ ਹਲਕੇ ਵਿੱਚ ਪਾਰਟੀ ਦੀਆਂ ਸਰਗਰਮੀਆਂ ਨੂੰ ਹੋਰ ਗਤੀ ਦੇਣ ਸਬੰਧੀ ਆਪਣੇ ਸੁਝਾਅ ਦਿੱਤੇ। ਇਸ ਮੌਕੇ ਸਰਕਲ ਪ੍ਰਧਾਨ ਮਨਜਿੰਦਰ ਸਿੰਘ ਸੋਨੂੰ, ਸਤਨਾਮ ਸਿੰਘ ਸ਼ਾਹ, ਰਣਜੀਤ ਸਿੰਘ ਰਾਣਾ ਮੰਮਣਕੇ, ਜਤਿੰਦਰ ਸਿੰਘ ਟੋਨੀ, ਬਲਦੇਵ ਸਿੰਘ ਕੱਲ੍ਹਾ, ਪਿਆਰਾ ਸਿੰਘ ਦੁਗਲਵਾਲ, ਦਿਲਬਾਗ ਸਿੰਘ ਕਾਹਲਵਾਂ, ਮੋਹਣ ਸਿੰਘ, ਸੁਖਜਿੰਦਰ ਸਿੰਘ ਬਿੱਟੂ ਅਤੇ ਕੁਲਦੀਪ ਸਿੰਘ ਲਾਹੌਰੀਆ ਹਾਜ਼ਰ ਸਨ।

# ਵੂਮੈਨ, ਲੇਹਲ ਖੁਰਦ ਵਿਖੇ ਬੀ.ਐੱਡ. ਦੇ ਨਵੇਂ ਸੈਸ਼ਨ ਦੀ ਸ਼ੁਰੂਆਤ ਮੌਕੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ

## ਸਰਬੱਤ ਦੇ ਭਲੇ ਲਈ ਕੀਤੀ ਅਰਦਾਸ, ਵਿਦਿਆਰਥੀਆਂ ਨੂੰ ਅਧਿਆਤਮਿਕਤਾ ਅਤੇ ਨੈਤਿਕ ਕਦਰਾਂ-ਕੀਮਤਾਂ ਨਾਲ ਜੋੜਨ 'ਤੇ ਦਿੱਤਾ ਜ਼ੋਰ



ਮੂਨਕ 12 ਅਕਤੂਬਰ (ਗੁਰਮੇਲ ਸਿੰਘ ਸੰਗਤਪੁਰਾ) ; ਗੁਰੂ ਨਾਨਕ ਕਾਲਜ ਆਫ਼ ਐਜੂਕੇਸ਼ਨ ਫਾਰ ਵੂਮੈਨ, ਲੇਹਲ ਖੁਰਦ ਵਿਖੇ ਬੀ.ਐੱਡ. ਦੇ ਨਵੇਂ ਸੈਸ਼ਨ ਦੀ ਸ਼ੁਭ ਸ਼ੁਰੂਆਤ ਮੌਕੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ। ਇਸ ਉਪਰੰਤ ਸਰਬੱਤ ਦੇ ਭਲੇ, ਵਿਦਿਆਰਥੀਆਂ ਦੀ ਚੜ੍ਹਦੀ ਕਲਾ ਅਤੇ ਸੰਸਥਾ ਦੀ ਤਰੱਕੀ ਲਈ ਅਰਦਾਸ ਕੀਤੀ ਗਈ। ਇਸ ਮੌਕੇ ਕਾਲਜ ਦੀ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਰਾਜੇਸ਼ ਕੁਮਾਰ ਗਰਗ, ਵਾਈਸ ਚੇਅਰਮੈਨ ਵਿਜੇ ਕੁਮਾਰ ਕਾਂਸਲ, ਜਨਰਲ ਸਕੱਤਰ ਪ੍ਰੇਮ ਗਰਗ ਅਤੇ ਮੈਨੇਜਮੈਂਟ ਮੈਂਬਰ ਮੋਨਿਕਾ ਗੁਪਤਾ ਨੇ ਕਿਹਾ ਕਿ ਸੰਸਥਾ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਦੇ ਨਾਲ-ਨਾਲ ਅਧਿਆਤਮਿਕਤਾ ਨਾਲ ਜੋੜਨਾ ਵੀ ਹੈ। ਉਨ੍ਹਾਂ ਕਿਹਾ ਕਿ ਅਧਿਆਤਮਿਕਤਾ ਨਾਲ ਜੁੜਨ ਸਦਕਾ ਵਿਦਿਆਰਥੀਆਂ ਅੰਦਰ ਨੈਤਿਕ ਕਦਰਾਂ-ਕੀਮਤਾਂ ਦਾ ਵਿਕਾਸ ਹੁੰਦਾ ਹੈ, ਜੋ ਉਨ੍ਹਾਂ ਦੇ ਸਰਵਪੱਖੀ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਨੈਤਿਕ ਕਦਰਾਂ-ਕੀਮਤਾਂ ਨਾਲ ਭਰਪੂਰ ਵਿਦਿਆਰਥੀ ਹੀ ਭਵਿੱਖ ਵਿੱਚ ਇੱਕ ਕਾਬਲ, ਜ਼ਿੰਮੇਵਾਰ ਅਤੇ ਉੱਚੇ ਆਚਰਨ ਵਾਲੇ ਨਾਗਰਿਕ ਬਣ ਸਕਦੇ ਹਨ। ਇਸ ਮੌਕੇ ਕਾਲਜ ਦੀ ਡਾਇਰੈਕਟਰ-ਕਮ-ਪ੍ਰਿੰਸੀਪਲ ਡਾ. ਰਮਨਦੀਪ ਕੌਰ ਨੇ ਕਿਹਾ ਕਿ ਸਾਡਾ ਦੇਸ਼ ਗੁਰੂਆਂ, ਪੀਰਾਂ ਅਤੇ ਪੈਗੰਬਰਾਂ ਦੀ ਮਹਾਨ ਵਿਰਾਸਤ ਦਾ ਧਾਰਨੀ ਹੈ। ਇਸ ਵਿਰਾਸਤ ਨਾਲ ਵਿਦਿਆਰਥੀਆਂ ਨੂੰ ਜੋੜਨਾ ਸੰਸਥਾ ਦਾ ਮੁੱਖ ਉਦੇਸ਼ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਦੇ ਨਾਲ-ਨਾਲ ਅਧਿਆਤਮਿਕਤਾ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਅਪਣਾਉਣ ਵਾਲੇ ਵਿਦਿਆਰਥੀ ਜੀਵਨ ਵਿੱਚ ਬਿਹਤਰ ਇਨਸਾਨ ਬਣਨ ਦੇ ਨਾਲ-ਨਾਲ ਸਮਾਜ ਅਤੇ ਦੇਸ਼ ਦੀ ਤਰੱਕੀ ਵਿੱਚ ਵੀ ਅਹਿਮ ਯੋਗਦਾਨ ਪਾ ਸਕਦੇ ਹਨ। ਉਨ੍ਹਾਂ ਨੇ ਨਵੇਂ ਸੈਸ਼ਨ ਦੀ ਸ਼ੁਰੂਆਤ ਮੌਕੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦਿਆਂ ਕਿਹਾ ਕਿ ਸੰਸਥਾ ਵਿਦਿਆਰਥੀਆਂ ਨੂੰ ਵਿੱਦਿਅਕ ਅਤੇ ਅਧਿਆਤਮਿਕ ਪੱਖੋਂ ਮਜ਼ਬੂਤ ਬਣਾਉਣ ਲਈ ਵਚਨਬੱਧ ਹੈ। ਇਸ ਮੌਕੇ ਪ੍ਰਿੰਸੀਪਲ ਡਾ. ਸੀਮਾ ਗਰਗ, ਪ੍ਰਿੰਸੀਪਲ ਰੀਤੂ ਗੋਇਲ, ਸਮੂਹ ਮੈਨੇਜਮੈਂਟ ਮੈਂਬਰ ਅਤੇ ਕਾਲਜ ਦਾ ਸਮੁੱਚਾ ਸਟਾਫ਼ ਹਾਜ਼ਰ ਸੀ।

# ਭਾਜਪਾ ਦੀ 16 ਅਕਤੂਬਰ ਨੂੰ ਹੋਣ ਵਾਲੀ ਪ੍ਰਦੇਸ਼ ਕਾਰਜਕਾਰਨੀ ਨੂੰ ਲੈ ਕੇ ਕੀਤੀ ਮੀਟਿੰਗ : ਜੀਵਨ ਗਰਗ



ਸੰਗਰੂਰ, 12 ਅਕਤੂਬਰ (ਰਾਜੂ ਸਿੰਗਲਾ): ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਸੰਗਰੂਰ-1 ਦੀ ਇੱਕ ਅਹਿਮ ਮੀਟਿੰਗ ਸੰਗਰੂਰ ਭਾਜਪਾ ਦਫ਼ਤਰ ਸੰਗਰੂਰ ਵਿਖੇ ਹੋਈ, ਜਿਸ ਦੀ ਅਗਵਾਈ ਸੂਬਾ ਜਰਨਲ ਸਕੱਤਰ ਜੀਵਨ ਗਰਗ ਅਤੇ ਜ਼ਿਲ੍ਹਾ ਪ੍ਰਧਾਨ ਸਰਜੀਵਨ ਜਿੰਦਲ ਵੱਲੋਂ ਕੀਤੀ ਗਈ। ਇਸ ਮੀਟਿੰਗ ਵਿੱਚ ਭਾਜਪਾ ਪ੍ਰਦੇਸ਼ ਕਾਰਜਕਾਰਨੀ ਜੋਕਿ 16 ਅਕਤੂਬਰ ਨੂੰ ਸੰਗਰੂਰ ਵਿਖੇ ਹੋ ਰਹੀ ਹੈ, ਉਸ ਲਈ ਭਾਜਪਾ ਵਰਕਰਾਂ ਵਿੱਚ ਬਹੁਤ ਹੀ ਉਤਸ਼ਾਹ ਹੈ ਅਤੇ ਮਾਣ ਵਾਲੀ ਗੱਲ ਹੈ। ਭਾਰਤੀ ਜਨਤਾ ਪਾਰਟੀ ਪੰਜਾਬ ਵਿੱਚ ਪੂਰੀ ਤਰ੍ਹਾਂ ਸਰਗਰਮ ਹੈ ਅਤੇ ਭਾਰਤੀ ਜਨਤਾ ਪਾਰਟੀ ਦਾ ਵਧ ਰਿਹਾ ਗਰਾਫ ਇਸਦਾ ਪ੍ਰਮਾਣ ਹੈ। ਭਾਜਪਾ ਦੀ ਪ੍ਰਦੇਸ਼ ਕਾਰਜਕਾਰਨੀ ਨੂੰ ਲੈ ਕੇ ਇਸਨੂੰ ਪੂਰੀ ਤਰ੍ਹਾਂ ਸਫ਼ਲ ਬਣਾਉਣ ਲਈ ਜ਼ਿਲ੍ਹਾ ਸੰਗਰੂਰ ਦੇ ਵਰਕਰਾਂ ਨੂੰ ਵੱਖ-ਵੱਖ ਜਿੰਮੇਵਾਰੀਆਂ ਦਿੱਤੀਆਂ ਗਈਆਂ ਹਨ। ਦਫ਼ਤਰੀ ਕੰਮ ਤੋਂ ਲੈ ਕੇ ਭੋਜਨ ਤੱਕ ਸਾਜ-ਸਜਾਵਟ ਤੋਂ ਲੈ ਕੇ ਭਾਜਪਾ ਦੇ ਝੰਡਿਆਂ ਨੂੰ ਉਚਾ ਕਰਨ ਤੱਕ ਰਜਿਸਟ੍ਰੇਸ਼ਨ ਤੋਂ ਲੈ ਕੇ ਸਵਾਗਤ ਤੱਕ ਅਤੇ ਖਾਸ ਤੌਰ ਤੇ ਮਹਿਮਾਨ ਨਵਾਜੀ ਤੱਕ ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਸੰਗਰੂਰ ਦਾ ਵਰਕਰ ਹਰ ਸਮੇਂ ਤਿਆਰ ਹਨ। ਦੇਖਣ ਵਾਲੀ ਗੱਲ ਇਹ ਰਹੀ ਕਿ ਪਾਰਟੀ ਮੀਟਿੰਗ ਵਿੱਚ ਵਰਕਰਾਂ ਵੱਲੋਂ ਖੁਦ ਉਠ ਕੇ ਆਪਣੀਆਂ ਜਿੰਮੇਵਾਰੀਆਂ ਨਿਭਾਉਣ ਦਾ ਵਾਅਦਾ ਕੀਤਾ ਗਿਆ। ਇਸ ਮੌਕੇ ਕਾਰਜਕਾਰਨੀ ਮੀਟਿੰਗ ਵਿੱਚ ਭਾਜਪਾ ਦੇ ਰਾਸ਼ਟਰੀ ਸੰਗਠਨ ਮੰਤਰੀ ਬੀ.ਐਲ ਸੰਤੋਸ਼, ਸਟੇਟ ਇੰਚਾਰਜ ਅਤੇ ਰਾਜ ਸਭਾ ਮੈਂਬਰ ਸਤੀਸ਼ ਪੂਨੀਆ, ਸਹਿ ਪ੍ਰਭਾਰੀ ਬਰਿੰਦਰ ਸੱਚਦੇਵਾ, ਸਹਿ ਪ੍ਰਭਾਰੀ ਅਲਕਾ ਗੁਜਰ, ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ, ਤਰੁਨ ਚੁੱਘ, ਰਾਜ ਸਭਾ ਮੈਂਬਰ ਰਾਘਵ ਚੱਢਾ, ਰਾਜ ਸਭਾ ਮੈਂਬਰ ਰਜਿੰਦਰ ਗੁਪਤਾ, ਸੰਦੀਪ ਪਾਠਕ, ਵਿਕਰਮ ਸਾਹਨੀ, ਰਾਜ ਸਭਾ ਮੈਂਬਰ ਹਰਭਜਨ ਸਿੰਘ, ਰਾਜ ਸਭਾ ਮੈਂਬਰ ਅਸ਼ੋਕ ਮਿੱਤਲ, ਸੰਗਠਨ ਮੰਤਰੀ ਸ੍ਰੀ ਨਿਵਾਸਲੂ, ਸੁਨੀਲ ਜਾਖੜ, ਅਸ਼ਵਨੀ ਸ਼ਰਮਾ, ਸ਼ਵੇਤ ਮਲਿਕ, ਮਨੋਰੰਜਨ ਕਾਲੀਆ, ਮਨਪ੍ਰੀਤ ਬਾਦਲ, ਸੂਬਾ ਮਹਾ ਮੰਤਰੀ ਰਜਨੀਸ਼ ਧੀਮਾਨ, ਅਨੀਲ ਸਰੀਨ, ਰਜੇਸ਼ ਬਾਘਾ ਸਮੇਤ ਸਮੁੱਚੀ ਭਾਜਪਾ ਲੀਡਰਸ਼ਿੱਪ ਸੰਗਰੂਰ ਵਿਖੇ ਪਹੁੰਚ ਰਹੀ ਹੈ।

# ਦਿੱਲੀ ਨਗਰ ਨਿਗਮ ਨੇ 47 ਖਸਤਾ-ਹਾਲ ਇਮਾਰਤਾਂ ਨੂੰ ਢਾਹਿਆ ਅਤੇ 282 ਨੂੰ ਸੀਲ ਕੀਤਾ

ਨਵੀਂ ਦਿੱਲੀ, 12 ਅਕਤੂਬਰ (ਪੱਤਰ ਪ੍ਰੇਰਕ): ਦਿੱਲੀ ਨਗਰ ਨਿਗਮ ਨੇ ਰਾਜਧਾਨੀ ਵਿਚ ਗੈਰ-ਕਾਨੂੰਨੀ ਉਸਾਰੀਆਂ ਅਤੇ ਖਸਤਾ-ਹਾਲ ਇਮਾਰਤਾਂ ਵਿਰੁੱਧ ਆਪਣੀ ਮੁਹਿੰਮ ਤੇਜ਼ ਕਰ ਦਿੱਤੀ ਹੈ। ਰੇਖਾ ਗੁਪਤਾ ਅਨੁਸਾਰ, 6 ਸਤੰਬਰ ਤੋਂ 10 ਅਕਤੂਬਰ ਦਰਮਿਆਨ ਸਾਰੇ 12 ਜ਼ੋਨਾਂ ਵਿੱਚ 1,046 ਜਾਇਦਾਦਾਂ ਨੂੰ ਢਾਹੁਣ ਦੀ ਕਾਰਵਾਈ ਕੀਤੀ ਗਈ। ਇਸ ਮਿਆਦ ਦੌਰਾਨ, 282 ਜਾਇਦਾਦਾਂ ਨੂੰ ਸੀਲ ਕੀਤਾ ਗਿਆ ਅਤੇ 47 ਖਸਤਾ-ਹਾਲ ਇਮਾਰਤਾਂ ਨੂੰ ਢਾਹ ਦਿੱਤਾ ਗਿਆ।

# ਪੰਜਾਬ ਦੀ ਆਰਥਿਕਤਾ ਮਜ਼ਬੂਤ ਕਰਨ ਲਈ ਖੇਤੀਬਾੜੀ ਨੂੰ ਲਾਹੇਵੰਦ ਬਣਾਉਣਾ ਅਤੇ ਸਹਾਇਕ ਧੰਦਿਆਂ ਨੂੰ ਉਤਸ਼ਾਹਿਤ ਕਰਨਾ ਸ਼੍ਰੋਮਣੀ ਅਕਾਲੀ ਦਲ ਦਾ ਮੁੱਖ ਮਕਸਦ: ਅਰਵਿੰਦ ਖੰਨਾ

## ਕਿਸਾਨਾਂ ਦੀ ਆਮਦਨ ਵਧਾਉਣ ਅਤੇ ਪੇਂਡੂ ਅਰਥਚਾਰੇ ਨੂੰ ਮਜ਼ਬੂਤ ਕਰਨ 'ਤੇ ਦਿੱਤਾ ਜ਼ੋਰ



ਸੰਗਰੂਰ, 12 ਅਕਤੂਬਰ (ਰਾਜੂ ਸਿੰਗਲਾ): ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਰਵਿੰਦ ਖੰਨਾ ਨੇ ਕਿਹਾ ਹੈ ਕਿ ਪੰਜਾਬ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਖੇਤੀਬਾੜੀ ਨੂੰ ਲਾਹੇਵੰਦ ਬਣਾਉਣਾ ਅਤੇ ਖੇਤੀ ਨਾਲ ਜੁੜੇ ਸਹਾਇਕ ਧੰਦਿਆਂ ਨੂੰ ਉਤਸ਼ਾਹਿਤ ਕਰਨਾ ਸ਼੍ਰੋਮਣੀ ਅਕਾਲੀ ਦਲ ਦਾ ਮੁੱਖ ਮਕਸਦ ਰਹੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੀ ਤਰੱਕੀ ਦਾ ਰਾਹ ਕਿਸਾਨਾਂ ਦੀ ਖੁਸ਼ਹਾਲੀ ਅਤੇ ਪੇਂਡੂ ਅਰਥਚਾਰੇ ਦੀ ਮਜ਼ਬੂਤੀ ਨਾਲ ਜੁੜਿਆ ਹੋਇਆ ਹੈ। ਅਰਵਿੰਦ ਖੰਨਾ ਨੇ ਕਿਹਾ ਕਿ ਪੰਜਾਬ ਦੀ ਆਰਥਿਕਤਾ ਵਿੱਚ ਖੇਤੀਬਾੜੀ ਦਾ ਅਹਿਮ ਯੋਗਦਾਨ ਹੈ, ਪਰ ਕਿਸਾਨਾਂ ਨੂੰ ਵਧਦੀਆਂ ਲਾਗਤਾਂ ਅਤੇ ਖੇਤੀ ਤੋਂ ਘੱਟ ਰਹੇ ਮੁਨਾਫ਼ੇ ਵਰਗੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਜਿਹੇ ਹਾਲਾਤ ਵਿੱਚ ਖੇਤੀ ਨੂੰ ਲਾਹੇਵੰਦ ਬਣਾਉਣ ਲਈ ਠੋਸ ਉਪਰਾਲੇ ਕਰਨ ਦੀ ਲੋੜ ਹੈ, ਤਾਂ ਜੋ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੋ ਸਕੇ ਅਤੇ ਉਨ੍ਹਾਂ ਦਾ ਜੀਵਨ ਪੱਧਰ ਬਿਹਤਰ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਡੇਅਰੀ ਫਾਰਮਿੰਗ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਹੋਰ ਸਹਾਇਕ ਧੰਦਿਆਂ ਨੂੰ ਉਤਸ਼ਾਹਿਤ ਕਰਕੇ ਕਿਸਾਨਾਂ ਲਈ ਆਮਦਨ ਦੇ ਨਵੇਂ ਸਰੋਤ ਪੈਦਾ ਕੀਤੇ ਜਾ ਸਕਦੇ ਹਨ। ਇਸ ਨਾਲ ਪੇਂਡੂ ਖੇਤਰਾਂ ਵਿੱਚ ਰੁਜ਼ਗਾਰ ਦੇ ਮੌਕੇ ਵਧਣਗੇ ਅਤੇ ਨੌਜਵਾਨਾਂ ਨੂੰ ਆਪਣੇ ਪਿੰਡਾਂ ਵਿੱਚ ਹੀ ਰੁਜ਼ਗਾਰ ਹਾਸਲ ਕਰਨ ਦੇ ਬਿਹਤਰ ਮੌਕੇ ਮਿਲ ਸਕਣਗੇ। ਅਕਾਲੀ ਆਗੂ ਨੇ ਕਿਹਾ ਕਿ ਪੰਜਾਬ ਨੂੰ ਮੁੜ ਆਰਥਿਕ ਤੌਰ 'ਤੇ ਮਜ਼ਬੂਤ ਅਤੇ ਖੁਸ਼ਹਾਲ ਬਣਾਉਣ ਲਈ ਕਿਸਾਨਾਂ, ਵਪਾਰੀਆਂ, ਉਦਯੋਗਪਤੀਆਂ ਅਤੇ ਨੌਜਵਾਨਾਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਨੀਤੀਆਂ ਬਣਾਉਣੀਆਂ ਜ਼ਰੂਰੀ ਹਨ। ਉਨ੍ਹਾਂ ਕਿਹਾ ਕਿ ਖੇਤੀਬਾੜੀ ਨੂੰ ਲਾਹੇਵੰਦ ਬਣਾਉਣ ਅਤੇ ਸਹਾਇਕ ਧੰਦਿਆਂ ਦੇ ਵਿਸਥਾਰ ਨਾਲ ਪੰਜਾਬ ਦੇ ਪੇਂਡੂ ਅਰਥਚਾਰੇ ਨੂੰ ਨਵੀਂ ਦਿਸ਼ਾ ਦਿੱਤੀ ਜਾ ਸਕਦੀ ਹੈ।

# ਅਕੇਡੀਆ ਵਰਲਡ ਸਕੂਲ ਸੁਨਾਮ ਦੇ ਵਿਦਿਆਰਥੀਆਂ ਨੇ ਜ਼ੋਨ ਪੱਧਰੀ ਬੈਡਮਿੰਟਨ ਮੁਕਾਬਲਿਆਂ ਵਿੱਚ ਜਿੱਤਿਆ ਚਾਂਦੀ ਦਾ ਤਮਗਾ

ਸ਼ੁਨਾਮ ਊਧਮ ਸਿੰਘ ਵਾਲਾ, 12 ਅਕਤੂਬਰ (ਰਾਜ਼ੇਸ਼ ਕੁਮਾਰ): ਸਥਾਨਕ ਅਕੇਡੀਆ ਵਰਲਡ ਸਕੂਲ ਦੇ ਵਿਦਿਆਰਥੀਆਂ ਨੇ ਪ੍ਰਾਇਮਰੀ ਜ਼ੋਨ ਪੱਧਰੀ ਖੇਡ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਬੈਡਮਿੰਟਨ ਵਿੱਚ ਚਾਂਦੀ ਦਾ ਤਮਗਾ ਜਿੱਤ ਕੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਇਸ ਦੇ ਨਾਲ ਹੀ ਵਿਦਿਆਰਥੀਆਂ ਨੇ ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਲਈ ਵੀ ਆਪਣੀ ਜਗ੍ਹਾ ਪੱਕੀ ਕੀਤੀ ਹੈ। ਇਸ ਸ਼ਾਨਦਾਰ ਪ੍ਰਾਪਤੀ ਵਿੱਚ ਪੰਜਵੀਂ ਜਮਾਤ (ਲਿਲੈਕ) ਦੇ ਵਿਦਿਆਰਥੀ ਅਨਮੋਲ ਅਰੋੜਾ ਅਤੇ ਪੰਜਵੀਂ ਜਮਾਤ ਦੀ (ਐਸਟਰ) ਦੇ ਵਿਦਿਆਰਥੀ ਦੀਪਕ ਗਰਗ ਤੇ ਨੇਮਿਸ਼ ਗਰਗ ਨੇ ਅਹਿਮ ਭੂਮਿਕਾ ਨਿਭਾਈ। ਵਿਦਿਆਰਥੀਆਂ ਦੀ ਇਸ ਪ੍ਰਾਪਤੀ ਨਾਲ ਸਕੂਲ ਵਿੱਚ ਖੁਸ਼ੀ ਦਾ ਮਾਹੌਲ ਹੈ। ਸਕੂਲ ਪ੍ਰਿੰਸੀਪਲ ਰਣਜੀਤ ਕੌਰ ਅਤੇ ਸਮੂਹ ਸਟਾਫ਼ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਮੀਦ ਜਤਾਈ ਕਿ ਉਹ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਵੀ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਅਤੇ ਇਲਾਕੇ ਦਾ ਨਾਮ ਰੌਸ਼ਨ ਕਰਨਗੇ।



# ਅਕਾਲ ਡਿਗਰੀ ਕਾਲਜ ਮਸਤੂਆਣਾ ਸਾਹਿਬ ਵਿਖੇ ਚਾਰ ਰੋਜ਼ਾ ਖੇਤਰੀ ਯੁਵਕ ਤੇ ਲੋਕ ਮੇਲੇ ਦਾ ਹੋਇਆ ਸ਼ਾਨਦਾਰ ਆਗਾਜ਼

## ਕਰਮਜੀਤ ਅਨਮੋਲ ਨੇ ਬੰਨ੍ਹਿਆ ਰੰਗ, ਪੰਮੀ ਬਾਈ ਨੇ ਨੌਜਵਾਨਾਂ ਨੂੰ ਪੰਜਾਬੀ ਵਿਰਸੇ ਨਾਲ ਜੁੜਨ ਦਾ ਦਿੱਤਾ ਸੁਨੇਹਾ



ਸੰਗਰੂਰ, 12 ਅਕਤੂਬਰ (ਰਾਜੂ ਸਿੰਗਲਾ): ਗੁਰਸਾਗਰ ਮਸਤੂਆਣਾ ਸਾਹਿਬ ਸਥਿਤ ਅਕਾਲ ਡਿਗਰੀ ਕਾਲਜ ਵਿਖੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਕਰਵਾਏ ਜਾ ਰਹੇ ਚਾਰ ਰੋਜ਼ਾ ਖੇਤਰੀ ਯੁਵਕ ਅਤੇ ਲੋਕ ਮੇਲੇ ਦਾ ਸ਼ਾਨਦਾਰ ਆਗਾਜ਼ ਹੋਇਆ। ਮੇਲੇ ਵਿੱਚ ਵੱਖ-ਵੱਖ ਕਾਲਜਾਂ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ ਅਤੇ ਪੰਜਾਬੀ ਸੱਭਿਆਚਾਰ, ਲੋਕ ਕਲਾਵਾਂ ਤੇ ਵਿਰਸੇ ਦੀਆਂ ਵੱਖ-ਵੱਖ ਵੰਨਗੀਆਂ ਨੇ ਮਾਹੌਲ ਨੂੰ ਰੰਗੀਨ ਬਣਾ ਦਿੱਤਾ। ਮੇਲੇ ਦੇ ਉਦਘਾਟਨੀ ਸਮਾਰੋਹ ਮੌਕੇ ਹਲਕਾ ਵਿਧਾਇਕ ਬੀਬਾ ਨਰਿੰਦਰ ਕੌਰ ਭਰਾਜ, ਫਿਲਮੀ ਅਦਾਕਾਰ ਤੇ ਕਾਮੇਡੀਅਨ ਕਰਮਜੀਤ ਅਨਮੋਲ, ਪ੍ਰਸਿੱਧ ਲੋਕ ਗਾਇਕ ਪੰਮੀ ਬਾਈ, ਜੱਸੀ ਲੌਂਗੋਵਾਲੀਆ ਅਤੇ ਸਾਬਕਾ ਖਜ਼ਾਨਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਦੇ ਓਐੱਸਡੀ ਅਮਨਵੀਰ ਸਿੰਘ ਚੈਰੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਅਕਾਲ ਕਾਲਜ ਕੌਂਸਲ ਦੇ ਸੀਨੀਅਰ ਮੈਂਬਰਾਂ, ਵੱਖ-ਵੱਖ ਕਾਲਜਾਂ ਦੇ ਪ੍ਰਿੰਸੀਪਲਾਂ, ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਵੀ ਸ਼ਮੂਲੀਅਤ ਕੀਤੀ। ਸਮਾਗਮ ਦੀ ਸ਼ੁਰੂਆਤ ਅਕਾਲ ਕਾਲਜ ਕੌਂਸਲ ਦੇ ਸਕੱਤਰ ਜਸਵੰਤ ਸਿੰਘ ਖਹਿਰਾ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਯੁਵਕ ਭਲਾਈ ਵਿਭਾਗ ਦੇ ਡਾਇਰੈਕਟਰ ਡਾ. ਭੀਮਇੰਦਰ ਸਿੰਘ, ਕਾਲਜ ਪ੍ਰਿੰਸੀਪਲ ਡਾ. ਅਮਨਦੀਪ ਕੌਰ, ਕੌਂਸਲ ਦੇ ਸੀਨੀਅਰ ਮੈਂਬਰ ਮਨਜੀਤ ਸਿੰਘ ਬਾਲੀਆਂ, ਪ੍ਰੋ. ਹਰਜਿੰਦਰ ਸਿੰਘ ਗਿੱਲ, ਪ੍ਰੋ. ਜਤਿੰਦਰ ਦੇਵ, ਪ੍ਰੋ. ਨਿਰਪਜੀਤ ਸਿੰਘ, ਪ੍ਰਿੰਸੀਪਲ ਗੁਰਵੀਰ ਸਿੰਘ, ਮੇਜਰ ਸਿੰਘ ਚੱਠਾ ਅਤੇ ਪ੍ਰਿੰਸੀਪਲ ਮੈਡਮ ਗੀਤਾ ਠਾਕੁਰ ਵੱਲੋਂ ਸਾਂਝੇ ਤੌਰ 'ਤੇ ਸ਼ਮਾ ਰੌਸ਼ਨ ਕਰਕੇ ਕੀਤੀ ਗਈ। ਇਸ ਉਪਰੰਤ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ। ਉਦਘਾਟਨੀ ਸਮਾਰੋਹ ਦੌਰਾਨ ਵਿਧਾਇਕ ਬੀਬਾ ਨਰਿੰਦਰ ਕੌਰ ਭਰਾਜ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਅਜਿਹੇ ਸਮਾਗਮਾਂ ਦੀ ਮਹੱਤਤਾ 'ਤੇ ਚਾਨਣਾ ਪਾਇਆ। ਉੱਘੇ ਫਿਲਮੀ ਕਲਾਕਾਰ ਅਤੇ ਕਾਮੇਡੀਅਨ ਕਰਮਜੀਤ ਅਨਮੋਲ ਨੇ ਆਪਣੀ ਹਾਜ਼ਰੀ ਨਾਲ ਮੇਲੇ ਵਿੱਚ ਰੌਣਕਾਂ ਲਾਈਆਂ ਅਤੇ ਵਿਦਿਆਰਥੀਆਂ ਵਿੱਚ ਉਤਸ਼ਾਹ ਭਰਿਆ। ਇਸ ਮੌਕੇ ਪ੍ਰਸਿੱਧ ਲੋਕ ਗਾਇਕ ਪੰਮੀ ਬਾਈ ਨੇ ਅਕਾਲ ਕਾਲਜ ਕੌਂਸਲ ਦੀ ਭੰਗੜਾ ਟੀਮ ਦੀ ਹੌਸਲਾ ਅਫ਼ਜ਼ਾਈ ਕੀਤੀ। ਉਨ੍ਹਾਂ ਨੌਜਵਾਨਾਂ ਨੂੰ ਪੰਜਾਬੀ ਵਿਰਸੇ, ਲੋਕ ਨਾਚਾਂ ਅਤੇ ਸੱਭਿਆਚਾਰਕ ਵਿਰਾਸਤ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ। ਮੇਲੇ ਦੌਰਾਨ ਵਿਦਿਆਰਥੀਆਂ ਨੇ ਭੰਗੜੇ ਸਮੇਤ ਵੱਖ-ਵੱਖ ਸੱਭਿਆਚਾਰਕ ਪੇਸ਼ਕਾਰੀਆਂ ਰਾਹੀਂ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਕਾਲਜ ਪ੍ਰਿੰਸੀਪਲ ਡਾ. ਅਮਨਦੀਪ ਕੌਰ ਨੇ ਸਮਾਗਮ ਵਿੱਚ ਪਹੁੰਚੇ ਮਹਿਮਾਨਾਂ, ਵੱਖ-ਵੱਖ ਕਾਲਜਾਂ ਦੇ ਪ੍ਰਿੰਸੀਪਲਾਂ ਅਤੇ ਵਿਦਿਆਰਥੀਆਂ ਦਾ ਸਵਾਗਤ ਕਰਦਿਆਂ ਉਨ੍ਹਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਅਜਿਹੇ ਯੁਵਕ ਮੇਲੇ ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਦੇ ਨਾਲ-ਨਾਲ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਨਾਲ ਜੁੜਨ ਦਾ ਸੁਨਹਿਰੀ ਮੌਕਾ ਪ੍ਰਦਾਨ ਕਰਦੇ ਹਨ। ਦੱਸਣਯੋਗ ਹੈ ਕਿ ਚਾਰ ਰੋਜ਼ਾ ਇਸ ਮੇਲੇ ਦੌਰਾਨ ਵੱਖ-ਵੱਖ ਕਾਲਜਾਂ ਦੇ ਵਿਦਿਆਰਥੀ ਵੱਖ-ਵੱਖ ਮੁਕਾਬਲਿਆਂ ਵਿੱਚ ਆਪਣੀ ਕਲਾ ਅਤੇ ਹੁਨਰ ਦਾ ਪ੍ਰਦਰਸ਼ਨ ਕਰਨਗੇ। ਮੇਲੇ ਦੇ ਪਹਿਲੇ ਦਿਨ ਹੀ ਵਿਦਿਆਰਥੀਆਂ ਅਤੇ ਕਲਾ ਪ੍ਰੇਮੀਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ।



# ਫ਼ਰੀਦਕੋਟ 'ਚ ਖੁੱਲ੍ਹਿਆ ਵੋਲਟਾਸ ਦਾ ਐਕਸਕਲੂਸਿਵ ਅਤੇ ਅਧਿਕਾਰਤ ਬ੍ਰਾਂਡ ਸ਼ੋਅਰੂਮ

## ਗਾਹਕਾਂ ਨੂੰ ਮਿਲਣਗੇ ਸ਼ਾਨਦਾਰ ਆਫ਼ਰ, ਅਸ਼ਿਓਰਡ ਗਿਫ਼ਟ ਅਤੇ 15 ਫ਼ੀਸਦੀ ਤੱਕ ਕ੍ਰੈਡਿਟ ਕਾਰਡ ਡਿਸਕਾਊਂਟ

ਜਨ ਜਾਗਰਣ ਬਿਊਰੋ



**ਫ਼ਰੀਦਕੋਟ (ਗੁਰਪ੍ਰੀਤ ਪੱਕਾ) :** ਫ਼ਰੀਦਕੋਟ ਅਤੇ ਆਸ-ਪਾਸ ਦੇ ਇਲਾਕਿਆਂ ਦੇ ਲੋਕਾਂ ਲਈ ਖ਼ੁਸ਼ਖ਼ਬਰੀ ਹੈ ਕਿ ਸਿਟੀ ਪੁਆਇੰਟ, ਫ਼ਰੀਦਕੋਟ ਵੱਲੋਂ ਵੋਲਟਾਸ ਅਤੇ ਵੋਲਟਾਸ ਬੇਕੋ ਦਾ ਐਕਸਕਲੂਸਿਵ ਅਤੇ ਅਧਿਕਾਰਤ ਬ੍ਰਾਂਡ ਸ਼ੋਅਰੂਮ ਸ਼ੁਰੂ ਕੀਤਾ ਗਿਆ ਹੈ। ਐਤਵਾਰ ਨੂੰ ਹੋਏ ਉਦਘਾਟਨ ਸਮਾਰੋਹ ਵਿੱਚ ਕੰਪਨੀ ਦੇ ਅਧਿਕਾਰੀਆਂ, ਸ਼ਹਿਰ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਵਪਾਰ ਜਗਤ ਨਾਲ ਜੁੜੇ ਪਤਵੰਤੇ ਸੱਜਣਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਵੋਲਟਾਸ ਦੇ ਸੇਲਜ਼ ਮੈਨੇਜਰ ਸਰਦਾਰ ਰਣਜੀਤ ਸਿੰਘ ਅਤੇ ਸ੍ਰੀ ਮਦਨ ਲਾਲ ਚਾਵਲਾ ਜੀ ਦੀ ਅਗਵਾਈ ਹੇਠ ਸ਼ੋਅਰੂਮ ਦਾ ਉਦਘਾਟਨ ਕੀਤਾ ਗਿਆ। ਸਮਾਰੋਹ ਦੌਰਾਨ ਭਗਵਾਨ ਸਿੰਘ ਜੀ, ਸ੍ਰੀ ਕ੍ਰਿਸ਼ਨ ਜੀ, ਸ੍ਰੀ ਸੁਖਦੇਵ ਸਿੰਘ ਆਹੂਜਾ ਜੀ, ਸ੍ਰੀ ਸਰਬਜੀਤ ਭਾਟੀਆ ਜੀ, ਸ੍ਰੀ ਬੱਬੂ ਆਹੂਜਾ ਜੀ, ਨਗਰ ਕੌਂਸਲ ਦੇ ਪ੍ਰਧਾਨ, ਸ੍ਰੀਮਤੀ ਨੀਤੂ ਸਿੰਗਲਾ ਜੀ, ਚੇਅਰਮੈਨ ਮਾਰਕੀਟ ਕਮੇਟੀ, ਸਾਦਿਕ, ਅਤੇ ਸ੍ਰੀ ਸਤੀਸ਼ ਗਰੋਵਰ ਜੀ, ਐਮ.ਸੀ. ਸਮੇਤ ਹੋਰ ਕਈ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਿਰਕਤ ਕਰਕੇ ਸ਼ੁਭਕਾਮਨਾਵਾਂ ਦਿੱਤੀਆਂ। ਸ਼ੋਅਰੂਮ ਦੇ ਸੰਚਾਲਕ ਸ੍ਰੀ ਗੌਰਵ ਸੇਠੀ ਜੀ ਨੇ ਦੱਸਿਆ ਕਿ ਇਸ ਅਧਿਕਾਰਤ ਸ਼ੋਅਰੂਮ ਵਿੱਚ ਗਾਹਕਾਂ ਨੂੰ ਘਰੇਲੂ ਅਤੇ ਵਪਾਰਕ ਇਲੈਕਟ੍ਰਾਨਿਕ ਉਤਪਾਦਾਂ ਦੀ ਵਿਸ਼ਾਲ ਰੇਂਜ ਇੱਕੋ ਛੱਤ ਹੇਠ ਉਪਲਬਧ ਹੋਵੇਗੀ। ਇੱਥੇ ਏਅਰ ਕੰਡੀਸ਼ਨਰ, ਫਰਿਜ, ਫੁੱਲੀ ਆਟੋਮੈਟਿਕ ਅਤੇ ਸੈਮੀ ਆਟੋਮੈਟਿਕ ਵਾਸ਼ਿੰਗ ਮਸ਼ੀਨਾਂ, ਡਿਸ਼ਵਾਸ਼ਰ, ਗੀਜ਼ਰ, ਪੱਖੇ, ਕੂਲਰ, ਕਮਰਸ਼ੀਅਲ ਫਰਿਜ, ਡੀਪ ਫਰੀਜ਼ਰ, ਪ੍ਰੈੱਸ ਅਤੇ ਹੋਰ ਕਈ ਉਤਪਾਦ ਉਪਲਬਧ ਹਨ। ਉਨ੍ਹਾਂ ਦੱਸਿਆ ਕਿ ਲਗਭਗ 70 ਤੋਂ 80 ਕਿਲੋਮੀਟਰ ਦੇ ਘੇਰੇ ਵਿੱਚ ਵੋਲਟਾਸ ਦਾ ਇਹ ਇੱਕ ਪ੍ਰਮੁੱਖ ਸ਼ੋਅਰੂਮ ਹੈ। ਇੱਥੇ ਗਾਹਕਾਂ ਨੂੰ ਵੱਖ-ਵੱਖ ਮਾਡਲਾਂ ਦੇ ਲਗਭਗ 30 ਤੋਂ 40 ਏ.ਸੀ. ਸਮੇਤ ਫਰਿੱਜਾਂ ਅਤੇ ਵਾਸ਼ਿੰਗ ਮਸ਼ੀਨਾਂ ਦੇ ਕਈ ਮਾਡਲ ਡਿਸਪਲੇਅ 'ਤੇ ਦੇਖਣ ਦਾ ਮੌਕਾ ਮਿਲੇਗਾ। ਇਸ ਨਾਲ ਗਾਹਕ ਆਪਣੀ ਲੋੜ, ਪਸੰਦ ਅਤੇ ਬਜਟ ਅਨੁਸਾਰ ਉਤਪਾਦ ਚੁਣ ਸਕਣਗੇ। ਸ਼ੋਅਰੂਮ ਦੀ ਇੱਕ ਹੋਰ ਖ਼ਾਸੀਅਤ ਕੰਪਨੀ ਦੇ ਆਧੁਨਿਕ ਡਿਜ਼ਾਈਨ ਅਤੇ ਨਵੀਂ ਤਕਨੀਕ ਵਾਲੇ ਫਰੈਂਚ ਡੋਰ ਕਨਵਰਟੀਬਲ ਫਰਿੱਜਾਂ ਅਤੇ ਏ.ਆਈ. ਤਕਨੀਕ ਨਾਲ ਲੈਸ ਏ.ਸੀ. ਉਤਪਾਦਾਂ ਦੀ ਉਪਲਬਧਤਾ ਹੈ। ਇਸ ਨਾਲ ਇਲਾਕੇ ਦੇ ਗਾਹਕਾਂ ਨੂੰ ਨਵੇਂ ਡਿਜ਼ਾਈਨ ਅਤੇ ਆਧੁਨਿਕ ਤਕਨੀਕ ਵਾਲੇ ਉਤਪਾਦਾਂ ਨੂੰ ਨੇੜੇ ਤੋਂ ਦੇਖਣ ਅਤੇ ਉਨ੍ਹਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਮੌਕਾ ਮਿਲੇਗਾ। ਉਨ੍ਹਾਂ ਕਿਹਾ ਕਿ ਸਿਟੀ ਪੁਆਇੰਟ ਦਾ ਮੁੱਖ ਉਦੇਸ਼ ਫਰੀਦਕੋਟ ਅਤੇ ਆਸ-ਪਾਸ ਦੇ ਇਲਾਕਿਆਂ ਦੇ ਗਾਹਕਾਂ ਨੂੰ ਵਧੀਆ ਗੁਣਵੱਤਾ ਵਾਲੇ ਉਤਪਾਦ, ਵਾਜਬ ਕੀਮਤਾਂ, ਆਕਰਸ਼ਕ ਫਾਈਨਾਂਸ ਸਹੂਲਤਾਂ ਅਤੇ ਬਿਹਤਰ ਗਾਹਕ ਸੇਵਾ ਪ੍ਰਦਾਨ ਕਰਨਾ ਹੈ। ਇਸ ਨਵੇਂ ਸ਼ੋਅਰੂਮ ਦੇ ਸ਼ੁਰੂ ਹੋਣ ਨਾਲ ਇਲਾਕੇ ਦੇ ਲੋਕਾਂ ਨੂੰ ਵੋਲਟਾਸ ਅਤੇ ਵੋਲਟਾਸ ਬੇਕੋ ਦੇ ਉਤਪਾਦਾਂ ਦੀ ਖਰੀਦਦਾਰੀ ਲਈ ਇੱਕ ਆਧੁਨਿਕ ਅਤੇ ਸੁਵਿਧਾਜਨਕ ਵਿਕਲਪ ਮਿਲੇਗਾ। ਅੰਤ ਵਿੱਚ ਸ੍ਰੀ ਗੌਰਵ ਸੇਠੀ ਜੀ ਨੇ ਉਦਘਾਟਨ ਸਮਾਰੋਹ ਵਿੱਚ ਸ਼ਾਮਲ ਹੋਣ ਵਾਲੇ ਸਾਰੇ ਮਹਿਮਾਨਾਂ, ਕੰਪਨੀ ਦੇ ਅਧਿਕਾਰੀਆਂ ਅਤੇ ਸ਼ਹਿਰ ਵਾਸੀਆਂ ਦਾ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਸਿਟੀ ਪੁਆਇੰਟ ਭਵਿੱਖ ਵਿੱਚ ਵੀ ਗਾਹਕਾਂ ਦੇ ਭਰੋਸੇ 'ਤੇ ਖਰਾ ਉਤਰਨ ਲਈ ਵਚਨਬੱਧ ਹੈ।

### ਨਵਰਾਤਿਆਂ ਦੇ ਮੌਕੇ ਗਾਹਕਾਂ ਲਈ ਵਿਸ਼ੇਸ਼ ਆਫ਼ਰ

ਸ੍ਰੀ ਗੌਰਵ ਸੇਠੀ ਜੀ ਨੇ ਦੱਸਿਆ ਕਿ ਨਵਰਾਤਿਆਂ ਦੇ ਸ਼ੁਭ ਮੌਕੇ 'ਤੇ ਸ਼ੋਅਰੂਮ ਵਿੱਚ ਗਾਹਕਾਂ ਲਈ ਵਿਸ਼ੇਸ਼ ਆਫ਼ਰ ਪੇਸ਼ ਕੀਤੇ ਜਾ ਰਹੇ ਹਨ। ਖਰੀਦਦਾਰੀ 'ਤੇ ਅਸ਼ਿਓਰਡ ਗਿਫ਼ਟ, ਕ੍ਰੈਡਿਟ ਕਾਰਡ ਰਾਹੀਂ 15 ਫ਼ੀਸਦੀ ਤੱਕ ਦੀ ਛੋਟ ਅਤੇ ਵੱਖ-ਵੱਖ ਕੈਸ਼ਬੈਕ ਸਕੀਮਾਂ ਦਾ ਲਾਭ ਲਿਆ ਜਾ ਸਕਦਾ ਹੈ। ਇਹ ਆਫ਼ਰ ਸੰਬੰਧਿਤ ਉਤਪਾਦਾਂ, ਬੈਂਕਾਂ ਅਤੇ ਲਾਗੂ ਨਿਯਮਾਂ ਤੇ ਸ਼ਰਤਾਂ ਅਨੁਸਾਰ ਉਪਲਬਧ ਹੋਣਗੇ।

# ਨਸ਼ਿਆਂ ਦੇ ਖ਼ਾਤਮੇ ਲਈ ਜ਼ਿਲ੍ਹੇ 'ਚ ਨਸ਼ਾ ਵਿਰੋਧੀ ਮੁਹਿੰਮ ਚਲਾਈ ਜਾਵੇਗੀ: ਡੀ.ਸੀ.

## ਨਸ਼ਿਆਂ ਦੇ ਹਾਟਸਪਾਟਸ ਏਰੀਏ 'ਚ ਜਾਗਰੂਕਤਾ ਤੋਂ ਇਲਾਵਾ ਨਸ਼ਾ ਤਸਕਰਾਂ ਵਿਰੁਧ ਹੋਵੇਗੀ ਸਖ਼ਤ ਕਾਰਵਾਈ

ਜਨ ਜਾਗਰਣ ਬਿਊਰੋ




**ਫ਼ਰੀਦਕੋਟ (ਗੁਰਪ੍ਰੀਤ ਪੱਕਾ):** ਜ਼ਿਲ੍ਹੇ ਵਿੱਚ ਨਸ਼ਿਆਂ ਦੇ ਵਰਤਾਰੇ ਨੂੰ ਬੰਦ ਕਰਨ, ਨਸ਼ਾ ਤਸਕਰੀ ਨੂੰ ਠੱਲ੍ਹ ਪਾਉਣ ਅਤੇ ਡਰੱਗ ਹਾਟ ਸਪੌਟਸ (ਨਸ਼ਾ ਪ੍ਰਭਾਵਿਤ ਇਲਾਕਿਆਂ)ਵਿੱਚ ਵਿਸ਼ੇਸ਼ ਜਾਗਰੂਕਤਾ ਮੁਹਿੰਮ ਚਲਾਉਣ ਲਈ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਵੱਲੋਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਵਿੱਢੀ ਮੁਹਿੰਮ ਤਹਿਤ ਲੋਕਾਂ ਨੂੰ ਜਾਗਰੂਕ ਕਰਨ, ਪੀੜਤਾਂ ਦਾ ਇਲਾਜ ਤੇ ਉਨ੍ਹਾਂ ਦੇ ਪੁਨਰਵਾਸ ਲਈ ਵਿਸ਼ੇਸ਼ ਮੁਹਿੰਮ ਚਲਾਈ ਗਈ ਹੈ। ਇਨ੍ਹਾਂ ਮੀਟਿੰਗਾਂ ਦਾ ਮੁੱਖ ਮਕਸਦ ਜ਼ਿਲ੍ਹੇ ਅੰਦਰ ਨਸ਼ਿਆਂ ਦੀ ਸਪਲਾਈ ਚੇਨ ਨੂੰ ਤੋੜਨਾ ਅਤੇ ਪੀੜਤਾਂ ਦੇ ਮੁੜ-ਵਸੇਬੇ ਲਈ ਕੰਮ ਕਰਨਾ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਜ਼ਿਲ੍ਹੇ ਵਿੱਚ ਕੁੱਲ 13 ਹਾਟਸਪੋਟਸ ਏਰੀਏ ਦੀ ਪਛਾਣ ਕੀਤੀ ਗਈ ਹੈ ਜਿਸ ਵਿੱਚੋਂ 8 ਫ਼ਰੀਦਕੋਟ ਅਤੇ 5 ਕੋਟਕਪੂਰਾ ਵਿਖੇ ਹਨ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਸਾਰੇ ਵਿਭਾਗਾਂ,ਆਮ ਲੋਕਾਂ ਨੂੰ ਮਿਲ ਕੇ ਕੰਮ ਕਰਨ ਦੀ ਲੋੜ ਹੈ। ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਡਰੱਗ ਹਾਟਸਪੌਟਸ ਵਿੱਚ ਨਸ਼ਿਆਂ ਦੀ ਰੋਕਥਾਮ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਲਗਾਤਾਰ ਸਮੀਖਿਆ ਯਕੀਨੀ ਬਣਾਈ ਜਾਵੇ ਤਾਂ ਜੋ ਇਨ੍ਹਾਂ ਥਾਵਾਂ ਤੋਂ ਨਸ਼ਿਆਂ ਦੀ ਸਮੱਸਿਆ ਨੂੰ ਪੂਰੀ ਤਰ੍ਹਾਂ ਖ਼ਤਮ ਕੀਤਾ ਜਾ ਸਕੇ। ਇਸ ਤੋਂ ਇਲਾਵਾ ਨਸ਼ਾ ਵਿਰੋਧੀ ਜਾਗਰੂਕਤਾ ਮੁਹਿੰਮ ਤਹਿਤ ਸਕੂਲਾਂ ਅਤੇ ਕਾਲਜਾਂ ਸੈਮੀਨਾਰ, ਜਾਗੂਰਕਤਾ ਰੈਲੀਆਂ ਆਦਿ ਵੀ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਰੋਕਥਾਮ ਲਈ ਵੱਧ ਤੋਂ ਵੱਧ ਲੋਕਾਂ ਨੂੰ ਜਾਗਰੂਕ ਕਰਨ ਲਈ ਐਨ.ਜੀ.ਓਜ਼, ਕਲੱਬਾਂ ਆਦਿ ਦਾ ਵੀ ਸਹਿਯੋਗ ਲਿਆ ਜਾਵੇਗਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਕੇਸ਼ਵ ਗੋਇਲ,ਐਸ.ਡੀ.ਐਮ ਫਰੀਦਕੋਟ ਪ੍ਰਦੀਪ ਸ਼ਰਮਾ, ਐਸ.ਡੀ.ਐਮ ਕੋਟਕਪੂਰਾ ਰਜਿੰਦਰ ਸਿੰਘ, ਐਸ.ਪੀ. ਜਸਪ੍ਰੀਤ ਸਿੰਘ, ਸਿਵਲ ਸਰਜਨ ਡਾ.ਗਗਨਦੀਪ ਸਿੰਗਲਾ, ਡੀ.ਈ.ਓ ਅੰਜਨਾ ਕੌਂਸਲ, ਜ਼ਿਲ੍ਹਾ ਖੇਡ ਅਫ਼ਸਰ ਬਲਜਿੰਦਰ ਸਿੰਘ, ਡਾ.ਵਿਸ਼ਵਜੀਤ ਗੋਇਲ, ਜਸਬੀਰ ਸਿੰਘ ਜੱਸੀ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।

## ਸੰਖੇਪ ਖ਼ਬਰਾਂ

### ਬ੍ਰਿਧ ਆਸ਼ਰਮ ਸ੍ਰੀ ਮੁਕਤਸਰ ਸਾਹਿਬ ਦੀ ਨਵੀਂ ਕਮੇਟੀ ਦਾ ਗਠਨ, ਗੁਲਸ਼ਨ ਭਾਟੀਆ ਬਣੇ ਪ੍ਰਧਾਨ



**ਸ੍ਰੀ ਮੁਕਤਸਰ ਸਾਹਿਬ (ਦੀਪਕ ਗਰਗ):** ਬ੍ਰਿਧ ਆਸ਼ਰਮ ਸ੍ਰੀ ਮੁਕਤਸਰ ਸਾਹਿਬ ਦੀ ਕਾਰਜਕਾਰੀ ਕਮੇਟੀ ਦੀ ਮੀਟਿੰਗ ਰਜਿੰਦਰ ਭੰਡਾਰੀ ਦੀ ਰਹਿਨੁਮਾਈ ਹੇਠ ਹੋਈ। ਜਿਸ ਵਿੱਚ ਸਰਬਸੰਮਤੀ ਨਾਲ ਨਵੀਂ ਕਮੇਟੀ ਦੀ ਚੋਣ ਕੀਤੀ ਗਈ ਅਤੇ ਗੁਲਸਨ ਭਾਟੀਆ  ਨੂੰ ਪ੍ਰਧਾਨ ਚੁਣਿਆ ਗਿਆ ਹੈ ਅਤੇ ਉਨ੍ਹਾਂ ਨਾਲ ਜਗਪ੍ਰੀਤ ਸਿੰਘ ਛਾਬੜਾ ਨੂੰ ਜਰਨਲ ਸਕੱਤਰ ਨਿਯੁਕਤ ਕੀਤਾ ਗਿਆ, ਜਸਵਿੰਦਰ ਸਿੰਘ ਰਿੰਕੂ ਨੂੰ ਖ਼ਜ਼ਾਨਚੀ ਬਲਜੀਤ ਸਿੰਘ ਨੂੰ ਮੈਨੇਜਰ ਵਜੋਂ ਨਿਯੁਕਤ ਕੀਤਾ ਗਿਆ ਹੈ। ਉਪਰੰਤ ਸਵਰਗਵਾਸੀ ਸ੍ਰੀ ਸਰਬਜੀਤ ਸਿੰਘ ਦਰਦੀ ਨੂੰ 2 ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ। ਮੀਟਿੰਗ ਵਿੱਚ ਹਾਜ਼ਰ ਹੋਏ ਸਮੂਹ ਮੈਂਬਰ ਸਾਹਿਬਾਨ ਨੇ ਸਰਬਜੀਤ ਸਿੰਘ ਦਰਦੀ ਦੀ ਬੇਵਕਤੀ ਮੌਤ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਹੋਰਨਾਂ ਤੋਂ ਇਲਾਵਾ ਮੀਟਿੰਗ ਵਿੱਚ ਹਾਜ਼ਰ ਲੀਲਾਧਰ, ਬੂਟਾ ਰਾਮ ਕਮਰਾ, ਅਸ਼ਵਨੀ ਜੁਨੇਜਾ, ਡਾ. ਵਿਜੇ ਕੁਮਾਰ, ਸ਼ੰਮੀ ਤੇਰੀਆ ਆਦਿ ਹਾਜ਼ਰ ਸਨ।

### ਜੈ ਮਿਲਾਪ ਲੈਬ ਐਸੋਸੀਏਸ਼ਨ ਪੰਜਾਬ ਦੀ ਜ਼ਿਲ੍ਹਾ ਪੱਧਰੀ ਮੀਟਿੰਗ ਹੋਈ




**ਦੋਦਾ (ਰਣਜੀਤ ਸਿੰਘ ਗਿੱਲ) :** ਜੈ ਮਿਲਾਪ ਲੈਬ ਐਸੋਸੀਏਸ਼ਨ ਪੰਜਾਬ ਦੀ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਪੱਧਰੀ ਅਹਿਮ ਮੀਟਿੰਗ ਗਿੱਦੜਬਾਹਾ ਵਿਖੇ ਹੋਈ। ਇਸ ਮੀਟਿੰਗ ਵਿੱਚ ਐਸੋਸੀਏਸ਼ਨ ਦੀ ਸੂਬਾ ਅਤੇ ਜ਼ਿਲ੍ਹਾ ਪੱਧਰੀ ਲੀਡਰਸ਼ਿਪ ਤੋਂ ਇਲਾਵਾ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਮੀਟਿੰਗ ਵਿੱਚ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਜਗਦੀਪ ਭਾਰਦਵਾਜ, ਸੂਬਾ ਜਨਰਲ ਸਕੱਤਰ ਰਾਜਨ ਵਿਕਟਰ ਅਤੇ ਸੂਬਾ ਚੀਫ਼ ਐਡਵਾਈਜ਼ਰ ਸਤਪਾਲ ਸਿੰਘ ਵਾਲੀਆ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਤੋਂ ਇਲਾਵਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪ੍ਰਧਾਨ ਅਮਨਦੀਪ ਸਿੰਘ, ਜਨਰਲ ਸਕੱਤਰ ਗੁਰਵਿੰਦਰ ਸਿੰਘ ਅਤੇ ਕੈਸ਼ੀਅਰ ਜਤਿੰਦਰ ਸਿੰਘ ਬਰਾੜ ਵੀ ਮੌਜੂਦ ਰਹੇ। ਜ਼ਿਲ੍ਹੇ ਦੇ ਚਾਰੇ ਬਲਾਕਾਂ ਦੀਆਂ ਕੋਰ ਕਮੇਟੀਆਂ ਦੇ ਅਹੁਦੇਦਾਰਾਂ ਅਤੇ ਹੋਰ ਮੈਂਬਰਾਂ ਨੇ ਵੀ ਮੀਟਿੰਗ ਵਿੱਚ ਹਿੱਸਾ ਲਿਆ। ਮੀਟਿੰਗ ਦੌਰਾਨ ਐਸੋਸੀਏਸ਼ਨ ਨਾਲ ਜੁੜੇ ਮੈਂਬਰਾਂ ਨੂੰ ਸਰਟੀਫਿਕੇਟ ਵੰਡੇ ਗਏ। ਇਸ ਦੇ ਨਾਲ ਹੀ ਐਸੋਸੀਏਸ਼ਨ ਦੀਆਂ ਭਵਿੱਖੀ ਯੋਜਨਾਵਾਂ ਅਤੇ ਆਉਣ ਵਾਲੀਆਂ ਗਤੀਵਿਧੀਆਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਲੈਬ ਐਸੋਸੀਏਸ਼ਨ ਅਤੇ ਲੈਬ ਸੰਚਾਲਕਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਬਾਰੇ ਵੀ ਚਰਚਾ ਕੀਤੀ ਗਈ ਅਤੇ ਇਨ੍ਹਾਂ ਦੇ ਹੱਲ ਲਈ ਲੋੜੀਂਦੀ ਰੂਪ-ਰੇਖਾ ਤਿਆਰ ਕਰਨ 'ਤੇ ਜ਼ੋਰ ਦਿੱਤਾ ਗਿਆ। ਮੀਟਿੰਗ ਦੇ ਅੰਤ ਵਿੱਚ ਐਸੋਸੀਏਸ਼ਨ ਨੂੰ ਹੋਰ ਮਜ਼ਬੂਤ ਕਰਨ, ਮੈਂਬਰਾਂ ਵਿਚਕਾਰ ਆਪਸੀ ਤਾਲਮੇਲ ਵਧਾਉਣ ਅਤੇ ਲੈਬ ਸੰਚਾਲਕਾਂ ਦੇ ਹਿੱਤਾਂ ਲਈ ਇਕਜੁੱਟ ਹੋ ਕੇ ਕੰਮ ਕਰਨ ਦਾ ਸੰਕਲਪ ਲਿਆ ਗਿਆ।

# ਖੇਡਾਂ 'ਚ ਖ਼ਾਲਸਾ ਸਕੂਲ ਦੇ ਖਿਡਾਰੀਆਂ ਦਾ ਸ਼ਾਨਦਾਰ ਪ੍ਰਦਰਸ਼ਨ

ਜਨ ਜਾਗਰਣ ਬਿਊਰੋ




**ਰੂਪਨਗਰ (ਬਹਾਦਰਜੀਤ ਸਿੰਘ):** ਕਲਸਟਰ ਪੱਧਰੀ ਪ੍ਰਾਈਮਰੀ ਸਕੂਲ ਖੇਡਾਂ ਸ਼ਾਮਪੁਰਾ ਫੁੱਟਬਾਲ ਗਰਾਊਂਡ  ਵਿਖੇ ਕਰਵਾਈਆਂ ਗਈਆਂ। ਇਹਨਾਂ ਵਿੱਚ ਦੌੜਾ, ਰੱਸਾ ਸ਼ਤਰੰਜ ,ਯੋਗਾ ,ਬੈਡਮਿੰਟਨ , ਕੁਸ਼ਤੀ ਆਦਿ ਖੇਡਾ ਕਰਵਾਈਆਂ ਗਈਆਂ। ਇਹਨਾਂ ਖੇਡਾਂ ਵਿੱਚ ਖਾਲਸਾ ਮਾਡਲ ਸਕੂਲ ਅਤੇ ਖਾਲਸਾ ਸੀਨੀਅਰ ਸੈਕੈਂਡਰੀ ਸਕੂਲ ਰੂਪਨਗਰ ਦੇ ਖਿਡਾਰੀਆਂ ਨੇ ਭਾਗ ਲਿਆ। 100 ਮੀਟਰ ਦੌੜ ਲੜਕਿਆਂ ਵਿੱਚ ਯੁਵਰਾਜ ਅਤੇ ਲੜਕੀਆਂ ਵਿੱਚ ਪ੍ਰਭਜੋਤ ਕੌਰ ਨੇ ਪਹਿਲਾ ਸਥਾਨ ਹਾਸਿਲ ਕੀਤਾ। ਰੱਸਾ ਮੁਕਾਬਲੇ ਵਿੱਚ ਅਦਿਤਿਆ, ਸੁਖਮਨ, ਆਰਿਅਨ ਵਰਮਾ, ਅਨਮੋਲਪ੍ਰੀਤ ਸਿੰਘ, ਹਰਫਤਿਹ ਸਿੰਘ, ਨਿਖਿਲ ਕੁਮਾਰ, ਸਿਕੰਦਰ ਸਿੰਘ ,ਆਕਾਸ਼ਦੀਪ ਸਿੰਘ, ਸਾਹਿਬਜੋਤ ਸਿੰਘ ਅਤੇ ਹਰਨੂਰ ਸਿੰਘ ਨੇ ਪਹਿਲਾ ਸਥਾਨ ਹਾਸਿਲ ਕੀਤਾ। ਕੁਸ਼ਤੀ ਮੁਕਾਬਲੇ ਵਿੱਚ ਕਾਰਤਿਕ ਅਤੇ ਮਨਵੀਰ ਸਿੰਘ ਨੇ ਪਹਿਲਾ ਸਥਾਨ ਹਾਸਿਲ ਕੀਤਾ। ਚੈਸ ਲੜਕਿਆਂ ਦੇ ਮੁਕਾਬਲੇ ਵਿੱਚ ਖਾਲਸਾ ਮਾਡਲ ਸਕੂਲ ਨੇ ਦੂਜਾ ਸਥਾਨ ਹਾਸਿਲ ਕੀਤਾ। ਜਿਸ ਵਿੱਚ ਸੋਹਲਪ੍ਰੀਤ ਸਿੰਘ, ਰਣਵੀਰ ਸਿੰਘ, ਗੁਰਹੀਤ ਸਿੰਘ, ਗੁਰਪ੍ਰੀਤ ਸਿੰਘ, ਜਸ਼ਨਪ੍ਰੀਤ ਸਿੰਘ ਤੇ ਇਸ਼ਨਾਨੰਦਨ ਸ਼ਾਮਲ ਸਨ। ਚੈਸ ਮੁਕਾਬਲੇ ਵਿੱਚ ਖਾਲਸਾ ਸੀਨੀਅਰ ਸੈਕੈਂਡਰੀ ਸਕੂਲ ਦੇ ਖਿਡਾਰੀਆਂ ਨੇ ਤੀਜਾ ਸਥਾਨ ਹਾਸਿਲ ਕੀਤਾ। ਜਿਸ ਵਿੱਚ ਫਰਮਾਨ, ਨਵਜੋਤ ਸਿੰਘ, ਗੁਰਮਜੋਤ ਸਿੰਘ ਤੇ ਪ੍ਰਿਆਜਲ ਸ਼ਾਮਿਲ ਸਨ। ਲੜਕੀਆਂ ਦੇ ਚੈਸ ਮੁਕਾਬਲੇ ਵਿੱਚ ਖਾਲਸਾ ਸੀਨੀਅਰ ਸੈਕੈਂਡਰੀ ਸਕੂਲ ਦੀਆਂ ਖਿਡਾਰਨਾ ਨੇ ਦੂਜਾ ਸਥਾਨ ਹਾਸਿਲ ਕੀਤਾ। ਜਿਸ ਵਿੱਚ ਨਰਗਿਸ, ਲਵਜੀਤ ਕੌਰ, ਜਸਮੀਤ ਕੌਰ, ਨਵਜੋਤ ਕੌਰ ਤੇ ਸੁਖਪ੍ਰੀਤ ਕੌਰ ਸ਼ਾਮਲ ਸਨ। ਲੜਕੀਆਂ ਦੇ ਚੈਸ ਮੁਕਾਬਲੇ ਵਿੱਚ ਖਾਲਸਾ ਮਾਡਲ ਸਕੂਲ ਨੇ ਤੀਜਾ ਸਥਾਨ ਹਾਸਿਲ ਕੀਤਾ। ਜਿਸ ਵਿੱਚ ਅਵਨੀ ਕੁਮਾਰੀ, ਰਵਦੀਪ ਕੌਰ, ਕਰਮਨਪ੍ਰੀਤ ਕੌਰ, ਮੰਨਤਪ੍ਰੀਤ ਕੌਰ ਤੇ ਸੁਖਮਨਦੀਪ ਕੌਰ ਸ਼ਾਮਿਲ ਸਨ। ਹਰਬੰਸ ਸਿੰਘ ਕੰਧੋਲਾ ਮੈਨੇਜਰ ਅੰਬਾਲਾ ਬੋਰਡ ਆਫ ਐਜੂਕੇਸ਼ਨ ਨੇ ਖਿਡਾਰੀਆਂ ਅਤੇ ਕੋਚਾਂ ਦੀਆਂ ਇਹਨਾਂ ਪ੍ਰਾਪਤੀਆ ਦੀ ਸ਼ਲਾਘਾ ਕੀਤੀ ਅਤੇ ਵਧਾਈ ਦਿੱਤੀ। ਪ੍ਰਿੰਸੀਪਲ ਕੁਲਵਿੰਦਰ ਸਿੰਘ ਮਾਹਲ ਨੇ ਜੇਤੂ ਖਿਡਾਰੀਆਂ ਨੂੰ ਸਨਮਾਨਿਤ ਕੀਤਾ ਅਤੇ ਕਿਹਾ ਕਿ ਇਹ ਜਿੱਤਾ ਕੋਚਾਂ  ਦੀ ਅਣਥੱਕ ਮਿਹਨਤ ਸਦਕਾ ਪ੍ਰਾਪਤ ਕੀਤੀਆ ਹਨ। ਇਸ ਮੌਕੇ ਤੇ ਗੁਰਪ੍ਰੀਤ ਕੌਰ ਇੰਚਾਰਜ ਖਾਲਸਾ ਮਾਡਲ ਸਕੂਲ, ਗੀਤਾ ਰਾਣੀ, ਬਲਜਿੰਦਰ ਕੌਰ, ਕਿਰਨਜੀਤ ਕੌਰ,ਦੀਕਸ਼ਾ, ਬਲਜਿੰਦਰ ਕੌਰ, ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

# ਬੇਲਾ ਕਾਲਜ ਦੇ ਖਿਡਾਰੀ ਦਾ ਗਤਕੇ 'ਚ ਸ਼ਾਨਦਾਰ ਪ੍ਰਦਰਸ਼ਨ



**ਰੂਪਨਗਰ (ਬਹਾਦਰਜੀਤ ਸਿੰਘ):** ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਦੇ ਖਿਡਾਰੀ ਪ੍ਰਦੀਪ ਰਾਮ ਸਿੰਘ ਨੇ 10ਵੀਂ ਸੀਨੀਅਰ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ 2026 ਜੋ ਕਿ ਗੱਤਕਾ ਫੈਡਰੇਸ਼ਨ ਆਫ਼ ਇੰਡੀਆ ਦੇ ਸਹਿਯੋਗ ਨਾਲ ਜੰਮੂ ਅਤੇ ਕਸ਼ਮੀਰ ਗੱਤਕਾ ਐਸੋਸੀਏਸ਼ਨ ਵੱਲੋਂ ਕਰਵਾਈ ਜਾ ਰਹੀ ਹੈ, ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। 29 ਸਤੰਬਰ ਤੋਂ 1 ਅਕਤੂਬਰ 2026 ਤੱਕ ਸ਼ੇਰੀ ਕਸ਼ਮੀਰ ਇੰਡੋਰ ਸਟੇਡੀਅਮ ਵਿਖੇ ਹੋਏ ਵੱਖੋ-ਵੱਖਰੇ ਮੁਕਾਬਲਿਆਂ ਵਿੱਚ ਪੰਜਾਬ ਦੀ ਟੀਮ ਮੈਂਬਰ ਵਜੋਂ ਖੇਡਦਿਆਂ ਪ੍ਰਦੀਪ ਰਾਮ ਸਿੰਘ ਨੇ ਸ਼ਸਤਰ ਪ੍ਰਦਰਸ਼ਨ ਵਿੱਚ ਸੋਨ ਤਮਗਾ ਅਤੇ ਫੜੀ ਸੋਟੀ ਵਿੱਚ ਚਾਂਦੀ ਦਾ ਤਮਗਾ ਪ੍ਰਾਪਤ ਕਰਕੇ ਪੰਜਾਬ ਨੂੰ ਪ੍ਰਥਮ ਸਥਾਨ ਦਿਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਕਾਲਜ ਪ੍ਰਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਨੇ ਇਸ ਖੁਸ਼ੀ ਮੌਕੇ ਪ੍ਰਦੀਪ ਰਾਮ ਸਿੰਘ, ਸਰੀਰਿਕ ਸਿੱਖਿਆ ਵਿਭਾਗ ਅਤੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ। ਉਹਨਾਂ ਦੱਸਿਆ ਕਿ ਇਹ ਖਿਡਾਰੀ ਨਿਰੰਤਰ ਲੰਮੇ ਸਮੇਂ ਤੋਂ ਉੱਤਮ ਪ੍ਰਦਰਸ਼ਨ ਕਰਦਾ ਆ ਰਿਹਾ ਹੈ ਅਤੇ ਬੇਲਾ ਕਾਲਜ ਦਾ ਨਾਮ ਰੋਸ਼ਨ ਕਰ ਰਿਹਾ ਹੈ। ਉਹਨਾਂ ਕਿਹਾ ਕਿ ਇਸ ਖਿਡਾਰੀ ਤੋਂ ਸਮੁੱਚੇ ਮੁਲਕ ਨੂੰ ਬਹੁਤ ਆਸਾਂ ਹਨ। ਕਾਲਜ ਦੀ ਸਮੁੱਚੀ ਪ੍ਰਬੰਧਕ ਕਮੇਟੀ ਵੱਲੋਂ ਪ੍ਰਦੀਪ ਰਾਮ ਸਿੰਘ ਨੂੰ ਮੁਬਾਰਕਬਾਦ ਦਿੱਤੀ ਗਈ। ਵਰਨਣਯੋਗ ਹੈ ਕਿ ਬੇਲਾ ਕਾਲਜ ਆਪਣੇ ਖਿਡਾਰੀਆਂ ਪ੍ਰਤੀ ਬੇਹੱਦ ਸੰਵੇਦਨਸ਼ੀਲਤਾ ਨਾਲ ਜ਼ਿੰਮੇਵਾਰੀ ਨਿਭਾ ਰਿਹਾ ਹੈ ਅਤੇ ਖਿਡਾਰੀਆਂ ਨੂੰ ਮੁਫ਼ਤ ਸਿੱਖਿਆ ਪ੍ਰਦਾਨ ਕਰਨ ਵਿੱਚ ਮੋਹਰੀ ਭੂਮਿਕਾ ਨਿਭਾ ਰਿਹਾ ਹੈ। ਇਸ ਮੌਕੇ ਡਾ. ਮਮਤਾ ਅਰੋੜਾ, ਲੈਫ਼ਟੀਨੈਂਟ ਪ੍ਰਿਤਪਾਲ ਸਿੰਘ, ਪ੍ਰੋ. ਅਮਰਜੀਤ ਸਿੰਘ, ਪ੍ਰੋ. ਸੁਨੀਤਾਰਾਣੀ ਅਤੇ ਸਮੁੱਚਾ ਸਟਾਫ਼ ਹਾਜ਼ਰ ਸੀ।।

# ਸਾਲਾਨਾ ਗੁਰਮਤਿ ਸਮਾਗਮ ਅੰਦਰ ਲੱਗਣਗੀਆਂ ਗੁਰਬਾਣੀ ਕੀਰਤਨ ਦੀਆਂ ਛਹਿਬਰਾਂ

> ਪੰਥ ਦੇ ਪ੍ਰਸਿੱਧ ਕੀਰਤਨੀਏ ਸੰਗਤਾਂ ਨੂੰ ਕੀਰਤਨ ਰਾਹੀ ਕਰਨਗੇ ਨਿਹਾਲ: ਹਰਪਾਲ ਸਿੰਘ ਖਾਲਸਾ

ਜਨ ਜਾਗਰਣ ਬਿਊਰੋ



**ਲੁਧਿਆਣਾ (ਕੁਲਵਿੰਦਰ ਸਿੰਘ ਸਲੇਮ ਟਾਬਰੀ):** ਜੱਥੇਦਾਰ ਹਰਪਾਲ ਸਿੰਘ ਖਾਲਸਾ ਨੇ ਅੱਜ ਪ੍ਰੈਸ ਨੂੰ ਜਾਣਕਾਰੀ ਦੇਦਿਆਂ ਹੋਇਆ ਦੱਸਿਆ ਕਿ ਪੰਥ ਰਤਨ ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖਾਲਸਾ ਖੰਨੇ ਵਾਲਿਆਂ ਦੀ ਯਾਦ ਨੂੰ ਸਮਰਪਿਤ  ਪੰਥ ਰਤਨ ਭਾਈ ਜਸਬੀਰ ਸਿੰਘ ਖਾਲਸਾ (ਖੰਨੇ ਵਾਲੇ) ਚੈਰੀਟੇਬਲ ਟਰੱਸਟ ਵੱਲੋ ਗੁਰਦੁਆਰਾ ਸ਼ ?ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਦੀ ਪ੍ਰਬੰਧਕ ਕਮੇਟੀ ਦੇ ਨਿੱਘੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਵਿਖੇ ਮਿਤੀ 14,15 ਅਕਤੂਬਰ ਨੂੰ ਆਯੋਜਿਤ ਹੋਣ ਵਾਲਾ ਦੋ ਰੋਜ਼ਾ ਸਲਾਨਾ ਗੁਰਮਤਿ ਸਮਾਗਮ ਇੱਕ ਯਾਦਗਾਰੀ ਸਮਾਗਮ ਹੋਵੇਗਾ! ਜੱਥੇ. ਹਰਪਾਲ ਸਿੰਘ ਖਾਲਸਾ ਨੇ ਕਿਹਾ ਕਿ ਦੋ ਰੋਜ਼ਾ ਸਲਾਨਾ ਗੁਰਮਤਿ ਸਮਾਗਮ ਅੰਦਰ ਪੰਥ ਦੇ ਪ੍ਰਸਿੱਧ ਕੀਰਤਨੀ ਜੱਥੇ ਜਿੰਨ੍ਹਾਂ ਵਿੱਚ ਭਾਈ ਰਵਿੰਦਰ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਕਰਨੈਲ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਸੁਭਦੀਪ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਅਮਰਜੀਤ ਸਿੰਘ ਪਟਿਆਲੇ ਵਾਲੇ ਤੇ ਭਾਈ ਸੰਜਮਪ੍ਰੀਤ ਸਿੰਘ ਆਪਣੇ ਜੱਥਿਆਂ ਸਮੇਤ ਹਾਜ਼ਰੀਆਂ ਭਰਕੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕਰਨਗੇ, ਉੱਥੇ ਸੰਤ ਬਾਬਾ ਅਮੀਰ ਸਿੰਘ ਜੀ ਮੁੱਖੀ ਜਵੱਦੀ ਟਕਸਾਲ, ਸੰਤ ਬਾਬਾ ਅਮਰਜੀਤ ਸਿੰਘ ਭੋਲਾ ਜੀ (ਨਾਨਕਸਰ ਸਿੰਘੜਾ) ਗੁਰਮਤਿ ਵਿਚਾਰਾਂ ਦੀ ਸਾਂਝ ਸੰਗਤਾਂ ਦੇ ਨਾਲ ਕਰਨਗੇ। ਉਨ੍ਹਾਂ ਨੇ ਲੁਧਿਆਣੇ ਸ਼ਹਿਰ  ਦੀਆਂ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਕਿ ਉਹ ਪੰਥ ਰਤਨ ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖਾਲਸਾ ਖੰਨੇ ਵਾਲਿਆਂ ਦੀ ਯਾਦ ਵਿੱਚ ਆਯੋਜਿਤ ਕੀਤੇ ਜਾ ਰਹੇ ਸਲਾਨਾ ਗੁਰਮਤਿ ਸਮਾਗਮ ਵਿੱਚ ਆਪਣੀਆਂ ਹਾਜ਼ਰੀਆਂ ਭਰਕੇ ਭਾਈ ਸਾਹਿਬ ਨੂੰ ਆਪਣਾ ਸਿੱਜਦਾ ਤੇ ਸਤਿਕਾਰ ਅਰਪਿਤ ਕਰਨ।

# ਬਾਰਦਾਨਾ ਮੰਡੀ 'ਚ ਪਹੁੰਚਿਆ ਨਹੀਂ, ਪਰ ਝੋਨੇ ਦੀ ਖ਼ਰੀਦ ਕਰ ਦਿਤੀ ਸ਼ੁਰੂ

ਜਨ ਜਾਗਰਣ ਬਿਊਰੋ

**ਦੋਦਾ (ਰਣਜੀਤ ਗਿੱਲ):** ਪੰਜਾਬ ਸਰਕਾਰ ਵੱਲੋਂ ਮੰਡੀਆਂ ਵਿੱਚ ਝੋਨੇ ਦੀ ਨਿਰਵਿਘਨ ਖ਼ਰੀਦ ਸ਼ੁਰੂ ਕਰਨ ਦੇ ਦਾਅਵੇ ਕੀਤੇ ਜਾ ਰਹੇ ਹਨ, ਪਰ ਦੂਜੇ ਪਾਸੇ ਖ਼ਰੀਦ ਸੀਜ਼ਨ ਦੇ ਦਸ ਦਿਨ ਬੀਤ ਜਾਣ ਦੇ ਬਾਵਜੂਦ ਕਿਸਾਨਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਿੰਡ ਦੋਦਾ ਦੀ ਅਨਾਜ ਮੰਡੀ ਵਿੱਚ ਭਾਵੇਂ ਅੱਜ ਰਸਮੀ ਤੌਰ 'ਤੇ ਝੋਨੇ ਦੀ ਖ਼ਰੀਦ ਸ਼ੁਰੂ ਕਰਵਾ ਦਿੱਤੀ ਗਈ, ਪਰ ਮੰਡੀ ਵਿੱਚ ਝੋਨਾ ਤੋਲਣ ਅਤੇ ਭਰਾਈ ਲਈ ਲੋੜੀਂਦਾ ਬਾਰਦਾਨਾ ਹਾਲੇ ਤੱਕ ਨਹੀਂ ਪਹੁੰਚਿਆ। ਅਜਿਹੇ ਵਿੱਚ ਖ਼ਰੀਦ ਸ਼ੁਰੂ ਹੋਣ ਦੇ ਬਾਵਜੂਦ ਕਿਸਾਨਾਂ ਨੂੰ ਆਪਣੀ ਫ਼ਸਲ ਦੀ ਖ਼ਰੀਦ ਲਈ ਹੋਰ ਉਡੀਕ ਕਰਨੀ ਪੈ ਸਕਦੀ ਹੈ। ਮੰਡੀ ਵਿੱਚ ਮੀਂਹ ਦੇ ਪਾਣੀ ਦੀ ਨਿਕਾਸੀ ਦਾ ਪ੍ਰਬੰਧ ਵੀ ਸਵਾਲਾਂ ਦੇ ਘੇਰੇ ਵਿੱਚ ਹੈ। ਮੀਂਹ ਪੈਣ ਤੋਂ 24 ਘੰਟੇ ਬੀਤ ਜਾਣ ਦੇ ਬਾਵਜੂਦ ਮੰਡੀ ਵਿੱਚ ਪਾਣੀ ਖੜ੍ਹਾ ਹੋਣ ਕਾਰਨ ਕਿਸਾਨਾਂ ਨੂੰ ਆਪਣੀ ਫ਼ਸਲ ਲੈ ਕੇ ਆਉਣ ਅਤੇ ਵੇਚਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਮ ਇਸ ਤੋਂ ਇਲਾਵਾ ਮੰਡੀ ਵਿੱਚ ਬੈਠੇ ਕਿਸਾਨਾਂ ਦੇ ਝੋਨੇ ਨੂੰ ਵੀ ਮੀਂਹ ਕਾਰਨ ਕਾਫ਼ੀ ਨੁਕਸਾਨ ਪਹੁੰਚਣ ਦੀ ਗੱਲ ਸਾਹਮਣੇ ਆਈ ਹੈ। ਇੱਕ ਪਾਸੇ ਕਿਸਾਨ ਆਪਣੀ ਫ਼ਸਲ ਵੇਚਣ ਲਈ ਉਡੀਕ ਕਰ ਰਹੇ ਹਨ, ਜਦਕਿ ਦੂਜੇ ਪਾਸੇ ਬਾਰਦਾਨੇ ਦੀ ਘਾਟ ਅਤੇ ਪਾਣੀ ਦੀ ਨਿਕਾਸੀ ਦੀ ਸਮੱਸਿਆ ਉਨ੍ਹਾਂ ਦੀਆਂ ਮੁਸ਼ਕਲਾਂ ਵਧਾ ਰਹੀ ਹੈ। ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਆਗੂ ਬਿੱਟੂ ਮੱਲਣ ਨੇ ਕਿਹਾ ਮੰਡੀਆਂ ਪ੍ਰਬੰਧ ਅਧੂਰੇ ਹਨ ਤੇ ਜਿਸ ਕਰਕੇ ਕਿਸਾਨਾਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਬੰਧੀ ਜਦੋਂ ਮਾਰਕਫੈੱਡ ਦੇ ਇੰਸਪੈਕਟਰ ਅਮਰੀਕ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਮੰਡੀ ਵਿੱਚ ਜਲਦ ਹੀ ਬਾਰਦਾਨਾ ਭੇਜਿਆ ਜਾ ਰਿਹਾ ਹੈ ਅਤੇ ਕਿਸਾਨਾਂ ਨੂੰ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਉੱਧਰ, ਮਾਰਕੀਟ ਕਮੇਟੀ ਸ੍ਰੀ ਮੁਕਤਸਰ ਸਾਹਿਬ ਦੇ ਸਕੱਤਰ ਬਲਕਾਰ ਸਿੰਘ ਨੇ ਮੰਨਿਆ ਕਿ ਮੀਂਹ ਕਾਰਨ ਦਿੱਕਤ ਜ਼ਰੂਰ ਆਈ ਹੈ। ਉਨ੍ਹਾਂ ਕਿਹਾ ਕਿ ਮੰਡੀ ਵਿੱਚੋਂ ਪਾਣੀ ਦੀ ਨਿਕਾਸੀ ਜਲਦ ਕਰਵਾਈ ਜਾਵੇਗੀ। ਹੁਣ ਦੇਖਣਾ ਇਹ ਹੋਵੇਗਾ ਕਿ ਸਬੰਧਤ ਵਿਭਾਗਾਂ ਵੱਲੋਂ ਬਾਰਦਾਨੇ ਦੀ ਸਪਲਾਈ ਅਤੇ ਪਾਣੀ ਦੀ ਨਿਕਾਸੀ ਦੇ ਪ੍ਰਬੰਧ ਕਿੰਨੀ ਜਲਦੀ ਕੀਤੇ ਜਾਂਦੇ ਹਨ, ਤਾਂ ਜੋ ਕਿਸਾਨਾਂ ਨੂੰ ਆਪਣੀ ਫ਼ਸਲ ਵੇਚਣ ਲਈ ਹੋਰ ਖੱਜਲ-ਖੁਆਰੀ ਨਾ ਝੱਲਣੀ ਪਵੇ।



# ਗੁਰਦੁਆਰਾ ਸਾਹਿਬ 'ਚ ਦਿੱਲੀ ਪੁਲਿਸ ਵਲੋਂ ਕੀਤੀ ਮਰਿਯਾਦਾ ਦੀ ਉਲੰਘਣਾ ਦਾ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ: ਮਨਪ੍ਰੀਤ ਸਿੰਘ ਇਯਾਲੀ

ਜਨ ਜਾਗਰਣ ਬਿਊਰੋ



**ਮੁੱਲਾਂਪੁਰ ਦਾਖਾ (ਰਾਜੇਸ਼ ਆਹੂਜਾ):** ਅਕਾਲੀ ਦਲ ਵਾਰਿਸ ਪੰਜਾਬ ਦੇ ਸੀਨੀਅਰ ਆਗੂ ਅਤੇ ਹਲਕਾ ਦਾਖਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਵੱਲੋਂ ਗੁਰਦੁਆਰਾ ਬੰਗਲਾ ਸਾਹਿਬ ਦੀ ਹਦੂਦ ਅੰਦਰ ਦਿੱਲੀ ਪੁਲਿਸ ਵੱਲੋਂ ਕੀਤੀ ਗਈ ਮਰਿਯਾਦਾ ਦੀ ਉਲੰਘਣਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਸਰਦਾਰ ਇਯਾਲੀ ਨੇ ਕਿਹਾ ਕਿ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਅਸਤੀਫ਼ੇ ਨੂੰ ਲੈਕੇ ਦੇਸ਼ ਦੇ ਨੌਜਵਾਨਾਂ ਵਲੋਂ ਜੰਤਰ ਮੰਤਰ ਉਪਰ ਕੀਤੇ ਪ੍ਰਦਰਸ਼ਨ ਨੂੰ ਰੋਕਣ ਲਈ ਅਤੇ ਨੌਜਵਾਨਾਂ ਨੂੰ ਗ੍ਰਿਫਤਾਰ ਕਰਨ ਲਈ ਦਿੱਲੀ ਪੁਲਿਸ ਦੇ ਜਵਾਨਾਂ ਦਾ ਨੰਗੇ ਸਿਰ ਅਤੇ ਜੋੜਿਆਂ ਸਮੇਤ ਗੁਰਦੁਆਰਾ ਬੰਗਲਾ ਸਾਹਿਬ ਵਿੱਚ ਜਾਣਾ ਸਿੱਖ ਮਰਿਯਾਦਾ ਦੀ ਵੱਡੀ ਉਲੰਘਣਾ ਹੈ, ਦੇਸ਼ ਵਿਦੇਸ਼ ਵਿੱਚ ਵਸਦਾ ਅੱਜ ਹਰ ਸਿੱਖ ਦਿੱਲੀ ਪੁਲਿਸ ਦੀ ਇਸ ਗੈਰ ਜ਼ਿਮੇਵਾਰਨਾ ਕਰਵਾਈ ਤੋ ਪੂਰੀ ਤਰਾਂ ਹਤਾਸ਼ ਹੈ। ਇਯਾਲੀ ਨੇ ਕਿਹਾ ਕਿ ਪਿਛਲੇ ਦੋ ਦਿਨ ਤੋਂ ਸੋਸ਼ਲ ਮੀਡੀਆ ਦੇ ਵੱਖ ਵੱਖ ਪਲੇਟਫਾਰਮ ਉਪਰ ਦਿੱਲੀ ਪੁਲਿਸ ਦੇ ਜਵਾਨਾਂ ਦੀਆਂ ਗੁਰੂ ਘਰ ਵੜਨ ਦੀਆਂ ਜਿਸ ਤਰਾਂ ਦੀਆਂ ਤਸਵੀਰਾਂ ਸਾਹਮਣੇ ਆਈਆਂ ਹਨ, ਉਸ ਦੇ ਲਈ ਕੇਂਦਰੀ ਗ੍ਰਹਿ ਮੰਤਰਾਲੇ ਦੀ ਚੁੱਪੀ ਬੜਾ ਕੁਝ ਬਿਆਨ ਕਰਦੀ ਹੈ। ਅੱਜ ਸਮੁੱਚੀ ਸਿੱਖ ਕੌਮ ਦਿੱਲੀ ਪੁਲਿਸ ਦੀ ਇਸ ਕਾਰਵਾਈ ਦੀ ਸਖ਼ਤ ਨਿੰਦਾ ਕਰ ਰਹੀ ਹੈ ਜਦੋਂ ਕਿ ਕੇਂਦਰੀ ਗ੍ਰਹਿ ਮੰਤਰਾਲਾ, ਜਿਸ ਦੇ ਅਧੀਨ ਦਿੱਲੀ ਪੁਲਿਸ ਹੈ, ਉਸ ਦਾ ਬਿਆਨ ਤੱਕ ਨਾ ਆਉਣਾ, ਸਮਝ ਆਉਂਦੀ ਹੈ ਕਿ,ਮਰਿਯਾਦਾ ਦੇ ਘਾਣ ਤੇ ਵੀ ਕੇਂਦਰ ਸਰਕਾਰ ਜਾਣਬੁੱਝ ਕੇ ਅਜਿਹੇ ਹਾਲਾਤ ਪੈਦਾ ਕਰ ਰਹੀ ਹੈ। ਇਸ ਦੇ ਨਾਲ ਹੀ ਇਯਾਲੀ ਨੇ ਬੜੀ ਸਪੱਸ਼ਟਤਾ ਨਾਲ ਕਿਹਾ ਕਿ ਸਾਡੇ ਗੁਰੂ ਘਰ ਮਜ਼ਲੂਮਾਂ ਦੀ ਹਮੇਸ਼ਾ ਰੱਖਿਆ ਕਰਦੇ ਆਏ ਹਨ, ਹਮੇਸ਼ਾ ਹੀ ਮਜ਼ਲੂਮ ਗੁਰੂ ਘਰ ਦੀ ਸ਼ਰਨ ਵਿੱਚ ਆਉਂਦੇ ਰਹੇ ਹਨ। ਗੁਰੂ ਘਰਾਂ ਦੀ ਆਪਣੀ ਮਰਿਯਾਦਾ ਹੈ। ਕੋਈ ਵੀ ਮਜ਼ਲੂਮ ਲੋੜਵੰਦ ਜੇਕਰ ਗੁਰੂ ਘਰਾਂ ਦੀ ਮਰਿਯਾਦਾ ਵਿੱਚ ਰਹਿ ਕੇ ਸ਼ਰਨ ਵਿੱਚ ਆਉਂਦਾ ਹੈ ਤਾਂ ਸਿੱਖ ਕੌਮ ਦਾ ਫਰਜ਼ ਬਣਦਾ ਹੈ ਕਿ ਉਸ ਦੇ ਜਾਨ ਮਾਲ ਦੀ ਪੂਰੀ ਤਰਾਂ ਹਿਫ਼ਾਜ਼ਤ ਕੀਤੀ ਜਾਵੇ। ਜ਼ਰੂਰਤਮੰਦ ਅਤੇ ਮਜ਼ਲੂਮ ਦੀ ਦੇ ਰਹਿਣ ਤੋ ਲੈਕੇ ਲੰਗਰ ਪ੍ਰਸ਼ਾਦੇ ਦਾ ਪ੍ਰਬੰਧ ਕਰਨਾ ਸਿੱਖੀ ਰਿਵਾਇਤਾਂ ਅਨੁਸਾਰ ਫਰਜ਼ ਅਤੇ ਜ਼ਿੰਮੇਵਾਰੀ ਹੈ। ਇਯਾਲੀ ਨੇ ਪ੍ਰਦਰਸ਼ਨਕਾਰੀ ਨੌਜਵਾਨਾਂ ਨੂੰ ਅਪੀਲ ਕੀਤੀ ਕਿ, ਓਹ ਜਜ਼ਬਾਤ ਵਿੱਚ ਆ ਕੇ ਕਿਸੇ ਤਰਾਂ ਗੁਰੂ ਘਰਾਂ ਦੀ ਮਰਿਯਾਦਾ ਦੀ ਉਲੰਘਣਾ ਵਿੱਚ ਨਾ ਪੈਣ, ਅੱਜ ਪੂਰਾ ਪੰਜਾਬ ਅਤੇ ਸਿੱਖ ਕੌਮ ਆਪਣੇ ਹੱਕਾਂ ਅਤੇ ਅਧਿਕਾਰਾਂ ਦੀ ਰਾਖੀ ਕਰਨ ਲਈ ਲੜਨ ਵਾਲੇ ਨੌਜਵਾਨਾਂ ਦੇ ਨਾਲ ਖੜੀ ਹੈ।

# ਆਈ.ਈ.ਟੀ. ਭੱਦਲ ਟੈਕਨੀਕਲ ਕੈਂਪਸ ਦੇ ਵਿਦਿਆਰਥੀਆਂ ਦਾ ਆਈ.ਆਈ.ਟੀ. ਰੋਪੜ ਦਾ ਵਿੱਦਿਅਕ ਦੌਰਾ

ਜਨ ਜਾਗਰਣ ਬਿਊਰੋ




**ਰੂਪਨਗਰ (ਬਹਾਦਰਜੀਤ ਸਿੰਘ):** ਆਈ.ਈ.ਟੀ. ਭੱਦਲ ਟੈਕਨੀਕਲ ਕੈਂਪਸ, ਰੋਪੜ੍ਹ ਦੇ ਬੀ.ਟੈਕ. ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਮਸ਼ੀਨ ਲਰਨਿੰਗ (ਏ.ਆਈ.ਐਮ.ਐਲ.) ਦੇ ਪਹਿਲੇ ਸਾਲ ਦੇ 39 ਵਿਦਿਆਰਥੀਆਂ ਵੱਲੋਂ ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ (ਆਈ.ਆਈ.ਟੀ.), ਰੋਪੜ ਵਿਖੇ ਸਥਿਤ ਟੈਕਨਾਲੋਜੀ ਬਿਜ਼ਨਸ ਇਨਕਿਊਬੇਟਰ ਫਾਊਂਡੇਸ਼ਨ (ਟੀ.ਬੀ.ਆਈ.ਐੱਫ਼.) ਦਾ ਵਿੱਦਿਅਕ ਦੌਰਾ ਕੀਤਾ ਗਿਆ। ਇਸ ਦੌਰੇ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਸਟਾਰਟਅੱਪ ਈਕੋਸਿਸਟਮ, ਉੱਦਮਤਾ, ਨਵੀਨਤਾਕਾਰੀ ਵਿਚਾਰਾਂ ਅਤੇ ਆਧੁਨਿਕ ਤਕਨਾਲੋਜੀ ਦੇ ਖੇਤਰ ਵਿੱਚ ਉਪਲੱਬਧ ਮੌਕਿਆਂ ਬਾਰੇ ਜਾਣੂ ਕਰਵਾਉਣਾ ਸੀ। ਡਾ. ਐਸ. ਐਸ.ਬਿੰਦਰਾ, ਡਾਇਰੈਕਟਰ ਕੈਂਪਸ ਨੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਵਿੱਦਿਅਕ ਦੌਰੇ ਨੇ ਵਿਦਿਆਰਥੀਆਂ ਨੂੰ ਆਈ.ਆਈ.ਟੀ. ਰੋਪੜ ਦੇ ਸਟਾਰਟਅੱਪ ਅਤੇ ਨਵੀਨਤਾ ਦੇ ਮਾਹੌਲ ਬਾਰੇ ਜਾਣਨ ਦੇ ਨਾਲ-ਨਾਲ ਭਵਿੱਖ ਵਿੱਚ ਤਕਨੀਕੀ ਖੇਤਰ ਵਿੱਚ ਨਵੇਂ ਵਿਚਾਰਾਂ ਨੂੰ ਵਿਕਸਿਤ ਕਰਨ ਅਤੇ ਉੱਦਮੀ ਬਣਨ ਲਈ ਪ੍ਰੇਰਿਤ ਕੀਤਾ। ਅਜਿਹੇ ਦੌਰੇ ਵਿਦਿਆਰਥੀਆਂ ਦੇ ਤਕਨੀਕੀ ਗਿਆਨ, ਰਚਨਾਤਮਕ ਸੋਚ ਅਤੇ ਉਦਯੋਗਿਕ ਸਮਝ ਨੂੰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਸ ਤੋਂ ਇਲਾਵਾ, ਵਿਦਿਆਰਥੀਆਂ ਨੇ ਏਅਰੋਸਪੇਸ ਇੰਜੀਨੀਅਰਿੰਗ ਅਤੇ ਡਰੋਨ ਤਕਨਾਲੋਜੀ ਨਾਲ ਸਬੰਧਤ ਵਿਹਾਰਕ ਅਤੇ ਜਾਣਕਾਰੀ ਭਰਪੂਰ ਸੈਸ਼ਨ ਵਿੱਚ ਵੀ ਸ਼ਮੂਲੀਅਤ ਕੀਤੀ। ਇਸ ਦੌਰਾਨ ਉਨ੍ਹਾਂ ਨੂੰ ਡਰੋਨਾਂ ਦੀ ਕਾਰਜ-ਪ੍ਰਣਾਲੀ, ਉਨ੍ਹਾਂ ਦੇ ਤਕਨੀਕੀ ਪੱਖਾਂ ਅਤੇ ਭਵਿੱਖ ਵਿੱਚ ਇਸ ਤਕਨਾਲੋਜੀ ਦੀਆਂ ਸੰਭਾਵਨਾਵਾਂ ਬਾਰੇ ਜਾਣਨ ਦਾ ਮੌਕਾ ਮਿਲਿਆ। ਇਸ ਮੌਕੇ ਹੋਰਾਂ ਤੋਂ ਇਲਾਵਾ ਜਤਿੰਦਰ ਕੁਮਾਰ, ਯੋਗੀਤਾ ਸ਼ਰਮਾਂ ਅਤੇ ਹਰਜੀਤ ਸਿੰਘ ਆਦਿ ਹਾਜ਼ਰ ਸਨ।

# ਟੀਮ ਭਾਈ ਗੁਰਮੀਤ ਸਿੰਘ ਬੁੱਕਣ ਵਾਲਾ ਵਲੋਂ ਮੋਗਾ ਸ਼ਹਿਰ ਅੰਦਰ ਮੀਟਿੰਗਾਂ ਸ਼ੁਰੂ

ਜਨ ਜਾਗਰਣ ਬਿਊਰੋ




**ਮੋਗਾ (ਲਛਮਣ ਜੀਤ ਸਿੰਘ ਪੁਰਬਾ):** ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਮੋਗਾ ਸ਼ਹਿਰ ਦੇ ਵਾਰਡ ਨੰਬਰ 32 ਅਤੇ 35 ਵਿੱਚ ਟੀਮ ਭਾਈ ਗੁਰਮੀਤ ਸਿੰਘ ਬੁੱਕਣ ਵੱਲੋਂ ਮੀਟਿੰਗ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਭਰਾ ਜਗਜਿੰਦਰ ਸਿੰਘ ਬੁੱਕਣ ਵਾਲਾ ਨੇ ਕਿਹਾ ਕਿ ਇਸ ਵਕਤ ਪੂਰੇ ਪੰਜਾਬ ਵਿਚ ਅਕਾਲੀ ਦਲ ਵਾਰਸ ਪੰਜਾਬ ਦੇ ਦੀ ਲਹਿਰ ਚੱਲ ਰਹੀ ਹੈ, ਸਰਕਾਰ ਭਾਈ ਅੰਮ੍ਰਿਤਪਾਲ ਸਿੰਘ ਨੂੰ ਜੇਲ੍ਹ 'ਚ ਬੰਦ ਕਰ ਕੇ ਉਨ੍ਹਾਂ ਦਾ ਰਸਤਾ ਰੋਕਣਾ ਚਾਹੁੰਦੀ ਹੈ ਪਰ ਪੰਜਾਬ ਦੇ ਲੋਕ ਅੰਮ੍ਰਿਤਪਾਲ ਸਿੰਘ ਨੂੰ ਮੁੱਖ ਮੰਤਰੀ ਦੇਖਣਾ ਹਨ ਕਿਉਂਕਿ ਪੰਜਾਬ ਵਿਚ ਇਸ ਵਕਤ ਸਭ ਤੋਂ ਵੱਡਾ ਕਹਿਰ ਨਸ਼ਿਆਂ ਦਾ ਹੈ। ਹਰ ਪਾਰਟੀ ਨੇ ਇਸ ਉੱਤੇ ਸਿਆਸਤ ਕੀਤੀ ਹੈ । ਪਹਿਲਾਂ ਕਾਂਗਰਸ ਨੇ ਤੇ ਫਿਰ ਆਮ ਆਦਮੀ ਪਾਰਟੀ ਨੇ। ਇਸ ਦੇ ਖਾਤਮੇ ਲਈ ਆਪ ਸਰਕਾਰ ਬਣਾਈ ਸੀ। ਹੋਇਆ ਉਲਟ, ਇਸ ਵਕਤ ਪੰਜਾਬ ਵਿੱਚ ਨਸ਼ਿਆਂ ਨਾਲ ਹੋਣ ਵਾਲੀਆਂ ਮੌਤਾਂ ਗਿਣਤੀ ਸਿਖਰ 'ਤੇ ਪਹੁੰਚ ਚੁੱਕੀ ਹੈ। ਅਗਵਾਈ ਕਰਤਾ ਤਰਨਦੀਪ ਸਿੰਘ ਗਿੱਲ ਨੇ ਸੂਬੇ ਦੀ ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਸਰਕਾਰ 'ਤੇ ਤਿੱਖੇ ਨਿਸ਼ਾਨੇ ਸਾਧਦਿਆਂ ਦੋਸ਼ ਲਾਇਆ ਕਿ ਸਰਕਾਰ ਹਰ ਮੋਰਚੇ 'ਤੇ ਪੂਰੀ ਤਰ੍ਹਾਂ ਅਸਫ਼ਲ ਸਿੱਧ ਹੋਈ ਹੈ। ਉਨ੍ਹਾਂ ਯਾਦ ਕਰਵਾਇਆ ਕਿ ਸੱਤਾ ਵਿਚ ਆਉਣ ਤੋਂ ਪਹਿਲਾਂ ਭਗਵੰਤ ਮਾਨ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੂੰ ਸਭ ਪਤਾ ਹੇ ਕਿ ਨਸ਼ੇ ਕਿੱਥੇ ਬਣਦੇ ਹਨ ਅਤੇ ਸਰਕਾਰ ਬਣਦਿਆਂ ਹੀ ਵੱਡੇ ਸਮੱਗਲਰਾਂ ਨੂੰ ਫੜਿਆ ਜਾਵੇਗਾ ਪਰ ਇਦਾ ਕੁਝ ਵੀ ਨਹੀਂ ਹੋਇਆ। ਉਨ੍ਹਾਂ ਨੋਜਵਾਨਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਤੋਂ ਦੂਰ ਰਿਹ ਕੇ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦਾ ਸਾਥ ਦੇਣ ਅਤੇ ਪੰਜਾਬ ਅੰਦਰ ਸਰਕਾਰ ਏ ਖਾਲਸਾ ਬਣਾਉਣ ਵਿਚ ਆਪਣਾ ਯੋਗਦਾਨ ਪਾਉਣ। ਇਸ ਮੌਕੇ ਵਾਰਡ ਨੰਬਰ 32 ਅਤੇ 35 ਦੇ ਆਗੂ ਸਹਿਬਾਨ ਗੁਰਪ੍ਰੀਤ ਸਿੰਘ ਢਿੱਲੋਂ, ਜਗਰੂਪ ਸਿੰਘ ਢਿੱਲੋਂ, ਰਜਿੰਦਰ ਸਿੰਘ ਢਿੱਲੋਂ, ਹਰਪਾਲ ਸਿੰਘ ਗਿੱਲ, ਬਿੱਕਰ ਸਿੰਘ ਸੰਧੂ, ਜੋਗਾ ਸਿੰਘ ਸੰਧੂ, ਮੰਗਾ ਸਿੰਘ, ਜੱਸਾ ਸਿੰਘ, ਜੋਰਾ ਸਿੰਘ, ਹਰਜੀਤ ਸਿੰਘ, ਸੁਖਦੇਵ ਸਿੰਘ, ਸੁਖਵਿੰਦਰ ਸਿੰਘ, ਜਗਰੂਪ ਸਿੰਘ, ਅੰਮ੍ਰਿਤਪਾਲ ਸਿੰਘ, ਮਾਸਟਰ ਸਵਿੰਦਰ ਸਿੰਘ, ਗੁਰਸੇਵਕ ਸਿੰਘ ਫੋਜੀ, ਨਿਰਵੈਲ ਸਿੰਘ, ਬਲਵੀਰ ਸਿੰਘ, ਅਜੀਤਪਾਲ, ਰਵੀ, ਅਮਿਤ ਕੁਮਾਰ, ਨਵੀ ਸਿਗਲਾਂ, ਰਾਹੁਲ ਸ਼ਰਮਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਆਮ ਆਦਮੀ ਪਾਰਟੀ ਨੇ ਚੋਣਾਵੀਂ ਵਾਅਦੇ ਪੂਰੇ ਕਰਕੇ ਰਚਿਆ ਇਤਿਹਾਸ : ਵਿਧਾਇਕ ਕਾਕਾ ਬਰਾੜ

## ਪਿੰਡ ਸੰਗੂਧੋਣ 'ਚ ਅਕਾਲੀ ਦਲ ਨੂੰ ਝਟਕਾ, ਸੈਂਕੜੇ ਸਾਥੀ 'ਆਪ' 'ਚ ਸ਼ਾਮਲ

ਜਨ ਜਾਗਰਣ ਬਿਊਰੋ



**ਸ੍ਰੀ ਮੁਕਤਸਰ ਸਾਹਿਬ (ਦੀਪਕ ਗਰਗ)** : ਨੇੜਲੇ ਪਿੰਡ ਸੰਗੂਧੋਣ ਵਿਖੇ ਆਮ ਆਦਮੀ ਪਾਰਟੀ ਨੂੰ ਉਸ ਸਮੇਂ ਵੱਡਾ ਹੁੰਗਾਰਾਂ ਮਿਲਿਆ ਜਦੋਂ ਸੈਂਕੜੇ ਸਾਥੀ ਸ਼੍ਰੋ?ਰਮਣੀ ਅਕਾਲੀ ਦਲ ਨੂੰ ਅਲਵਿਦਾ ਆਖ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਗਏ ਜਿਨ੍ਹਾਂ ਦਾ ਭਰਵਾਂ ਸਵਾਗਤ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਵੱਲੋਂ ਕੀਤਾ ਗਿਆ। ਇਸ ਮੌਕੇ ਆਮ ਆਦਮੀ ਪਾਰਟੀ ਜ਼ਿੰਦਾਬਾਦ ਦੇ ਨਾਅਰੇ ਲਗਾਏ ਗਏ। ਇਸ ਦੌਰਾਨ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਆਖਿਆ ਕਿ ਇਤਿਹਾਸ ਵਿੱਚ ਪਹਿਲੀ ਪਾਰਟੀ ਹੈ ਆਮ ਆਦਮੀ ਪਾਰਟੀ ਜਿਨ੍ਹਾਂ ਨੇ ਆਪਣੇ ਕੀਤੇ ਵਾਅਦੇ ਸਿਰਫ 4 ਸਾਲਾਂ ਵਿੱਚ ਪੂਰੇ ਕੀਤੇ ਹੋਣ ।ਉਨ੍ਹਾਂ ਕਿਹਾ ਕਿ ਮੁੱਖਮੰਤਰੀ ਭਗਵੰਤ ਮਾਨ ਵੱਲੋਂ ਜੋ ਕਿਹਾ ਜਾਂਦਾ ਹੈ ਉਹ ਕੀਤਾ ਜਾਂਦਾ ਹੈ ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਜੋ ਕਹਿੰਦੇ ਹਨ, ਉਹ ਕਰਦੇ ਹਨ ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਆਪ ਸਰਕਾਰ ਆਉਣ ਤੋਂ ਬਾਅਦ ਸੂਬੇ ਨੇ ਬਹੁਤ ਤਰੱਕੀ ਕੀਤੀ ਹੈ। ਸਿੱਖਿਆ, ਸਿਹਤ ਅਤੇ ਬਿਜਲੀ ਦੇ ਖੇਤਰ ਵਿੱਚ ਇਨਕਲਾਬੀ ਤਬਦੀਲੀਆਂ ਆਈਆਂ ਹਨ ।ਪਿੰਡ ਸੰਗੂਧੋਣ ਦੇ ਲੋਕਾਂ ਨੇ ਸ੍ਰੋਮਣੀ ਅਕਾਲੀ ਦਲ ਦੀਆਂ ਨੀਤੀਆਂ ਤੋਂ ਤੰਗ ਆ ਕੇ ਆਪ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਹੈ ।ਇਸ ਮੌਕੇ ਸ਼ਾਮਲ ਹੋਏ ਨਵੇਂ ਮੈਂਬਰਾਂ ਰੇਸ਼ਮ ਸਿੰਘ, ਕਾਲੀ, ?ਇੰਦਰਜੀਤ ਸਿੰਘ, ਗੁਰਦੇਵ ਸਿੰਘ ਖਾਲਸਾ, ਬੋਹੜ ਸਿੰਘ, ਕਰਨੈਲ ਸਿੰਘ, ਗੁਰਨੈਬ ਸਿੰਘ, ਅਜਾਇਬ ਸਿੰਘ, ਬੂਟਾ ਸਿੰਘ, ਗੁਰਚਰਨ ਸਿੰਘ ਆਦਿ ਨੇ ਕਿਹਾ ਕਿ ਉਹ ਆਪ ਦੀਆਂ ਨੀਤੀਆਂ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਕੰਮਕਾਜ ਤੋਂ ਬਹੁਤ ਪ੍ਰਭਾਵਿਤ ਹਨ ਅਤੇ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ ।ਉਨ੍ਹਾਂ ਨੇ ਵਿਸ਼ਵਾਸ ਦਿਵਾਇਆ ਕਿ ਆਉਣ ਵਾਲੀਆਂ ਚੋਣਾਂ ਵਿੱਚ ਵੀ ਆਪ ਪੂਰੇ ਪੰਜਾਬ ਵਿੱਚ ਵੱਡੀ ਜਿੱਤ ਪ੍ਰਾਪਤ ਕਰੇਗੀ ।ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਤਰੱਕੀ ਦੀਆਂ ਨਵੀਆਂ ਬੁਲੰਦੀਆਂ ਨੂੰ ਛੂਹ ਰਿਹਾ ਹੈ ।ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਨਵੇਂ ਮੈਂਬਰਾਂ ਦਾ ਪਾਰਟੀ ਵਿੱਚ ਸਵਾਗਤ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਆਉਣ ਨਾਲ ਪਾਰਟੀ ਨੂੰ ਹੋਰ ਬਲ ਮਿਲੇਗਾ। ਉਨ੍ਹਾਂ ਨੇ ਕਿਹਾ ਕਿ ਆਪ ਸਰਕਾਰ ਪੰਜਾਬ ਨੂੰ ਖੁਸ਼ਹਾਲ ਬਣਾਉਣ ਲਈ ਵਚਨਬੱਧ ਹੈ ਅਤੇ ਲੋਕਾਂ ਦੀਆਂ ਉਮੀਦਾਂ ਤੇ ਖਰੀ ਉਤਰੇਗੀ। ਇਸ ਮੌਕੇ ਸਰਪੰਚ ਗੁਰਲਾਲ ਸਿੰਘ, ਬਲਾਕ ਸੰਮਤੀ ਮੈਂਬਰ ਜੱਗਾ ਸਿੰਘ ਭੁੱਲਰ, ਸਰਪੰਚ ਸੁਰਿੰਦਰ ਸਿੰਘ, ਬਲਕਾਰ ਸਿੰਘ ਕਾਲਾ, ਨੰਬਰਦਾਰ ਬੇਅੰਤ ਸਿੰਘ ਲਾਲੀ, ਨੰਬਰਦਾਰ ਬਗੀਚਾ ਸਿੰਘ, ਦਾਰਾ ਸਿੰਘ, ਬਲਵਿੰਦਰ ਸਿੰਘ, ਗੁਰਇਕਬਾਲ ਸਿੰਘ, ਬਲਾਕ ਪ੍ਰਧਾਨ ਸੁਮਿਤ ਗਰਗ, ਮੈਂਬਰ ਅਮਰੀਕ ਸਿੰਘ, ਸੰਦੀਪ ਸਿੰਘ, ਜਗਦੇਵ ਸਿੰਘ, ਅਮਰੀਕ ਸਿੰਘ, ਗੁਰਲਾਲ ਸਿੰਘ, ਕੁਲਵੰਤ ਸਿੰਘ ਕੰਤਾ, ਲਖਵਿੰਦਰ ਸਿੰਘ ਆਦਿ ਹਾਜ਼ਰ ਸਨ।

# ਕਿਸਾਨ ਵਲੋਂ ਸਬਸਿਡੀ 'ਤੇ ਬੇਲਰ ਲੈ ਕੇ ਪਰਾਲੀ ਪ੍ਰਬੰਧਨ 'ਚ ਪਾਇਆ ਜਾ ਰਿਹਾ ਅਹਿਮ ਯੋਗਦਾਨ

ਜਨ ਜਾਗਰਣ ਬਿਊਰੋ



ਖੇਤੀਬਾੜੀ ਅਧਿਕਾਰੀ ਸਬਸਿਡੀ 'ਤੇ ਬੇਲਰ ਲੈ ਕੇ ਪਰਾਲੀ ਪ੍ਰਬੰਧਨ ਲਈ ਕਿਸਾਨਾਂ ਨੂੰ ਜਾਗਰੂਕ ਕਰਦੇ ਹੋਏ।

**ਫਿਰੋਜ਼ਪੁਰ (ਪ੍ਰੇਮ ਨਾਥ ਸ਼ਰਮਾ):** ਜ਼ਿਲ੍ਹਾ ਫਿਰੋਜ਼ਪੁਰ ਵਿਚ ਪਰਾਲੀ ਦੀ ਸੁਚੱਜੀ ਸਾਂਭ-ਸੰਭਾਲ ਅਤੇ ਪਰਾਲੀ ਸਾੜਨ ਦੀ ਪ੍ਰਥਾ ਨੂੰ ਰੋਕਣ ਲਈ ਕਿਸਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਤਹਿਤ ਬਲਾਕ ਮਮਦੋਟ ਦੇ ਪਿੰਡ ਲੱਖਾ ਹਾਜ਼ੀ ਦੇ ਕਿਸਾਨ ਜਸਗੀਰ ਸਿੰਘ ਪੁੱਤਰ ਪਿਆਰਾ ਸਿੰਘ ਨੇ ਖੇਤੀਬਾੜੀ ਵਿਭਾਗ ਤੋਂ ਸਬਸਿਡੀ 'ਤੇ ਬੇਲਰ ਪ੍ਰਾਪਤ ਕਰਕੇ ਪਰਾਲੀ ਪ੍ਰਬੰਧਨ ਦਾ ਕੰਮ ਸ਼ੁਰੂ ਕੀਤਾ ਹੈ। ਕਿਸਾਨ ਜਸਗੀਰ ਸਿੰਘ ਵੱਲੋਂ ਆਪਣੇ ਪਿੰਡ ਲੱਖਾ ਹਾਜ਼ੀ ਅਤੇ ਆਸ-ਪਾਸ ਦੇ ਪਿੰਡਾਂ ਵਿਚ ਬੇਲਰ ਦੀ ਮੱਦਦ ਨਾਲ ਝੋਨੇ ਦੀ ਪਰਾਲੀ ਦੀਆਂ ਗੱਠਾਂ ਬਣਾਈਆਂ ਜਾ ਰਹੀਆਂ ਹਨ, ਜਿਸ ਨਾਲ ਪਰਾਲੀ ਨੂੰ ਖੇਤਾਂ ਵਿਚ ਅੱਗ ਲਗਾਉਣ ਦੀ ਬਜਾਏ ਉਸ ਦੀ ਸੁਚੱਜੀ ਸੰਭਾਲ ਅਤੇ ਵਰਤੋਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਇਸ ਮੌਕੇ ਮੁੱਖ ਖੇਤੀਬਾੜੀ ਅਫ਼ਸਰ ਡਾ. ਬਲਵਿੰਦਰ ਸਿੰਘ ਵੱਲੋਂ ਕਿਸਾਨ ਦੇ ਖੇਤਾਂ ਦਾ ਦੌਰਾ ਕਰਕੇ ਬੇਲਰ ਰਾਹੀਂ ਕੀਤੇ ਜਾ ਰਹੇ ਪਰਾਲੀ ਪ੍ਰਬੰਧਨ ਦੇ ਕੰਮ ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਨੇ ਕਿਸਾਨ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਖੇਤੀਬਾੜੀ ਮਸ਼ੀਨਰੀ ਦੀ ਵਰਤੋਂ ਨਾਲ ਪਰਾਲੀ ਦਾ ਸੁਚੱਜਾ ਪ੍ਰਬੰਧਨ ਕੀਤਾ ਜਾ ਸਕਦਾ ਹੈ ਅਤੇ ਵਾਤਾਵਰਣ ਨੂੰ ਪ੍ਰਦੂਸ਼ਣ ਤੋਂ ਬਚਾਉਣ ਵਿਚ ਮੱਦਦ ਮਿਲਦੀ ਹੈ। ਉਨ੍ਹਾਂ ਨੇ ਜ਼ਿਲ੍ਹੇ ਦੇ ਹੋਰ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਪਰਾਲੀ ਨੂੰ ਅੱਗ ਨਾ ਲਗਾਉਣ ਅਤੇ ਬੇਲਰ, ਸੁਪਰ ਸੀਡਰ ਤੇ ਹੋਰ ਖੇਤੀਬਾੜੀ ਮਸ਼ੀਨਰੀ ਦੀ ਵਰਤੋਂ ਕਰਕੇ ਪਰਾਲੀ ਦਾ ਯੋਗ ਪ੍ਰਬੰਧਨ ਕਰਨ। ਇਸ ਨਾਲ ਜਿੱਥੇ ਵਾਤਾਵਰਣ ਦੀ ਸੰਭਾਲ ਹੋਵੇਗੀ, ਉੱਥੇ ਹੀ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਬਰਕਰਾਰ ਰੱਖਣ ਵਿਚ ਵੀ ਮੱਦਦ ਮਿਲੇਗੀ। ਜ਼ਿਲ੍ਹਾ ਫਿਰੋਜ਼ਪੁਰ ਦੇ ਕਿਸਾਨਾਂ ਨੂੰ ਅਪੀਲ ਹੈ ਕਿ ਪਰਾਲੀ ਨੂੰ ਅੱਗ ਲਗਾਉਣ ਦੀ ਬਜਾਏ ਇਸ ਦਾ ਸੁਚੱਜਾ ਪ੍ਰਬੰਧਨ ਕਰਕੇ ਵਾਤਾਵਰਣ ਦੀ ਸੰਭਾਲ ਵਿਚ ਆਪਣਾ ਯੋਗਦਾਨ ਪਾਉਣ।

## ਸੰਖੇਪ ਖਬਰਾਂ

### ਪੰਜਾਬ ਲਾਰਜ ਇੰਡਸਟਰੀਅਲ ਡਿਵੈਲਪਮੈਂਟ ਬੋਰਡ ਦੇ ਚੇਅਰਮੈਨ ਦੀਪਕ ਚੌਹਾਨ ਨਾਲ ਮਿਲੇ ਜ਼ਿਲਾ ਪ੍ਰਧਾਨ ਗੁਰਪ੍ਰੀਤ ਕੌਰ ਤਰਨ ਤਾਰਨ



**ਤਰਨ ਤਾਰਨ (ਜੀਵਨ ਜੱਜ/ ਵਿਜੇ ਭਾਰਗਵ):** ਪੰਜਾਬ ਲਾਰਜ ਇੰਡਸਟਰੀਅਲ ਡਿਵੈਲਪਮੈਂਟ ਬੋਰਡ ਦੇ ਚੇਅਰਮੈਨ ਦੀਪਕ ਚੌਹਾਨ ਨਾਲ ਮਹਿਲਾ ਵਿੰਗ ਦੀ ਜ਼ਿਲਾ ਪ੍ਰਧਾਨ ਗੁਰਪ੍ਰੀਤ ਕੌਰ ਤਰਨ ਤਾਰਨ ਨੇ ਉਹਨਾਂ ਦੇ ਗ੍ਰਹਿ ਵਿਖੇ ਵਿਸ਼ੇਸ਼ ਮੁਲਾਕਾਤ ਕੀਤੀ। ਇਸ ਮੌਕੇ ਦੋਵਾਂ ਆਗੂਆਂ ਵਿਚਕਾਰ ਇਲਾਕੇ ਦੇ ਵਿਕਾਸ ਕਾਰਜਾਂ ਅਤੇ ਪਾਰਟੀ ਦੀ ਮਜ਼ਬੂਤੀ ਨੂੰ ਲੈ ਕੇ ਵਿਸਥਾਰ ਨਾਲ ਚਰਚਾ ਕੀਤੀ ਗਈ। ਮੁਲਾਕਾਤ ਦੌਰਾਨ ਜ਼ਿਲ੍ਹਾ ਪ੍ਰਧਾਨ ਗੁਰਪ੍ਰੀਤ ਕੌਰ ਤਰਨ ਤਾਰਨ ਨੇ ਦੀਪਕ ਚੌਹਾਨ ਨੂੰ ਚੇਅਰਮੈਨ ਦਾ ਅਹੁਦਾ ਸੰਭਾਲਣ 'ਤੇ ਨਿੱਘੀ ਵਧਾਈ ਦਿੱਤੀ ਅਤੇ ਉਮੀਦ ਪ੍ਰਗਟਾਈ ਕਿ ਉਹਨਾਂ ਦੀ ਅਗਵਾਈ ਹੇਠ ਸੂਬੇ ਵਿੱਚ ਉਦਯੋਗਿਕ ਖੇਤਰ ਨੂੰ ਹੋਰ ਹੁਲਾਰਾ ਮਿਲੇਗਾ। ਇਸ ਦੇ ਨਾਲ ਹੀ ਤਰਨ ਤਾਰਨ ਜ਼ਿਲੇ ਵਿੱਚ ਔਰਤਾਂ ਦੀ ਭਾਗੀਦਾਰੀ ਨੂੰ ਵਧਾਉਣ ਅਤੇ ਮਹਿਲਾ ਵਰਕਰਾਂ ਨੂੰ ਬਣਦਾ ਮਾਣ-ਸਤਿਕਾਰ ਦਿਵਾਉਣ ਦੇ ਮੁੱਦਿਆਂ 'ਤੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ। ਚੇਅਰਮੈਨ ਦੀਪਕ ਚੌਹਾਨ ਨੇ ਗੁਰਪ੍ਰੀਤ ਕੌਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਦੀ ਤਰੱਕੀ ਵਿੱਚ ਮਹਿਲਾ ਵਿੰਗ ਦਾ ਯੋਗਦਾਨ ਅਹਿਮ ਹੈ ਅਤੇ ਸਰਕਾਰ ਵੱਲੋਂ ਸੂਬੇ ਦੇ ਸਰਵਪੱਖੀ ਵਿਕਾਸ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਉਹਨਾਂ ਵਿਸ਼ਵਾਸ ਦਿਵਾਇਆ ਕਿ ਜ਼ਿਲਾ ਤਰਨ ਤਾਰਨ ਦੇ ਵਿਕਾਸ ਕਾਰਜਾਂ ਨੂੰ ਪਹਿਲ ਦੇ ਆਧਾਰ 'ਤੇ ਨੇਪਰੇ ਚਾੜਿਆ ਜਾਵੇਗਾ। ਇਸ ਮੌਕੇ ਇਲਾਕੇ ਦੇ ਹੋਰ ਪਤਵੰਤੇ ਸੱਜਣ ਅਤੇ ਪਾਰਟੀ ਆਗੂ ਵੀ ਹਜ਼ਾਰ ਸਨ।

### ਨਵਨੀਤ ਸਿੰਘ ਰਤੀਆ ਨੇ ਵਧੀਕ ਨਿਗਰਾਨ ਇੰਜੀਨੀਅਰ ਮਨਦੀਪ ਸਿੰਘ ਸੱਧਰ ਦਾ ਕੀਤਾ ਧੰਨਵਾਦ



**ਤਰਨ ਤਾਰਨ (ਜੀਵਨ ਜੱਜ/ਵਿਜੇ ਭਾਰਗਵ):** ਨਵਨੀਤ ਸਿੰਘ ਰਤੀਆ ਵੱਲੋਂ ਵਧੀਕ ਨਿਗਰਾਨ ਇੰਜੀਨੀਅਰ ਮਨਦੀਪ ਸਿੰਘ ਸੱਧਰ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ। ਜਾਣਕਾਰੀ ਅਨੁਸਾਰ ਨਵਨੀਤ ਸਿੰਘ ਰਤੀਆ ਦੇ ਘਰ ਲੰਮੇ ਸਮੇਂ ਤੋਂ ਬਿਜਲੀ ਦਾ ਮੀਟਰ ਨਹੀਂ ਸੀ ਲੱਗ ਰਿਹਾ, ਜਿਸ ਕਾਰਨ ਉਨ੍ਹਾਂ ਨੂੰ ਕਾਫ਼ੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਸ ਸਮੱਸਿਆ ਦੇ ਹੱਲ ਲਈ ਨਵਨੀਤ ਸਿੰਘ ਰਤੀਆ ਨੇ ਵਧੀਕ ਨਿਗਰਾਨ ਇੰਜੀਨੀਅਰ ਮਨਦੀਪ ਸਿੰਘ ਸੱਧਰ ਨਾਲ ਮੁਲਾਕਾਤ ਕੀਤੀ ਅਤੇ ਆਪਣੀ ਮੁਸ਼ਕਿਲ ਉਨ੍ਹਾਂ ਦੇ ਧਿਆਨ ਵਿੱਚ ਲਿਆਂਦੀ। ਇੰਜੀਨੀਅਰ ਮਨਦੀਪ ਸਿੰਘ ਸੱਧਰ ਨੇ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਤੁਰੰਤ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਨੂੰ ਹੁਕਮ ਜਾਰੀ ਕੀਤੇ ਕਿ ਮੌਕੇ 'ਤੇ ਜਾ ਕੇ ਤੁਰੰਤ ਮੀਟਰ ਲਗਾਇਆ ਜਾਵੇ। ਅਧਿਕਾਰੀਆਂ ਦੇ ਆਦੇਸ਼ਾਂ ਤੋਂ ਬਾਅਦ ਵਿਭਾਗੀ ਟੀਮ ਨੇ ਮੌਕੇ 'ਤੇ ਪਹੁੰਚ ਕੇ ਬਿਜਲੀ ਦਾ ਮੀਟਰ ਲਗਾ ਦਿੱਤਾ। ਮੀਟਰ ਲੱਗਣ ਤੋਂ ਬਾਅਦ ਨਵਨੀਤ ਸਿੰਘ ਰਤੀਆ ਨੇ ਵਧੀਕ ਨਿਗਰਾਨ ਇੰਜੀਨੀਅਰ ਮਨਦੀਪ ਸਿੰਘ ਸੱਧਰ ਦੀ ਤੁਰੰਤ ਕਾਰਵਾਈ ਅਤੇ ਲੋਕ-ਹਿਤੈਸ਼ੀ ਪਹੁੰਚ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਮਹਾਰਾਜਾ ਅਗਰਸੇਨ ਜਯੰਤੀ ਮੌਕੇ ਪ੍ਰਤਿਮਾ ਨੂੰ ਮਾਲਾ ਭੇਟ ਕਰਕੇ ਦਿਤੀ ਗਈ ਸ਼ਰਧਾਂਜਲੀ

## ਅਗਰਵਾਲ ਸਮਾਜ ਦੇ ਆਗੂਆਂ ਅਤੇ ਪਤਵੰਤਿਆਂ ਨੇ ਮਹਾਰਾਜਾ ਅਗਰਸੇਨ ਜੀ ਦੇ ਸਿਧਾਂਤਾਂ 'ਤੇ ਚੱਲਣ ਦਾ ਲਿਆ ਸੰਕਲਪ

ਜਨ ਜਾਗਰਣ ਬਿਊਰੋ



**ਫਿਰੋਜ਼ਪੁਰ (ਪ੍ਰੇਮ ਨਾਥ ਸ਼ਰਮਾ):** ਮਹਾਰਾਜਾ ਅਗਰਸੇਨ ਸੇਵਾ ਸੰਮਤੀ, ਫਿਰੋਜ਼ਪੁਰ ਸ਼ਹਿਰ ਵੱਲੋਂ ਮਹਾਰਾਜਾ ਅਗਰਸੇਨ ਜਯੰਤੀ ਦੇ ਸ਼ੁਭ ਅਵਸਰ 'ਤੇ ਅੱਜ ਸਵੇਰੇ ਮਹਾਰਾਜਾ ਅਗਰਸੇਨ ਚੌਕ ਵਿੱਚ ਇੱਕ ਵਿਸ਼ੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਅਗਰਵਾਲ ਸਮਾਜ ਦੇ ਪਤਵੰਤਿਆਂ ਅਤੇ ਅਹੁਦੇਦਾਰਾਂ ਨੇ ਮਹਾਰਾਜਾ ਅਗਰਸੇਨ ਜੀ ਦੀ ਪ੍ਰਤਿਮਾ 'ਤੇ ਮਾਲਾ ਭੇਟ ਕਰਕੇ ਉਨ੍ਹਾਂ ਨੂੰ ਫੁੱਲ ਮਾਲਾਵਾਂ ਅਰਪਿਤ ਕੀਤੀਆਂ ਅਤੇ ਉਨ੍ਹਾਂ ਦੇ ਆਦਰਸ਼ਾਂ ਨੂੰ ਆਪਣੇ ਜੀਵਨ ਵਿਚ ਅਪਣਾਉਣ ਦਾ ਸੰਕਲਪ ਲਿਆ। ਇਸ ਪ੍ਰੋਗਰਾਮ ਵਿੱਚ ਫਿਰੋਜ਼ਪੁਰ ਸ਼ਹਿਰ ਅਤੇ ਫਿਰੋਜ਼ਪੁਰ ਛਾਉਣੀ ਤੋਂ ਅਗਰਵਾਲ ਸਮਾਜ ਦੇ ਅਨੇਕਾਂ ਅਹੁਦੇਦਾਰਾਂ ਨੇ ਉਤਸ਼ਾਹਪੂਰਵਕ ਭਾਗ ਲਿਆ। ਸਮਾਜ ਦੇ ਮੈਂਬਰਾਂ ਨੇ ਮਹਾਰਾਜਾ ਅਗਰਸੇਨ ਜੀ ਦੇ ਸਮਾਜਵਾਦ, ਸਮਾਨਤਾ, ਸੇਵਾ, ਸਹਿਯੋਗ ਅਤੇ ਜਨਕਲਿਆਣ ਦੇ ਸਿਧਾਂਤਾਂ ਨੂੰ ਯਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਆਦਰਸ਼ ਅੱਜ ਵੀ ਸਮਾਜ ਨੂੰ ਏਕਤਾ, ਭਾਈਚਾਰੇ ਅਤੇ ਪਰਉਪਕਾਰ ਦੀ ਪ੍ਰੇਰਣਾ ਦਿੰਦੇ ਹਨ। ਇਸ ਮੌਕੇ ਫਿਰੋਜ਼ਪੁਰ ਸ਼ਹਿਰ ਤੋਂ ਅਸ਼ੋਕ ਗੁਪਤਾ, ਰਮੇਸ਼ ਅਗਰਵਾਲ, ਧਰਮਪਾਲ ਬਾਂਸਲ ਅਤੇ ਹਰਬੰਸ ਗੁਪਤਾ ਸਮੇਤ ਸਮਾਜ ਦੇ ਹੋਰ ਕਈ ਪਤਵੰਤੇ ਵਿਅਕਤੀ ਮੌਜ਼ਦ ਰਹੇ। ਇਸ ਤੋਂ ਇਲਾਵਾ ਮਹਾਰਾਜਾ ਅਗਰਸੇਨ ਸੇਵਾ ਸੰਮਤੀ ਵੱਲੋਂ ਰਾਜੀਵ ਅਗਰਵਾਲ, ਰਾਜਿੰਦਰ ਗਰਗ, ਵਿਜੇ ਅਗਰਵਾਲ, ਮਨਮੋਹਨ ਅਗਰਵਾਲ, ਵਿਕਾਸ ਗੋਇਲ, ਅਸ਼ਵਨੀ ਗੋਇਲ, ਅਜੈ ਅਗਰਵਾਲ, ਸੰਜੇ ਬਾਂਸਲ, ਸੰਜੀਵ ਗੁਪਤਾ, ਨਿਖਿਲ ਗੁਪਤਾ, ਗਗਨ ਅਗਰਵਾਲ ਅਤੇ ਸ਼ਿਆਮ ਸੁੰਦਰ ਗੁਪਤਾ ਸਮੇਤ ਅਗਰਵਾਲ ਸਮਾਜ ਦੇ ਅਨੇਕਾਂ ਪਤਵੰਤਿਆਂ ਨੇ ਆਪਣੀ ਮੌਜੂਦਗੀ ਦਰਜ ਕਰਵਾਈ। ਪ੍ਰੋਗਰਾਮ ਦੇ ਦੌਰਾਨ ਮਹਾਰਾਜਾ ਅਗਰਸੇਨ ਜੀ ਦੇ ਜੀਵਨ ਅਤੇ ਸਿੱਖਿਆਵਾਂ ਨੂੰ ਯਾਦ ਕਰਦੇ ਹੋਏ ਸਮਾਜ ਦੀ ਏਕਤਾ ਅਤੇ ਸਮਾਜਿਕ ਸੇਵਾ ਦੇ ਕਾਰਜਾਂ ਨੂੰ ਅੱਗੇ ਵਧਾਉਣ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਮੌਜੂਦ ਮੈਂਬਰਾਂ ਨੇ ਕਿਹਾ ਕਿ ਮਹਾਰਾਜਾ ਅਗਰਸੇਨ ਜੀ ਦੇ ਆਦਰਸ਼ਾਂ ਦਾ ਅਨੁਸਰਣ ਕਰਦਿਆਂ ਸਮਾਜ ਦੇ ਲੋੜਵੰਦ ਵਰਗਾਂ ਦੀ ਸਹਾਇਤਾ ਕਰਨਾ ਅਤੇ ਸਮਾਜਿਕ ਸਦਭਾਵਨਾ ਨੂੰ ਮਜ਼ਬੂਤ ਬਣਾਉਣਾ ਸਾਡਾ ਸਾਰਿਆਂ ਦਾ ਮੁੱਖ ਕਰਤੱਵ ਹੈ। ਇਹ ਪੂਰਾ ਪ੍ਰੋਗਰਾਮ ਸ਼ਰਧਾ, ਉਤਸ਼ਾਹ ਅਤੇ ਸਮਾਜਿਕ ਇਕਜੁੱਟਤਾ ਦੇ ਸ਼ਾਨਦਾਰ ਵਾਤਾਵਰਨ ਵਿੱਚ ਸੰਪੰਨ ਹੋਇਆ, ਜਿਸ ਮਗਰੋਂ ਮਹਾਰਾਜਾ ਅਗਰਸੇਨ ਸੇਵਾ ਸੰਮਤੀ ਨੇ ਹਾਜ਼ਰ ਸਾਰੇ ਸਮਾਜ ਬੰਧੂਆਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

# ਫਿਰੋਜ਼ਪੁਰ ਕੈਂਟ ਤੋਂ ਪਹਿਲੀ ਵਾਰ ਰੇਲ ਮਾਰਗ ਰਾਹੀਂ 'ਪਰਸੀਮੋਨ ਫਲ' (ਜਾਪਾਨੀ ਫਲ) ਫਲ ਦੀ ਢੁਆਈ



ਫਿਰੋਜ਼ਪੁਰ ਰੇਲਵੇ ਸਟੇਸ਼ਨ 'ਤੇ 'ਪਰਸੀਮੋਨ ਫਲ' ਦੀ ਢੋਆਈ ਕਰਨ ਦੀ ਤਸਵੀਰ।

**ਫਿਰੋਜ਼ਪੁਰ (ਪ੍ਰੇਮ ਨਾਥ ਸ਼ਰਮਾ):** ਮੰਡਲ ਰੇਲ ਪ੍ਰਬੰਧਕ ਸੰਜੀਵ ਕੁਮਾਰ ਦੀ ਅਗਵਾਈ ਹੇਠ ਫਿਰੋਜ਼ਪੁਰ ਮੰਡਲ ਦੇ ਬਿਜ਼ਨਸ ਡਿਵੈਲਪਮੈਂਟ ਯੂਨਿਟ ਦੇ ਵਿਸ਼ੇਸ਼ ਯਤਨਾਂ ਨਾਲ "ਪਰਸੀਮੋਨ ਫਲ" ਦੀ ਰੇਲ ਮਾਰਗ ਰਾਹੀਂ ਢੁਆਈ ਲਈ ਨਵਾਂ ਆਵਾਜਾਈ (ਟਰੈਫਿਕ) ਪ੍ਰਾਪਤ ਕੀਤਾ ਗਿਆ ਹੈ। ਟਰੈਫਿਕ ਨੰਬਰ 14620 (ਤ੍ਰਿਪੁਰਾ ਸੁਧਰੀ ਐਕਸਪ੍ਰੈਸ) ਵਿਚ ਪਹਿਲੀ ਵਾਰ ਫਿਰੋਜ਼ਪੁਰ ਕੈਂਟ ਰੇਲਵੇ ਸਟੇਸ਼ਨ ਤੋਂ "ਪਰਸੀਮੋਨ ਫਲ" ਦੀ ਆਊਟਵਰਡ ਲੋਡਿੰਗ ਸਫਲਤਾਪੂਰਵਕ ਕੀਤੀ ਗਈ। ਟਰੇਨ ਨੰਬਰ 14620 ਵਿਚ ਫਿਰੋਜ਼ਪੁਰ ਕੈਂਟ ਤੋਂ 101 ਪੈਕਟਾਂ ਵਿਚ 3.80 ਟਨ ਪਰਸੀਮੋਨ ਫਲ ਗੁਹਾਟੀ ਜੰਕਸ਼ਨ ਲਈ ਲੋਡ ਕੀਤੇ ਗਏ। ਇਸ ਲੋਡਿੰਗ ਤੋਂ 86 ਹਜ਼ਾਰ ਰੁਪਏ ਤੋਂ ਵੱਧ ਦਾ ਮਾਲ-ਭਾੜਾ ਮਾਲੀਆ (ਰੈਵੇਨਿਊ) ਪ੍ਰਾਪਤ ਹੋਇਆ। ਸੀਨੀਅਰ ਮੰਡਲ ਵਪਾਰਕ ਪ੍ਰਬੰਧਕ/ਫਰੇਟ ਪਰਮਦੀਪ ਸਿੰਘ ਸੈਣੀ ਨੇ ਦੱਸਿਆ ਕਿ ਫਿਰੋਜ਼ਪੁਰ ਮੰਡਲ ਦੀ ਭਰੋਸੇਮੰਦ ਅਤੇ ਸਮੇਂ ਸਿਰ ਮਾਲ ਢੋਆ-ਢੁਆਈ ਪ੍ਰਣਾਲੀ ਵਪਾਰੀਆਂ ਨੂੰ ਬਿਹਤਰ ਸਹੂਲਤ ਪ੍ਰਦਾਨ ਕਰ ਰਹੀ ਹੈ। ਮੰਡਲ ਮਾਲ ਆਵਾਜਾਈ ਨੂੰ ਵਧਾਉਣ ਅਤੇ ਵਾਤਾਵਰਣ-ਅਨੁਕੂਲ ਆਵਾਜਾਈ ਸੇਵਾਵਾਂ ਪ੍ਰਦਾਨ ਕਰਨ ਲਈ ਲਗਾਤਾਰ ਯਤਨਸ਼ੀਲ ਹੈ।

# ਹਵਨ-ਯੱਗ ਦੀਆਂ ਪਵਿੱਤਰ ਆਹੁਤੀਆਂ ਨਾਲ ਗੂੰਜਿਆ ਅਗਰਵੰਸ਼ ਦਾ ਵਿਹੜਾ

## ਮੰਤਰਾਂ ਦੀ ਗੂੰਜ, ਆਸਥਾ ਦੇ ਰੰਗ ਤੇ ਕੇਕ ਕੱਟ ਕੇ ਮਨਾਈ ਭਗਵਾਨ ਅਗਰਸੇਨ ਜਯੰਤੀ



ਜਨ ਜਾਗਰਣ ਬਿਊਰੋ

**ਜੈਤੋ (ਮਨਜੀਤ ਸਿੰਘ ਢੱਲਾ):** ਸਨਾਤਨ ਧਰਮ ਦੀਆਂ ਪ੍ਰਾਚੀਨ ਪਰੰਪਰਾਵਾਂ ਅਤੇ ਅਗਰਵੰਸ਼ ਦੀ ਗੌਰਵਮਈ ਵਿਰਾਸਤ ਨੂੰ ਸਮਰਪਿਤ ਸ੍ਰੀ ਅਗਰਵਾਲ ਸਭਾ (ਰਜਿ.) ਜੈਤੋ ਵੱਲੋਂ ਭਗਵਾਨ ਅਗਰਸੇਨ ਜਯੰਤੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਈ ਗਈ। ਇਸ ਮੌਕੇ ਸਭਾ ਦੇ ਪ੍ਰਧਾਨ ਮੁਕੇਸ਼ ਗੋਇਲ ਅਤੇ ਕਾਰਜਕਾਰੀ ਪ੍ਰਧਾਨ ਰਾਜੀਵ ਗੋਇਲ ਬਿੱਟੂ ਬਾਦਲ ਦੀ ਪ੍ਰਧਾਨਗੀ ਹੇਠ ਪ੍ਰਾਚੀਨ ਧਾਰਮਿਕ ਪਰੰਪਰਾਵਾਂ ਅਨੁਸਾਰ ਹਵਨ-ਯੱਗ ਕਰਵਾਇਆ ਗਿਆ। ਪੰਡਿਤ ਸੁਸ਼ੀਲ ਕੁਮਾਰ ਸ਼ਰਮਾ ਨੇ ਵੈਦਿਕ ਮੰਤਰਾਂ ਦੇ ਉਚਾਰਨ ਅਤੇ ਧਾਰਮਿਕ ਰੀਤੀ-ਰਿਵਾਜਾਂ ਅਨੁਸਾਰ ਹਵਨ-ਯੱਗ ਦੀ ਰਸਮ ਸੰਪੰਨ ਕਰਵਾਈ। ਸਭਾ ਦੇ ਕੋ-ਚੇਅਰਮੈਨ ਸੁਰੇਂਦਰ ਗਰਗ ਛਿੰਦੀ ਨੇ ਮੁੱਖ ਯਜਮਾਨ ਵਜੋਂ ਭੂਮਿਕਾ ਨਿਭਾਈ। ਉਨ੍ਹਾਂ ਦੇ ਨਾਲ ਸਹਿ-ਸਕੱਤਰ ਰਮੇਸ਼ ਬਾਂਸਲ, ਸੇਵਾਮੁਕਤ ਆਰ.ਏ. ਸੁਰੇਂਦਰ ਗਰਗ, ਸੰਜੀਵ ਗੋਇਲ ਅਤੇ ਸ਼ਾਮ ਲਾਲ ਗੋਇਲ ਨੇ ਵੀ ਯਜਮਾਨ ਵਜੋਂ ਧਾਰਮਿਕ ਰਸਮਾਂ ਵਿੱਚ ਸ਼ਮੂਲੀਅਤ ਕੀਤੀ। ਹਵਨ-ਯੱਗ ਅਤੇ ਆਰਤੀ ਉਪਰੰਤ ਜਯੰਤੀ ਸਮਾਗਮ ਨੂੰ ਆਧੁਨਿਕ ਰੰਗ ਦਿੰਦਿਆਂ ਸਭਾ ਦੇ ਚੇਅਰਮੈਨ ਤੀਰਥ ਰਾਜ ਗਰਗ ਅਤੇ ਆਲ ਪ੍ਰੋਜੈਕਟ ਚੇਅਰਮੈਨ ਨਰੇਸ਼ ਮਿੱਤਲ ਦੀ ਪ੍ਰਧਾਨਗੀ ਹੇਠ ਕੇਕ ਕੱਟਣ ਦੀ ਰਸਮ ਅਦਾ ਕੀਤੀ ਗਈ। ਇਸ ਮੌਕੇ ਲੱਡੂ ਵੰਡ ਕੇ ਖ਼ੁਸ਼ੀ ਸਾਂਝੀ ਕੀਤੀ ਗਈ ਅਤੇ ਹਾਜ਼ਰ ਮੈਂਬਰਾਂ ਨੇ ਇੱਕ-ਦੂਜੇ ਨੂੰ ਜਯੰਤੀ ਦੀਆਂ ਵਧਾਈਆਂ ਦਿੱਤੀਆਂ। ਸਮਾਗਮ ਦੌਰਾਨ ਐਡਵੋਕੇਟ ਮੁਕੇਸ਼ ਗੋਇਲ, ਓਮ ਭੂਸ਼ਨ, ਸਤੀਸ਼ ਬਰਗਾੜੀ, ਪ੍ਰੇਮ ਬਾਜਾਖਾਨਾ, ਸੁਰਿੰਦਰ ਜਿੰਦਲ, ਨਛੱਤਰ ਸਿੰਗਲਾ, ਤਰਸੇਮ ਬਾਂਸਲ ਘਣੀਏਵਾਲੇ, ਰਾਜੀਵ ਗੋਇਲ, ਵਿਜੇ ਜੈਨ, ਸਤੀਸ਼ ਲੰਬਵਾਲੀ ਅਤੇ ਨਰਿੰਦਰ ਬਰਗਾੜੀ ਸਮੇਤ ਸਭਾ ਦੇ ਹੋਰ ਮੈਂਬਰ ਹਾਜ਼ਰ ਸਨ।

# ਮੰਗਾਂ ਨਾ ਮੰਨੀਆਂ ਤਾਂ ਤਿੱਖਾ ਸੰਘਰਸ਼ ਕਰਨਗੇ ਐਨਐਚਐਮ ਕਾਮੇ

ਜਨ ਜਾਗਰਣ ਬਿਊਰੋ



**ਸ੍ਰੀ ਮੁਕਤਸਰ ਸਾਹਿਬ (ਬਿਊਰੋ) :** ਪੰਜਾਬ ਵਿੱਚ ਲੰਬੇ ਸਮੇਂ ਤੋਂ ਠੇਕੇ ਦੇ ਆਧਾਰ 'ਤੇ ਕੰਮ ਕਰ ਰਹੇ ਨੈਸ਼ਨਲ ਹੈਲਥ ਮਿਸ਼ਨ (ਐਨਐਚਐਮ) ਮੁਲਾਜ਼ਮਾਂ ਦੀਆਂ ਲਟਕਦੀਆਂ ਮੰਗਾਂ ਨੂੰ ਲੈ ਕੇ ਸੰਘਰਸ਼ ਜਾਰੀ ਹੈ। ਮੁਲਾਜ਼ਮਾਂ ਦੀਆਂ ਮੰਗਾਂ ਦੇ ਹੱਲ ਲਈ 14 ਅਕਤੂਬਰ ਨੂੰ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਗਠਿਤ ਕੀਤੀ ਗਈ ਕਮੇਟੀ ਨਾਲ ਯੂਨੀਅਨ ਦੀ ਅਹਿਮ ਮੀਟਿੰਗ ਹੋਣ ਜਾ ਰਹੀ ਹੈ। ਯੂਨੀਅਨ ਦੀ ਸੂਬਾ ਪ੍ਰਧਾਨ ਸੰਦੀਪ ਕੌਰ ਨੇ ਕਿਹਾ ਕਿ ਜੇਕਰ ਮੀਟਿੰਗ ਵਿੱਚ ਮੰਗਾ ਦਾ ਕੋਈ ਠੋਸ ਹੱਲ ਨਾ ਨਿਕਲਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਪੱਕਾ ਧਰਨਾ ਲਗਾ ਕੇ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ। ਸੰਦੀਪ ਕੌਰ ਨੇ ਕਿਹਾ ਕਿ ਐਨਐਚਐਮ ਮੁਲਾਜ਼ਮ ਲੰਬੇ ਸਮੇ ਤੋਂ ਆਪਣੀਆਂ ਜਾਇਜ਼ ਮੰਗਾਂ ਨੂੰ ਲੈ ਕੇ ਸਰਕਾਰ ਤੱਕ ਪਹੁੰਚ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਪਹਿਲਾਂ ਸਿਹਤ ਮੰਤਰੀ ਅਤੇ ਵਿੱਤ ਮੰਤਰੀ ਨਾਲ ਹੋਣ ਵਾਲੀਆਂ ਮੀਟਿੰਗਾਂ ਵਾਰ-ਵਾਰ ਮੁਲਤਵੀ ਹੋਣ ਕਾਰਨ ਮੁਲਾਜ਼ਮਾਂ ਵਿੱਚ ਰੋਸ ਪੈਦਾ ਹੋਇਆ। ਯੂਨੀਅਨ ਨਾਲ ਹੋਈ ਪਿਛਲੀ ਮੀਟਿੰਗ ਦੌਰਾਨ ਮੰਗਾਂ ਦੇ ਹੱਲ ਲਈ ਉੱਚ ਪੱਧਰੀ ਕਮੇਟੀ ਬਣਾਉਣ ਦੀ ਗੱਲ ਕੀਤੀ ਗਈ ਸੀ, ਪਰ ਯੂਨੀਅਨ ਆਗੂਆ ਅਨੁਸਾਰ ਮਾਮਲੇ ਦੇ ਹੱਲ ਵਿੱਚ ਦੇਰੀ ਹੋ ਰਹੀ ਹੈ। ਯੂਨੀਅਨ ਆਗੂਆ ਨੇ ਕਿਹਾ ਕਿ ਮੰਗਾਂ ਤੋਂ ਇਲਾਵਾ ਸਮੇਂ ਸਿਰ ਤਨਖ਼ਾਹਾਂ ਦੀ ਅਦਾਇਗੀ ਦਾ ਮਸਲਾ ਵੀ ਗੰਭੀਰ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਦਾ ਸਮਾਂਬੱਧ ਹੱਲ ਕੀਤਾ ਜਾਵੇ ਅਤੇ ਤਨਖ਼ਾਹਾਂ ਸਮੇਂ ਸਿਰ ਜਾਰੀ ਕੀਤੀਆਂ ਜਾਣ। ਇਸ ਮੌਕੇ ਜਨਰਲ ਸਕੱਤਰ ਰਾਮ ਸਿੰਘ ਕਪੂਰਥਲਾ, ਖ਼ਜ਼ਾਨਚੀ ਦਿਨੇਸ਼ ਗਰਗ ਪਟਿਆਲਾ ਅਤੇ ਸੀਨੀਅਰ ਪ੍ਰੈਸ ਸਕੱਤਰ ਸੁਖਜੀਤ ਸਿੰਘ ਰੋਪੜ ਸਮੇਤ ਵੱਖ-ਵੱਖ ਜ਼ਿਲ੍ਹਿਆਂ ਦੇ ਯੂਨੀਅਨ ਆਗੂ ਹਾਜ਼ਰ ਸਨ। ਆਗੂਆਂ ਨੇ ਚੇਤਾਵਨੀ ਦਿੱਤੀ ਕਿ 14 ਅਕਤੂਬਰ ਦੀ ਮੀਟਿੰਗ ਬੇਸਿੱਟਾ ਰਹਿਣ ਦੀ ਸੂਰਤ ਵਿੱਚ ਪੱਕਾ ਧਰਨਾ ਲਗਾਉਣ ਸਮੇਤ ਸੰਘਰਸ਼ ਨੂੰ ਹੋਰ ਤਿੱਖਾ ਕਰਨ ਬਾਰੇ ਅਗਲਾ ਫ਼ੈਸਲਾ ਲਿਆ ਜਾਵੇਗਾ।

# ਮਾਲਵਾ ਕਾਲਜ ਆਫ਼ ਨਰਸਿੰਗ ਕੋਟਕਪੂਰਾ ਦੀਆਂ ਵਿਦਿਆਰਥਣਾਂ ਨੇ ਪਹਿਲੇ ਸਮੈਸਟਰ ਦੇ ਨਤੀਜਿਆਂ 'ਚ ਮਾਰੀਆਂ ਮੱਲਾਂ

## ਆਕਾਸ਼ਦੀਪ ਕੌਰ ਨੇ ਪਹਿਲਾ, ਤਿੰਨ ਵਿਦਿਆਰਥਣਾਂ ਨੇ ਦੂਜਾ ਅਤੇ ਚਾਰ ਨੇ ਤੀਜਾ ਸਥਾਨ ਕੀਤਾ ਹਾਸਲ

ਜਨ ਜਾਗਰਣ ਬਿਊਰੋ



**ਫਰੀਦਕੋਟ (ਕੁਮਾਰ):** ਮਾਲਵਾ ਕਾਲਜ ਆਫ਼ ਨਰਸਿੰਗ, ਕੋਟਕਪੂਰਾ ਦੀਆਂ ਵਿਦਿਆਰਥਣਾਂ ਨੇ ਬੀ.ਐੱਸ.ਸੀ. ਨਰਸਿੰਗ ਦੇ ਪਹਿਲੇ ਸਮੈਸਟਰ (2026) ਦੇ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕਾਲਜ ਦਾ ਨਾਮ ਰੌਸ਼ਨ ਕੀਤਾ ਹੈ। ਕਾਲਜ ਦੀ ਵਿਦਿਆਰਥਣ ਆਕਾਸ਼ਦੀਪ ਕੌਰ ਨੇ ਪਹਿਲਾ ਸਥਾਨ ਹਾਸਲ ਕੀਤਾ, ਜਦਕਿ ਪ੍ਰਭਜੋਤ ਕੌਰ, ਪਲਕ ਗੋਇਲ ਅਤੇ ਜਸਪ੍ਰੀਤ ਕੌਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਨਵਜੋਤ ਕੌਰ, ਮੁਸਕਾਨ ਕੌਰ, ਗੁਰਪ੍ਰੀਤ ਕੌਰ ਅਤੇ ਨਵਨੀਤ ਕੌਰ ਨੇ ਤੀਜਾ ਸਥਾਨ ਹਾਸਲ ਕਰਕੇ ਆਪਣੀ ਕਾਬਲੀਅਤ ਦਾ ਪ੍ਰਦਰਸ਼ਨ ਕੀਤਾ। ਵਿਦਿਆਰਥਣਾਂ ਦੀ ਇਸ ਪ੍ਰਾਪਤੀ ਨਾਲ ਕਾਲਜ ਵਿੱਚ ਖ਼ੁਸ਼ੀ ਦੀ ਲਹਿਰ ਹੈ। ਵਿਦਿਆਰਥਣਾਂ ਦੀ ਇਸ ਸਫ਼ਲਤਾ ਨੂੰ ਉਨ੍ਹਾਂ ਦੀ ਮਿਹਨਤ, ਲਗਨ ਅਤੇ ਪੜ੍ਹਾਈ ਪ੍ਰਤੀ ਸਮਰਪਣ ਦਾ ਨਤੀਜਾ ਮੰਨਿਆ ਜਾ ਰਿਹਾ ਹੈ। ਨਰਸਿੰਗ ਦੀ ਸਿੱਖਿਆ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ ਅਤੇ ਵਿਦਿਆਰਥਣਾਂ ਦੀ ਇਹ ਪ੍ਰਾਪਤੀ ਉਨ੍ਹਾਂ ਦੇ ਭਵਿੱਖ ਦੇ ਪੇਸ਼ੇਵਰ ਸਫ਼ਰ ਲਈ ਵੀ ਅਹਿਮ ਹੈ। ਇਸ ਮੌਕੇ ਕਾਲਜ ਦੇ ਚੇਅਰਮੈਨ ਹਰਗੋਬਿੰਦ ਸਿੰਘ ਨੇ ਸਫ਼ਲ ਵਿਦਿਆਰਥਣਾਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਨੇ ਵਿਦਿਆਰਥਣਾਂ ਨੂੰ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਮਿਹਨਤ ਕਰਕੇ ਸਿੱਖਿਆ ਅਤੇ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਨਵੀਆਂ ਪ੍ਰਾਪਤੀਆਂ ਹਾਸਲ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਹਰਮਨ ਸਿੰਘ ਵੀ ਹਾਜ਼ਰ ਸਨ।

# ਦੇਵ ਸਮਾਜ ਕਾਲਜ ਫ਼ਾਰ ਵੂਮੈਨ, ਫਿਰੋਜ਼ਪੁਰ ਦੇ ਬੈਚਲਰ ਆਫ਼ ਆਰਟਸ ਵਿਸ਼ੇ ਦੀਆਂ ਵਿਦਿਆਰਥਣਾਂ ਨੇ ਪੰਜਾਬ ਯੂਨੀਵਰਸਿਟੀ ਪ੍ਰੀਖਿਆ 'ਚ ਮਾਰੀਆਂ ਮੱਲਾਂ

ਜਨ ਜਾਗਰਣ ਬਿਊਰੋ



ਦੇਵ ਸਮਾਜ ਕਾਲਜ ਫ਼ਾਰ ਵੂਮੈਨ, ਫਿਰੋਜ਼ਪੁਰ ਦੇ ਬੈਚਲਰ ਆਫ਼ ਆਰਟਸ ਵਿਸ਼ੇ ਦੀਆਂ ਪੰਜਾਬ ਯੂਨੀਵਰਸਿਟੀ ਪ੍ਰੀਖਿਆ 'ਚ ਮੱਲਾਂ ਮਾਰਨ ਵਾਲੀਆਂ ਵਿਦਿਆਰਥਣਾਂ।

**ਫਿਰੋਜ਼ਪੁਰ (ਪ੍ਰੇਮ ਨਾਥ ਸ਼ਰਮਾ) :** ਦੇਵ ਸਮਾਜ ਕਾਲਜ ਫ਼ਾਰ ਵੂਮੈਨ, ਫਿਰੋਜ਼ਪੁਰ ਦੇ ਬੈਚਲਰ ਆਫ਼ ਆਰਟਸ (ਐੱਫ.ਵਾਈ.ਯੂ.ਪੀ)ਵਿਸ਼ੇ ਦੇ ਦੂਜੇ ਸਮੈਸਟਰ ਦੀਆਂ ਵਿਦਿਆਰਥਣਾਂ ਅਸ਼ਨੂਰ ਕੰਬੋਜ਼, ਮਹਿਕਦੀਪ ਕੌਰ ਅਤੇ ਮੁਸਕਾਨ ਨੇ ਕ੍ਰਮਵਾਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੁਆਰਾ ਉਕਤ ਵਿਸ਼ੇ ਦੀਆਂ ਲਈਆ ਪ੍ਰੀਖਿਆ ਵਿਚ ਸ਼ਾਨਦਾਰ ਨਤੀਜਿਆ ਸਦਕਾ ਇਹ ਸਾਬਤ ਕਰ ਦਿੱਤਾ ਹੈ ਕਿ ਸਖ਼ਤ ਮਿਹਨਤ ਅਤੇ ਸਮਰਪਣ ਨਾਲ ਹਰ ਮੰਜ਼ਿਲ ਹਾਸਲ ਕੀਤੀ ਜਾ ਸਕਦੀ ਹੈ। ਵਿਦਿਆਰਥਣ ਅਸ਼ਨੂਰ ਕੰਬੋਜ਼ ਨੇ ਬੈਚਲਰ ਆਫ਼ ਆਰਟਸ ਵਿਸ਼ੇ ਦੇ ਦੂਜੇ ਸਮੈਸਟਰ ਦੀ ਪ੍ਰੀਖਿਆ ਵਿਚ 9.17 ਸੀ.ਜੀ.ਪੀ.ਏ. ਪ੍ਰਾਪਤ ਕਰਕੇ ਪਹਿਲਾ ਸਥਾਨ, ਮਹਿਕਦੀਪ ਕੌਰ ਨੇ 8.83 ਸੀ.ਜੀ.ਪੀ.ਏ.ਪ੍ਰਾਪਤ ਕਰਕੇ ਸੱਤਵਾਂ ਸਥਾਨ ਅਤੇ ਮੁਸਕਾਨ ਨੇ 8.83 ਸੀ.ਜੀ.ਪੀ.ਏ.ਪ੍ਰਾਪਤ ਕਰਕੇ ਅੱਠਵਾਂ ਸਥਾਨ ਹਾਸਲ ਕੀਤਾ। ਇਨ੍ਹਾਂ ਵਿਦਿਆਰਥਣਾਂ ਨੇ ਨਾ ਸਿਰਫ਼ ਆਪਣੇ ਮਾਤਾ-ਪਿਤਾ, ਸਗੋਂ ਕਾਲਜ ਦਾ ਨਾਮ ਵੀ ਪੂਰੇ ਖੇਤਰ ਵਿੱਚ ਮਾਣ ਨਾਲ ਉੱਚਾ ਕੀਤਾ ਹੈ। ਦੇਵ ਸਮਾਜ ਕਾਲਜ ਫ਼ਾਰ ਵੂਮੈਨ ਫਿਰੋਜ਼ਪੁਰ ਪੰਜਾਬ ਯੂਨੀਵਰਸਿਟੀ ਤੋਂ 'ਏ ਪਲੱਸ ਗ੍ਰੇਡ' ਪ੍ਰਾਪਤ ਸੰਸਥਾ ਹੈ, ਜੋ ਲਗਾਤਾਰ ਸਿੱਖਿਆ, ਸਮਾਜਿਕ ਅਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਮੋਹਰੀ ਰਿਹਾ ਹੈ। ਕਾਲਜ ਦਾ ਉਦੇਸ਼ ਵਿਦਿਆਰਥਣਾਂ ਨੂੰ ਉੱਚ ਸਿੱਖਿਆ ਦੇ ਨਾਲ-ਨਾਲ ਨੈਤਿਕ ਮੁੱਲਾਂ ਅਤੇ ਸਮਾਜਿਕ ਜ਼ਿੰਮੇਵਾਰੀਆਂ ਦੀ ਸਿੱਖਿਆ ਦੇਣਾ ਹੈ। ਕਾਲਜ ਦੇ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਦੇ ਆਸ਼ੀਰਵਾਦ, ਡਾ. ਅਗਨੀਜ਼ ਢਿੱਲੋਂ ਚੇਅਰਪਰਸਨ ਦੇ ਯੋਗ ਮਾਰਗਦਰਸ਼ਨ, ਅਜੈ ਬੱਤਾ ਕਾਲਜ ਸਕੱਤਰ ਅਤੇ ਡਾ. ਸੰਗੀਤਾ ਪ੍ਰਿੰਸੀਪਲ ਦੀ ਯੋਗ ਅਗਵਾਈ ਹੇਠ ਇਹ ਸੰਸਥਾ ਨਿੱਤ ਨਵੀਆਂ ਮੱਲਾਂ ਮਾਰ ਰਹੀ ਹੈ। ਇਸ ਮੌਕੇ ਪ੍ਰਧਾਨ (ਕਾਲਜ ਮੈਨੇਜਮੈਂਟ) ਡਾ. ਅਗਨੀਜ਼ ਢਿੱਲੋਂ ਨੇ ਵੀ ਵਿਦਿਆਰਥਣਾਂ ਨੂੰ ਵਧਾਈ ਅਤੇ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਇਸ ਤਰ੍ਹਾਂ ਦੀਆਂ ਪ੍ਰਾਪਤੀਆਂ ਖੇਤਰ ਦੀਆਂ ਹੋਰ ਵਿਦਿਆਰਥਣਾਂ ਲਈ ਵੀ ਪ੍ਰੇਰਣਾ ਦਾ ਸਰੋਤ ਬਣਨਗੀਆਂ। ਉਨ੍ਹਾਂ ਕਿਹਾ ਕਿ ਕਾਲਜ ਵਿਦਿਆਰਥਣਾਂ ਦੇ ਸਰਵਪੱਖੀ ਵਿਕਾਸ ਲਈ ਲਗਾਤਾਰ ਯਤਨਸ਼ੀਲ ਰਹੇਗਾ। ਕਾਲਜ ਦੀ ਪ੍ਰਿੰਸੀਪਲ ਡਾ. ਸੰਗੀਤਾ ਨੇ ਵਿਦਿਆਰਥਣਾਂ ਦੀ ਸਫ਼ਲਤਾ 'ਤੇ ਖ਼ੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਇਹ ਪ੍ਰਾਪਤੀ ਪੂਰੇ ਕਾਲਜ ਪਰਿਵਾਰ ਲਈ ਪ੍ਰੇਰਨਾਦਾਇਕ ਹੈ। ਇਸ ਦੇ ਨਾਲ ਹੀ ਕਾਲਜ ਦੇ ਸਮੂਹ ਅਧਿਆਪਕਾਂ ਨੇ ਵਿਦਿਆਰਥਣਾਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

# ਕੈਬਨਿਟ ਮੰਤਰੀ ਮੁੰਡੀਆਂ ਨੇ ਪਿੰਡ ਕਨੀਜ਼ਾਂ ਵਿਖੇ 20 ਲੱਖ ਰੁਪਏ ਦੀ ਲਾਗਤ ਨਾਲ ਬਣੇ ਕਮਿਊਨਿਟੀ ਹਾਲ ਦਾ ਕੀਤਾ ਉਦਘਾਟਨ

## ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਪੰਜਾਬ ਸਰਕਾਰ ਵਚਨਬੱਧ: ਹਰਦੀਪ ਸਿੰਘ ਮੁੰਡੀਆਂ

ਲੁਧਿਆਣਾ, 12 ਅਕਤੂਬਰ (ਰਾਜੇਸ਼ ਆਹੂਜਾ) ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਵਿਕਾਸ ਕਾਰਜਾਂ ਨੂੰ ਗਤੀ ਦੇਣ ਦੀ ਲੜੀ ਤਹਿਤ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਵੱਲੋਂ ਹਲਕਾ ਸਾਹਨੇਵਾਲ ਦੇ ਪਿੰਡ ਕਨੀਜ਼ਾਂ ਵਿਖੇ ਕਰੀਬ 20 ਲੱਖ ਰੁਪਏ ਦੀ ਲਾਗਤ ਨਾਲ ਨਵੇਂ ਉਸਾਰੇ ਗਏ ਕਮਿਊਨਿਟੀ ਹਾਲ ਦਾ ਰਸਮੀ ਤੌਰ 'ਤੇ ਉਦਘਾਟਨ ਕਰਕੇ ਲੋਕ ਅਰਪਿਤ ਕੀਤਾ ਗਿਆ। ਇਸ ਮੌਕੇ ਪਿੰਡ ਪਹੁੰਚਣ 'ਤੇ ਗ੍ਰਾਮ ਪੰਚਾਇਤ ਅਤੇ ਪਿੰਡ ਵਾਸੀਆਂ ਅਤੇ ਸਰਪੰਚ ਅਵਤਾਰ ਸਿੰਘ ਕਨੀਜ਼ਾਂ ਵੱਲੋਂ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪਿੰਡਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਸ਼ਹਿਰਾਂ ਵਰਗੀਆਂ ਸਹੂਲਤਾਂ ਪਿੰਡਾਂ ਵਿੱਚ ਮੁੱਹਈਆ ਕਰਵਾਉਣ ਲਈ ਨਿਰੰਤਰ ਕਾਰਜਸ਼ੀਲ ਹੈ। ਉਨ੍ਹਾਂ ਦੱਸਿਆ ਕਿ ਪਿੰਡ ਕਨੀਜ਼ਾਂ ਵਿਖੇ ਬਣਾਇਆ ਗਿਆ ਇਹ ਕਮਿਊਨਿਟੀ ਹਾਲ ਪਿੰਡ ਦੀ ਇੱਕ ਵੱਡੀ ਵੱਡੀ ਲੋੜ ਸੀ, ਜਿਸ 'ਤੇ ਕਰੀਬ 20 ਲੱਖ ਰੁਪਏ ਖਰਚ ਕੀਤੇ ਗਏ ਹਨ। ਕੈਬਨਿਟ ਮੰਤਰੀ ਮੁੰਡੀਆਂ ਨੇ ਅੱਗੇ ਕਿਹਾ ਕਿ ਹਲਕੇ ਦੇ ਕਿਸੇ ਵੀ ਪਿੰਡ ਵਿੱਚ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਪੰਚਾਇਤ ਨੂੰ ਅਪੀਲ ਕੀਤੀ ਕਿ ਉਹ ਪਿੰਡ ਦੇ ਬਾਕੀ ਰਹਿੰਦੇ ਵਿਕਾਸ ਕਾਰਜਾਂ ਨੂੰ ਵੀ ਪਾਰਦਰਸ਼ੀ ਤਰੀਕੇ ਨਾਲ ਅਤੇ ਸਮੇਂ ਸਿਰ ਨੇਪਰੇ ਚਾੜ੍ਹਨ। ਇਸ ਮੌਕੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਪਿੰਡ ਕਨੀਜ਼ਾਂ ਦੀ ਧਰਮਸ਼ਾਲਾ ਲਈ 5 ਲੱਖ ਰੁਪਏ ਦੀ ਗਰਾਂਟ ਦੇਣ ਦਾ ਵੀ ਐਲਾਨ ਕੀਤਾ। ਇਸ ਮੌਕੇ ਹਾਜ਼ਰ ਪਿੰਡ ਦੇ ਪਤਵੰਤਿਆਂ ਅਤੇ ਪੰਚਾਇਤ ਨੇ ਹਰਦੀਪ ਸਿੰਘ ਮੁੰਡੀਆਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਇਸ ਆਧੁਨਿਕ ਇਮਾਰਤ ਦੀ ਸਖ਼ਤ ਲੋੜ ਸੀ, ਜੋ ਅੱਜ



ਪੂਰੀ ਹੋ ਗਈ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਪਿੰਡ ਦੀ ਤਰੱਕੀ ਲਈ ਉਹ ਸਰਕਾਰ ਨਾਲ ਮੋਢੇ ਨਾਲ ਮੋਢਾ ਜੋੜ ਕੇ ਚੱਲਣਗੇ। ਇਸ ਉਦਘਾਟਨੀ ਸਮਾਰੋਹ ਦੌਰਾਨ ਵੱਖ-ਵੱਖ ਵਿਭਾਗਾਂ ਦੇ ਪ੍ਰਸ਼ਾਸਨਿਕ ਅਧਿਕਾਰੀ ਅਤੇ ਸਰਪੰਚ ਅਵਤਾਰ ਸਿੰਘ ਰਾਠੌੜ ਕਨੀਜ਼ਾਂ, ਮਨਜੀਤ ਸਿੰਘ ਢਿੱਲੋਂ ਕੌਂਸਲਰ, ਕਰਮਜੀਤ ਸਿੰਘ ਗਰੇਵਾਲ ਖਾਂਸੀ,ਸੁਖਦੇਵ ਸਿੰਘ ਕਨੀਜ਼ਾਂ ਸਕੱਤਰ ਭਾਰਤੀ ਕਿਸਾਨ ਯੂਨੀਅਨ ਚੜੂਨੀ ਪੰਜਾਬ, ਜਸ ਪੰਧੇਰ ਢੇਰੀ,ਮਨਦੀਪ ਸਿੰਘ ਪੰਚ, ਪਰਮਜੀਤ ਸਿੰਘ ਪੰਚ, ਜੋਰਾ ਸਿੰਘ ਪੰਚ, ਦਲਬੀਰ ਸਿੰਘ ਪੰਚ, ਗੁਰਮੇਲ ਸਿੰਘ ਪੰਚ, ਗੁਰਦੇਵ ਸਿੰਘ ਪ੍ਰਧਾਨ ਗੁਰਦੁਆਰਾ ਕਨੀਜ਼ਾਂ, ਗੁਰਨਾਮ ਸਿੰਘ ਚੇਅਰਮੈਨ ਕਨੀਜ਼ਾਂ, ਪ੍ਰਭਜੋਤ ਸਿੰਘ ਸਰਕਲ ਪ੍ਰਧਾਨ, ਰਮੇਸ਼ ਸਿੰਘ,ਪਰਮਜੀਤ ਸਿੰਘ, ਜੀ ਐਸ ਟੇਲਰ, ਤਰਲੋਚਨ ਸਿੰਘ ਸਰਪੰਚ, ਸੁਖਬੀਰ ਸਿੰਘ ਸਰਪੰਚ, ਕੁਲਦੀਪ ਸਿੰਘ ਸਰਪੰਚ, ਇਕਬਾਲ ਸਿੰਘ ਜੰਡਿਆਲੀ, ਬਲਬੀਰ ਸਿੰਘ, ਸਾਬੀ ਸਿੰਘ, ਜਸਮੇਲ ਸਿੰਘ, ਹੀਰਾ ਸਿੰਘ ਸਰਪੰਚ ਆਦਿ ਹਾਜ਼ਰ ਸਨ।

# ਲਹਿਰਾ ਵਿਖੇ ਵਾਹਨਾਂ ਦੀ ਚੈਕਿੰਗ, ਕਈਆਂ ਦੇ ਚਲਾਨ ਕੱਟੇ ਤੇ ਕਈਆਂ ਨੂੰ ਚਿਤਾਵਨੀ ਦੇ ਕੇ ਛੱਡਿਆ

## ਐਸ.ਡੀ.ਐਮ. ਰਾਕੇਸ਼ ਪ੍ਰਕਾਸ਼ ਵੱਲੋਂ ਬੀ.ਐਸ.ਐਨ.ਐਲ. ਐਕਸਚੇਂਜ ਨੇੜੇ ਜਾਂਚ, ਸਕੂਲੀ ਵੈਨਾਂ ਦੀ ਵੀ ਕੀਤੀ ਚੈਕਿੰਗ

ਲਹਿਰਾਗਾਗਾ, ਮੂਨਕ 12 ਅਕਤੂਬਰ (ਬੂਟਾ ਸਿੰਘ ਭੁਟਾਲ/ਗੁਰਮੇਲ ਸਿੰਘ ਸੰਗਤਪੁਰਾ) ; ਵਾਹਨਾਂ ਵਿੱਚ ਟ੍ਰੈਫਿਕ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ਅਤੇ ਸਕੂਲੀ ਬੱਚਿਆਂ ਦੀ ਸੁਰੱਖਿਆ ਦੇ ਮੱਦੇਨਜ਼ਰ ਐਸ.ਡੀ.ਐਮ. ਲਹਿਰਾ ਰਾਕੇਸ਼ ਪ੍ਰਕਾਸ਼ ਵੱਲੋਂ ਬੀ.ਐਸ.ਐਨ.ਐਲ. ਐਕਸਚੇਂਜ ਨੇੜੇ ਵਾਹਨਾਂ ਦੀ ਚੈਕਿੰਗ ਕੀਤੀ ਗਈ। ਇਸ ਦੌਰਾਨ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਕਈ ਵਾਹਨ ਚਾਲਕਾਂ ਦੇ ਚਲਾਨ ਕੱਟੇ ਗਏ, ਜਦਕਿ ਕੁੱਝ ਨੂੰ ਚਿਤਾਵਨੀ ਦੇ ਕੇ ਛੱਡ ਦਿੱਤਾ ਗਿਆ। ਚੈਕਿੰਗ ਮੁਹਿੰਮ ਦੌਰਾਨ ਕਈ ਸਕੂਲੀ ਵੈਨਾਂ ਦੀ ਵੀ ਜਾਂਚ ਕੀਤੀ ਗਈ। ਇਸ ਦੌਰਾਨ ਨਿਯਮਾਂ ਦੀ ਪਾਲਣਾ ਸਬੰਧੀ ਵੈਨ ਚਾਲਕਾਂ ਨੂੰ ਹਦਾਇਤਾਂ ਦਿੱਤੀਆਂ ਗਈਆਂ ਅਤੇ ਕੁੱਝ ਚਾਲਕਾਂ ਨੂੰ



ਚਿਤਾਵਨੀ ਦੇ ਕੇ ਛੱਡਿਆ ਗਿਆ। ਇਸ ਮੌਕੇ ਐਸ.ਡੀ.ਐਮ. ਰਾਕੇਸ਼ ਪ੍ਰਕਾਸ਼ ਨੇ ਕਿਹਾ ਕਿ ਹਰੇਕ ਵਾਹਨ ਚਾਲਕ ਨੂੰ ਟ੍ਰੈਫਿਕ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਖ਼ਾਸ ਕਰਕੇ ਸਕੂਲੀ ਵਾਹਨਾਂ ਵਿੱਚ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਬੇਹੱਦ ਜ਼ਰੂਰੀ ਹੈ ਅਤੇ ਇਸ ਮਾਮਲੇ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਨਹੀਂ ਵਰਤੀ ਜਾਣੀ ਚਾਹੀਦੀ। ਉਨ੍ਹਾਂ ਸਪੱਸ਼ਟ ਕੀਤਾ ਕਿ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਅਜਿਹੇ ਵਾਹਨ ਚਾਲਕਾਂ ਵਿਰੁੱਧ ਨਿਯਮਾਂ ਅਨੁਸਾਰ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਵਾਹਨ ਚਾਲਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਅਤੇ ਦੂਜਿਆਂ ਦੀ ਸੁਰੱਖਿਆ ਲਈ ਨਿਯਮਾਂ ਦੀ ਪਾਲਣਾ ਕਰਨ ਅਤੇ ਸਕੂਲੀ ਬੱਚਿਆਂ ਦੀ ਸੁਰੱਖਿਆ ਨੂੰ ਪਹਿਲ ਦੇਣ।

# ਮਾਲੇਰਕੋਟਲਾ 'ਚ 'ਕਾਰਵਾਨ-ਏ-ਅਦਬ ਪੰਜਾਬ' ਵੱਲੋਂ ਸ਼ਾਨਦਾਰ ਕਵੀ ਦਰਬਾਰ

ਮਾਲੇਰਕੋਟਲਾ-12 ਅਕਤੂਬਰ (ਕੁਲਵੰਤ ਸਿੰਘ ਮੁਹਾਲੀ) ਵਿੱਦਿਆ ਤੇ ਸਾਹਿਤ ਦੇ ਕੇਂਦਰ ਮਾਲੇਰਕੋਟਲਾ ਵਿਖੇ ਸਾਹਿਤਕ ਸੰਸਥਾ "ਕਾਰਵਾਨ-ਏ-ਅਦਬ ਪੰਜਾਬ" ਵੱਲੋਂ ਮੁਅੱਜ਼ਮ ਮੰਜ਼ਿਲ ਵਿਖੇ ਸ਼ਾਨਦਾਰ ਕਵੀ ਦਰਬਾਰ ਕਰਵਾਇਆ ਗਿਆ। ਪ੍ਰਧਾਨਗੀ ਸੰਸਥਾ ਦੇ ਪ੍ਰਧਾਨ ਤੇ ਮਸ਼ਹੂਰ ਸ਼ਾਇਰ ਜਨਾਬ ਜ਼ਫ਼ਰ ਅਹਿਮਦ ਜ਼ਫ਼ਰ ਨੇ ਕੀਤੀ, ਜਦਕਿ ਨੈਸ਼ਨਲ ਹਿਊਮਨ ਰਾਈਟਸ ਕੌਂਸਲ ਦੇ ਵਾਇਸ ਚੇਅਰਮੈਨ ਜ਼ਹੂਰ ਅਹਿਮਦ ਚੌਹਾਨ ਮੁੱਖ ਮਹਿਮਾਨ ਵਜੋਂ ਪੁੱਜੇ ਬੈਠਕ ਦਾ ਆਰੰਭ ਮੁਹੰਮਦ ਮੁਅੱਜ਼ਮ ਸੈਫੀ ਵੱਲੋਂ ਕੁਰਾਨ ਸ਼ਰੀਫ ਦੀ ਤਿਲਾਵਤ ਨਾਲ ਹੋਇਆ ਤੇ ਮੁਹੰਮਦ ਮੁਕਰਮ ਸੈਫੀ ਨੇ ਨਾਤ-ਏ-ਰਸੂਲ ਪੇਸ਼ ਕੀਤੀ। ਪ੍ਰਧਾਨਗੀ ਭਾਸ਼ਣ 'ਚ ਜ਼ਫ਼ਰ ਅਹਿਮਦ ਜ਼ਫ਼ਰ ਨੇ ਕਿਹਾ ਕਿ ਇਸ ਮਹਿਫਿਲ 'ਚ ਪੇਸ਼ ਹੋਇਆ ਕਲਾਮ ਸ਼ਾਇਰਾਂ ਦੀ ਸੰਜੀਦਗੀ ਤੇ ਡੂੰਘੀ



ਸੋਚ ਦਾ ਪ੍ਰਤੀਕ ਹੈ। ਸਾਡੇ ਸ਼ਾਇਰ ਸਮਾਜ ਦੇ ਹਰ ਪਹਿਲੂ 'ਤੇ ਨਜ਼ਰ ਰੱਖ ਕੇ ਨਵੇਂ ਮੁੱਦਿਆਂ ਨੂੰ ਸ਼ਾਇਰੀ ਦਾ ਹਿੱਸਾ ਬਣਾ ਰਹੇ ਹਨ। ਇਸ ਦੌਰਾਨ ਗੁਲਜ਼ਾਰ ਦੀ ਗ਼ਜ਼ਲ "ਚਾਂਦ ਨੇ ਕਿਤਨੀ ਦੇਰ ਲਗਾ ਦੀ ਆਨੇ ਮੇਂ" ਨੂੰ ਤਰਹਾ ਵਜੋਂ ਚੁਣਿਆ ਗਿਆ, ਜਿਸ 'ਤੇ ਇਫਤਿਖਾਰ ਸੈਫੀ ਤੇ ਸਾਜਿਦ ਅਨਵਰ ਸੈਫੀ ਨੇ ਖ਼ੂਬਸੂਰਤ ਕਲਾਮ ਪੇਸ਼ ਕਰਕੇ ਮਹਿਫਿਲ ਲੁੱਟ ਲਈ। ਮੰਚ ਸੰਚਾਲਨ ਅਸਗਰ ਅਮੀਨ ਨੇ ਕੀਤਾ।ਸਮਾਗਮ 'ਚ ਜ਼ਫ਼ਰ ਅਹਿਮਦ ਜ਼ਫ਼ਰ, ਡਾ. ਅਨਵਾਰ ਅਹਿਮਦ ਅੰਸਾਰੀ, ਮੁਸ਼ਤਾਕ ਜੋਸ਼, ਮੁਕਰਮ ਸੈਫੀ, ਜ਼ਮੀਰ ਅਲੀ ਜ਼ਮੀਰ, ਡਾ. ਮੁਹੰਮਦ ਅਸ਼ਰਫ, ਡਾ. ਸੰਦੀਪ ਕੁਮਾਰ ਗੇਰਾ, ਅਖਤਰ ਸ਼ਾਦ, ਮੁਬੀਨ ਕੁਰੈਸ਼ੀ ਸਣੇ ਕਈ ਸ਼ਾਇਰਾਂ ਨੇ ਕਲਾਮ ਪੇਸ਼ ਕੀਤਾ। ਇਸ ਮੌਕੇ ਪੱਤਰਕਾਰ ਯਾਸੀਨ ਅਲੀ, ਡਾ. ਹਨੀਫ ਆਜ਼ਾਦ, ਡਾ. ਮੁਹੰਮਦ ਅਕਮਲ, ਨਾਸਿਰ ਆਜ਼ਾਦ ਤੇ ਹੋਰ ਪਤਵੰਤੇ ਹਾਜ਼ਰ ਸਨ।

# ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾਈ ਸਿਰਜਣਾ ਮੌਕੇ ਜਾਤ ਪਾਤ ਦੇ ਭੇਦ ਭਾਵ ਨੂੰ ਖਤਮ ਕੀਤਾ : ਭੁੱਟਾ

## ਸ਼੍ਰੋਮਣੀ ਅਕਾਲੀ ਦਲ ਵਿੱਚ ਹਰੇਕ ਧਰਮ ਦਾ ਕੀਤਾ ਜਾਂਦਾ ਬਰਾਬਰ ਸਤਿਕਾਰ

ਫ਼ਤਿਹਗੜ੍ਹ ਸਾਹਿਬ 12 ਅਕਤੂਬਰ ( ਗੁਰਪ੍ਰੀਤ ਸਿੰਘ ਜਖਵਾਲੀ) ਦਸਮ ਪਿਤਾ ਸਰਬੰਸਦਾਨੀ ਸਾਹਿਬ ਸ੍ਰੀ ਗੋਬਿੰਦ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਣਾ ਮੌਕੇ ਜਾਤ ਪਾਤ ਤੇ ਭੇਦ ਭਾਵ ਨੂੰ ਖਤਮ ਕਰਕੇ ਖਾਲਸੇ ਦੀ ਸਿਰਜਣਾ ਕੀਤੀ ਸੀ ਅਤੇ ਸ਼੍ਰੋਮਣੀ ਅਕਾਲੀ ਦਲ ਗੁਰੂ ਸਾਹਿਬ ਵੱਲੋਂ ਦੱਸੇ ਉਸ ਰਾਹ ਤੇ ਪੂਰੇ ਸ਼ਿੱਦਤ ਨਾਲ ਚੱਲ ਰਿਹਾ ਹੈ। ਇਹ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਬਲਜੀਤ ਸਿੰਘ ਭੁੱਟਾ ਨੇ ਡੋਰ ਟੂ ਡੋਰ ਮੁਹਿੰਮ ਅਧੀਨ ਪਿੰਡ ਭਮਾਰਸੀ ਜ਼ੇਰ ਵਿਖੇ ਗੱਲਬਾਤ ਕਰਦਿਆਂ ਕੀਤਾ। ਉਨਾਂ ਨੂੰ ਇਸ ਮੌਕੇ ਪਿੰਡ ਦੀ ਮਾਤਾ ਚਰਨਜੀਤ ਕੌਰ ਨੇ ਵਿਸ਼ੇਸ਼ ਤੌਰ ਤੇ ਰੋਟੀ ਪਕਾ ਕੇ ਖਵਾਈ। ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵਿੱਚ ਕਿਸੇ ਵੀ ਕਿਸਮ ਦੇ ਭੇਦ ਭਾਵ ਲਈ ਜਗ੍ਹਾ ਨਹੀਂ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਹਰੇਕ ਧਰਮ ਅਤੇ ਹਰ ਵਰਗ ਦੇ ਲੋਕਾਂ ਦਾ



ਬਰਾਬਰ ਸਤਿਕਾਰ ਕਰਦਾ ਹੈ ਅਤੇ ਉਹਨਾਂ ਨੂੰ ਬਰਾਬਰਤਾ ਦਾ ਸਨਮਾਨ ਵੀ ਦਿੱਤਾ ਜਾਂਦਾ ਹੈ।ਸ. ਭੁੱਟਾ ਨੇ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਣਾ ਕਰਕੇ ਇਹ ਸੰਦੇਸ਼ ਦਿੱਤਾ ਸੀ ਕਿ ਸਮਾਜ ਵਿੱਚ ਕਿਸੇ ਕਿਸਮ ਦਾ ਭੇਦਭਾਵ ਨਹੀਂ ਹੋਣਾ ਚਾਹੀਦਾ ਅਤੇ ਖਾਲਸਾ ਕਿਸੇ ਭੇਦਭਾਵ ਨੂੰ ਨਹੀਂ ਮੰਨਦਾ। ਉਹਨਾਂ ਕਿਹਾ ਕਿ ਆਮ ਵਰਗ ਦੇ ਲੋਕ ਸ਼ੁਰੂ ਤੋਂ ਹੀ ਨਰੋਏ ਸਮਾਜ ਦੀ ਸਿਰਜਣਾ ਵਿੱਚ ਅਹਿਮ ਯੋਗਦਾਨ ਪਾਉਂਦੇ ਰਹੇ ਹਨ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਲੋਕ ਸ਼੍ਰੋਮਣੀ ਅਕਾਲੀ ਦਲ ਦਾ ਸਾਥ ਦੇ ਕੇ ਸੂਬੇ ਵਿੱਚ ਇੱਕ ਮਜਬੂਤ ਸਰਕਾਰ ਦਾ ਗਠਨ ਕਰਨਗੇ।

ਉਨਾਂ ਹੋਰ ਕਿਹਾ ਕਿ ਮੌਜੂਦਾ ਸਰਕਾਰ ਵੱਲੋਂ ਲੋਕਾਂ ਦੀਆਂ ਭਾਵਨਾਵਾਂ ਨਾਲ ਜੋ ਖਿਲਵਾੜ ਕੀਤਾ ਹੈ ਉਸ ਦਾ ਨਤੀਜਾ ਉਹਨਾਂ ਨੂੰ ਭਰਨਾ ਪਵੇਗਾ। ਇਸ ਮੌਕੇ ਪਿੰਡ ਦੇ ਲੋਕਾਂ ਤੋਂ ਪੰਜਾਬ ਬਚਾਓ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਲਿਆਓ ਪ੍ਰੋਗਰਾਮ ਤਹਿਤ ਫਾਰਮ ਵੀ ਭਰਵਾਏ ਗਏ ਅਤੇ ਲੋਕਾਂ ਨੂੰ ਮੌਜੂਦਾ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਤੋਂ ਜਾਣੂ ਵੀ ਕਰਵਾਇਆ ਗਿਆ। ਉਹਨਾਂ ਕਿਹਾ ਕਿ ਡੋਰ ਟੂ ਡੋਰ ਪ੍ਰੋਗਰਾਮ ਕੇਵਲ ਪ੍ਰਚਾਰ ਲਈ ਹੀ ਨਹੀਂ ਸਗੋਂ ਲੋਕਾਂ ਦੇ ਸੁਝਾਅ ਲੈਣ ਲਈ ਵੀ ਚਲਾਇਆ ਗਿਆ ਹੈ ਤਾਂ ਜੋ ਸੂਬੇ ਅੰਦਰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਨ ਉੱਤੇ ਪੰਜਾਬ ਅੰਦਰ ਲੋਕਾਂ ਦੀ ਮਰਜ਼ੀ ਅਨੁਸਾਰ ਵਿਕਾਸ ਕਾਰਜ ਕਰਵਾਏ ਜਾ ਸਕਣ। ਇਸ ਮੌਕੇ ਬਰਿੰਦਰ ਸਿੰਘ ਬੱਬਲ ਮੈਂਬਰ ਪੀ ਏ ਸੀ ਸ਼੍ਰੋਮਣੀ ਅਕਾਲੀ ਦਲ,ਕਰਮਜੀਤ ਸਿੰਘ ਜੱਲ੍ਹਾ ਮੁੱਖ ਬੁਲਾਰਾ ਹਲਕਾ ਸ਼੍ਰੀ ਫ਼ਤਹਿਗੜ੍ਹ ਸਾਹਿਬ,ਤੇਜਿੰਦਰ ਸਿੰਘ ਸੌਂਢਾ,ਦਵਿੰਦਰ ਸਿੰਘ ਜੱਲ੍ਹਾ,ਸਕਿੰਦਰ ਸਿੰਘ ਸਾਬਕਾ ਸਰਪੰਚ, ਕੁਲਦੀਪ ਸਿੰਘ,ਨਿਰਭੈ ਸਿੰਘ ਪੰਚ, ਅਜੀਤ ਸਿੰਘ,ਗੁਰਦੀਪ ਸਿੰਘ, ਸੇਵਾ ਸਿੰਘ, ਹਰਪ੍ਰੀਤ ਸਿੰਘ,ਜਬਰ ਸਿੰਘ, ਮਨਜੀਤ ਸਿੰਘ ਸਾਬਕਾ ਪੰਚ,ਜਗਤਾਰ ਸਿੰਘ,ਮਾਤਾ ਚਰਨਜੀਤ ਕੌਰ,ਗੁਰਪ੍ਰੀਤ ਸਿੰਘ ਪੰਜੋਲੀ,ਆਦਿ ਹਾਜ਼ਰ ਸਨ।

# ਅਕਾਲੀ ਦਲ ਦੀ ਸਰਕਾਰ 'ਚ ਲਾਲੜੂ ਬਣੇਗਾ ਗੇਟਵੇ ਆਫ਼ ਪੰਜਾਬ : ਕ੍ਰਿਸ਼ਨ ਪਾਲ ਸ਼ਰਮਾ

ਲਾਲੜੂ, 12 ਅਕਤੂਬਰ (ਪੱਤਰ ਪ੍ਰੇਰਕ) ਸ਼੍ਰੋਮਣੀ ਅਕਾਲੀ ਦਲ ਦੇ ਉਪ ਪ੍ਰਧਾਨ ਅਤੇ ਮੋਹਾਲੀ ਜ਼ਿਲ੍ਹਾ ਯੋਜਨਾ ਬੋਰਡ ਦੇ ਸਾਬਕਾ ਚੇਅਰਮੈਨ ਕ੍ਰਿਸ਼ਨ ਪਾਲ ਸ਼ਰਮਾ ਨੇ ਕਿਹਾ ਹੈ ਕਿ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਦੇ ਸੱਤਾ ਵਿੱਚ ਆਉਣ 'ਤੇ ਲਾਲੜੂ ਖੇਤਰ ਨੂੰ ਸਰਹੱਦੀ ਖੇਤਰ ਦੇ ਰੂਪ ਵਿੱਚ ਵਿਕਸਤ ਕੀਤਾ ਜਾਵੇਗਾ। ਲਾਲੜੂ ਨੂੰ ਗੇਟਵੇ ਆਫ਼ ਪੰਜਾਬ ਦਾ ਦਰਜਾ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵਿੱਚ ਹੀ ਦਿੱਤਾ ਜਾਵੇਗਾ। ਅਕਾਲੀ ਦਲ ਦੀ ਜਨ ਸੰਪਰਕ ਮੁਹਿੰਮ ਦੇ ਹਿੱਸੇ ਵਜੋਂ, ਕ੍ਰਿਸ਼ਨ ਪਾਲ ਸ਼ਰਮਾ ਨੇ ਲਾਲੜੂ ਵਿੱਚ ਪਾਰਟੀ ਵਰਕਰਾਂ ਅਤੇ ਸਥਾਨਕ ਆਗੂਆਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਦੀ ਅਪੀਲ ਕੀਤੀ। ਸ਼ਰਮਾ ਨੇ ਪਾਰਟੀ ਆਗੂਆਂ ਨਾਲ ਵੀ ਮੀਟਿੰਗ ਕਰਕੇ ਹੁਣ ਤੱਕ ਦੀ ਮੁਹਿੰਮ ਬਾਰੇ ਫੀਡਬੈਕ ਲਈ। ਕ੍ਰਿਸ਼ਨ ਪਾਲ ਸ਼ਰਮਾ ਨੇ ਕਿਹਾ ਕਿ ਜਦੋਂ ਵੀ ਪੰਜਾਬ ਵਿੱਚ ਅਕਾਲੀ ਦਲ ਦੀ ਸਰਕਾਰ ਰਹੀ ਹੈ, ਲਾਲੜੂ ਇਲਾਕੇ ਵਿੱਚ ਵਿਕਾਸ ਹੋਇਆ ਹੈ। ਪਿਛਲੇ ਦਸ ਸਾਲਾਂ ਦੌਰਾਨ ਸੱਤਾ ਵਿੱਚ ਆਈਆਂ ਸਰਕਾਰਾਂ ਕੋਲ ਇਸ ਇਲਾਕੇ ਵਿੱਚ ਵਿਕਾਸ ਲਈ ਕੁਝ ਵੀ ਦਿਖਾਉਣ ਲਈ ਨਹੀਂ ਹੈ। ਸ਼ਰਮਾ ਨੇ ਕਿਹਾ ਕਿ ਅਕਾਲੀ ਦਲ ਹੀ ਇੱਕੋ ਇੱਕ ਪਾਰਟੀ ਹੈ ਜੋ ਇੱਥੋਂ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਮਝਦੀ ਹੈ। ਇਸ ਉਦੇਸ਼ ਨਾਲ, ਜਨ ਸੰਪਰਕ ਮੁਹਿੰਮ ਰਾਹੀਂ ਜਨਤਾ ਤੋਂ ਉਨ੍ਹਾਂ ਦੀਆਂ ਸਮੱਸਿਆਵਾਂ ਬਾਰੇ ਪੁੱਛਿਆ ਜਾ ਰਿਹਾ ਹੈ ਤਾਂ ਜੋ ਪਾਰਟੀ ਦੇ ਮੈਨੀਫੈਸਟੋ ਵਿੱਚ ਇਨ੍ਹਾਂ ਸਮੱਸਿਆਵਾਂ ਦੇ ਹੱਲ ਦੱਸੇ ਜਾ ਸਕਣ।



# ਪਿੰਡ ਵਿੱਚ ਕੁੱਲ 50 ਗਊਆਂ ਹੋਣ ਦਾ ਕੀਤਾ ਦਾਅਵਾ, ਅਫ਼ਵਾਹਾਂ ਫੈਲਾਉਣ ਵਾਲਿਆਂ ਵਿਰੁੱਧ ਕਾਨੂੰਨੀ ਕਾਰਵਾਈ ਦੀ ਚਿਤਾਵਨੀ

## ਰਣਧੀਰ ਸਿੰਘ ਖਾਈ ਦਾ ਪਲਟਵਾਰ: ਮੌਤਾਂ ਦੀ ਗੱਲ ਇਕੱਲੇ ਪਿੰਡ ਦੀ ਨਹੀਂ, ਪੂਰੇ ਬਲਾਕ ਲਹਿਰਾਗਾਗਾ ਦੀ ਹੈ; ਜੇਕਰ ਸਰਪੰਚ ਮੁਆਵਜ਼ਾ ਦਿਵਾਉਣ ਦਾ ਦਮ ਹੈ ਤਾਂ ਕੱਲ੍ਹ ਹੀ ਗਊ ਪਾਲਕਾਂ ਦੇ ਨਾਂਵਾਂ ਦੀ ਸੂਚੀ ਦੇਣ ਲਈ ਤਿਆਰ ਹਾਂ

ਲਹਿਰਾਗਾਗਾ, ਮੂਨਕ 12 ਅਕਤੂਬਰ (ਬੂਟਾ ਸਿੰਘ ਭੁਟਾਲ, ਗੁਰਮੇਲ ਸਿੰਘ ਸੰਗਤਪੁਰਾ) ; ਪਿੰਡ ਖਾਈ ਵਿੱਚ 150 ਤੋਂ 200 ਗਊਆਂ ਦੀ ਮੌਤ ਹੋਣ ਸਬੰਧੀ ਸਾਹਮਣੇ ਆਈ ਖ਼ਬਰ ਨੂੰ ਲਹਿਰਾ ਨੇੜਲੇ ਪਿੰਡ ਦੇ ਸਰਪੰਚ ਵੱਲੋਂ ਝੂਠਾ ਕਰਾਰ ਦਿੱਤਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪਿੰਡ ਵਿੱਚ ਕੁੱਲ ਗਊਆਂ ਦੀ ਗਿਣਤੀ ਹੀ ਕਰੀਬ 50 ਹੈ, ਇਸ ਲਈ ਇਕੱਲੇ ਪਿੰਡ ਵਿੱਚ 150 ਤੋਂ 200 ਗਊਆਂ ਦੀ ਮੌਤ ਹੋਣ ਦੀ ਖ਼ਬਰ ਬੇਬੁਨਿਆਦ ਹੈ। ਸਰਪੰਚ ਜਰਨੈਲ ਸਿੰਘ ਨੇ ਕਿਹਾ ਕਿ ਅਜਿਹੀਆਂ ਖ਼ਬਰਾਂ ਫੈਲਾਉਣ ਨਾਲ ਲੋਕਾਂ ਵਿੱਚ ਬੇਵਜ੍ਹਾ ਡਰ ਅਤੇ ਭੰਬਲਭੂਸਾ ਪੈਦਾ ਹੁੰਦਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਖ਼ਬਰ ਨੂੰ ਸਾਂਝਾ ਕਰਨ ਤੋਂ ਪਹਿਲਾਂ ਉਸ ਦੀ ਸੱਚਾਈ ਦੀ ਪੁਸ਼ਟੀ ਜ਼ਰੂਰ ਕੀਤੀ ਜਾਵੇ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਕੋਈ ਵਿਅਕਤੀ ਜਾਣਬੁੱਝ ਕੇ ਝੂਠੀਆਂ ਖ਼ਬਰਾਂ ਫੈਲਾਉਂਦਾ ਪਾਇਆ ਗਿਆ ਤਾਂ ਉਸ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਸਰਪੰਚ ਨੇ ਦੱਸਿਆ ਕਿ



ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਸੰਗਰੂਰ, ਵੈਟਰਨਰੀ ਪੌਲੀਕਲੀਨਿਕ ਸੰਗਰੂਰ ਅਤੇ ਆਰ.ਡੀ.ਡੀ.ਐੱਲ. ਜਲੰਧਰ ਦੇ ਡਾਕਟਰਾਂ ਦੀ ਟੀਮ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਕੀਤੀ ਹੈ ਅਤੇ ਸੈਂਪਲ ਵੀ ਇਕੱਤਰ ਕੀਤੇ ਹਨ। ਉਨ੍ਹਾਂ ਅਨੁਸਾਰ, ਡਾਕਟਰਾਂ ਨੇ ਜਾਂਚ ਦੌਰਾਨ ਕਿਸੇ ਤਰ੍ਹਾਂ ਦੀ ਚਿੰਤਾ ਵਾਲੀ ਗੱਲ ਨਾ ਹੋਣ ਬਾਰੇ ਕਿਹਾ। ਇਸ ਮੌਕੇ ਪੰਚਾਇਤ ਵੱਲੋਂ ਪਹੁੰਚੀ ਡਾਕਟਰੀ ਟੀਮ ਦਾ ਧੰਨਵਾਦ ਵੀ ਕੀਤਾ ਗਿਆ। ਦੂਜੇ ਪਾਸੇ, ਰਣਧੀਰ ਸਿੰਘ ਖਾਈ ਨੇ ਸਰਪੰਚ ਦੇ ਦਾਅਵੇ 'ਤੇ ਚੁੱਕੇ ਸਵਾਲ : ਦੂਜੇ ਪਾਸੇ, ਅਗਾਂਹਵਧੂ ਨੌਜਵਾਨ ਰਣਧੀਰ ਸਿੰਘ ਖਾਈ ਨੇ ਗਊਆਂ ਦੀਆਂ ਮੌਤਾਂ ਸਬੰਧੀ ਆਪਣੇ ਦਾਅਵੇ ਨੂੰ ਦੁਹਰਾਉਂਦਿਆਂ ਕਿਹਾ ਕਿ ਇਹ ਮਾਮਲਾ ਸਿਰਫ਼ ਪਿੰਡ ਖਾਈ ਦਾ ਨਹੀਂ, ਸਗੋਂ ਪੂਰੇ ਬਲਾਕ ਲਹਿਰਾਗਾਗਾ ਦੇ ਵੱਖ-ਵੱਖ ਪਿੰਡਾਂ ਵਿੱਚ ਗਊਆਂ ਦੀਆਂ ਹੋਈਆਂ ਮੌਤਾਂ ਨਾਲ ਸਬੰਧਤ ਹੈ। ਉਨ੍ਹਾਂ ਸਰਪੰਚ ਵੱਲੋਂ ਦਿੱਤੀ ਕਾਨੂੰਨੀ ਕਾਰਵਾਈ ਦੀ ਚਿਤਾਵਨੀ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਅਜਿਹੀ ਚਿਤਾਵਨੀ ਦੇਣ ਦੀ ਬਜਾਏ ਮਾਮਲੇ ਦੀ ਅਸਲੀਅਤ ਸਾਹਮਣੇ ਲਿਆਉਣੀ ਚਾਹੀਦੀ ਹੈ। ਰਣਧੀਰ ਸਿੰਘ ਖਾਈ ਨੇ ਕਿਹਾ, ਜੇਕਰ ਸਰਪੰਚ ਸਾਹਿਬ ਗਊਆਂ ਦੀ ਮੌਤ ਦੇ ਮਾਮਲੇ ਵਿੱਚ ਮੁਆਵਜ਼ਾ ਦਿਵਾਉਣ ਦਾ ਦਮ ਰੱਖਦੇ ਹਨ ਤਾਂ ਮੈਂ ਕੱਲ੍ਹ ਹੀ ਗਊ ਪਾਲਕਾਂ ਦੇ ਨਾਂਵਾਂ ਸਮੇਤ ਵੇਰਵਾ ਦੇਣ ਲਈ ਤਿਆਰ ਹਾਂ। ਉਨ੍ਹਾਂ ਦੱਸਿਆ ਕਿ ਲਹਿਰਾਗਾਗਾ ਦੀ ਗਊਸ਼ਾਲਾ ਵਿੱਚ ਵੀ ਕਰੀਬ 50 ਗਊਆਂ ਇਸ ਬਿਮਾਰੀ ਦੀ ਲਪੇਟ ਵਿੱਚ ਆ ਗਈਆਂ ਸਨ, ਪਰ ਸਮੇਂ ਸਿਰ ਧਿਆਨ ਦਿੱਤੇ ਜਾਣ ਕਾਰਨ ਉਨ੍ਹਾਂ ਨੂੰ ਬਚਾ ਲਿਆ ਗਿਆ। ਉਨ੍ਹਾਂ ਦਾ ਦਾਅਵਾ ਹੈ ਕਿ ਬਲਾਕ ਦੇ ਕਈ ਹੋਰ ਪਿੰਡਾਂ ਵਿੱਚ ਵੀ ਇਸ ਬਿਮਾਰੀ ਕਾਰਨ ਕਈ ਕਈ ਗਊਆਂ ਦੀਆਂ ਮੌਤਾਂ ਹੋਈਆਂ ਹਨ। ਰਣਧੀਰ ਸਿੰਘ ਨੇ ਅੱਗੇ ਦੱਸਿਆ ਕਿ ਉਨ੍ਹਾਂ ਨੇ ਖ਼ੁਦ ਸੀਨੀਅਰ ਵੈਟਰਨਰੀ ਡਾਕਟਰ ਵਿਸ਼ਾਲ ਨੂੰ ਕੁਝ ਅਜਿਹੇ ਘਰਾਂ ਦਾ ਦੌਰਾ ਵੀ ਕਰਵਾਇਆ ਹੈ, ਜਿੱਥੇ ਉਨ੍ਹਾਂ ਦੇ ਦਾਅਵੇ ਅਨੁਸਾਰ ਇਸ ਬਿਮਾਰੀ ਕਾਰਨ ਗਊਆਂ ਦੀ ਮੌਤ ਹੋਈ ਹੈ।

# ਜ਼ਿਲ੍ਹਾ ਨੂੰਹ ਵਿੱਚ ਇੱਕੋ ਸਮੇਂ 8 ਹੋਰ ਪੇਂਡੂ ਖੇਤਰਾਂ ਵਿੱਚ ਨਵੇਂ ਉਪ-ਸਿਹਤ ਕੇਂਦਰ ਖੋਲ੍ਹਣ ਦੀ ਸਰਕਾਰ ਨੇ ਦਿੱਤੀ ਮਨਜ਼ੂਰੀ

ਚੰਡੀਗੜ੍ਹ, 12 ਅਕਤੂਬਰ – ਹਰਿਆਣਾ ਦੀ ਸਿਹਤ, ਮੈਡੀਕਲ ਸਿੱਖਿਆ ਅਤੇ ਆਯੂਸ਼ ਮੰਤਰੀ ਆਰਤੀ ਸਿੰਘ ਰਾਓ ਨੇ ਦੱਸਿਆ ਕਿ ਜਿਲ੍ਹਾ ਨੂੰਹ ਵਿੱਚ ਸਿਹਤ ਸੇਵਾਵਾਂ ਦੇ ਬੁਨਿਆਦੀ ਢਾਂਚੇ ਨੂੰ ਹੋਰ ਵੱਧ ਮਜ਼ਬੂਤ ਅਤੇ ਜਨ-ਸੁਲਭ ਬਣਾਉਣ ਦੀ ਦਿਸ਼ਾ ਵਿੱਚ ਇੱਕ ਵੱਡਾ ਕਦਮ ਚੁੱਕਦਿਆਂ ਜ਼ਿਲ੍ਹੇ ਦੇ 8 ਹੋਰ ਪੇਂਡੂ ਖੇਤਰਾਂ ਵਿੱਚ ਨਵੇਂ ਉਪ-ਸਿਹਤ ਕੇਂਦਰ ਖੋਲ੍ਹਣ ਦੀ ਸਰਕਾਰ ਨੇ ਮਨਜ਼ੂਰੀ ਦਿੱਤੀ ਹੈ। ਸਿਹਤ ਮੰਤਰੀ ਨੇ ਦੱਸਿਆ ਕਿ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਵੱਲੋਂ ਰਾਜ ਵਿੱਚ 100 ਨਵੇਂ ਉਪ-ਸਿਹਤ ਕੇਂਦਰ ਖੋਲ੍ਹੇ ਜਾਣ ਦੀ ਬਜਟ ਘੋਸ਼ਣਾ ਦੇ ਕ੍ਰਮ ਵਿੱਚ ਇਹ ਪ੍ਰਸ਼ਾਸਨਿਕ ਫ਼ੈਸਲਾ ਲਿਆ ਗਿਆ ਹੈ। ਜਿਲ੍ਹਾ ਨੂੰਹ ਦੇ ਤਹਿਤ ਮਾਨੌਤ, ਖਾਨਪੁਰ ਘਾਟੀ, ਝਾਰਪੁਰੀ, ਸਲੰਬਾ, ਬਾਦਲੀ, ਗੁਰਨਾਵਟ, ਪਾਪੜਾ ਅਤੇ ਰਾਇਪੁਰੀ ਪਿੰਡਾਂ ਵਿੱਚ ਇਨ੍ਹਾਂ ਨਵੇਂ ਉਪ-ਸਿਹਤ ਕੇਂਦਰਾਂ ਦੀ ਸਥਾਪਨਾ ਕੀਤੀ ਜਾਵੇਗੀ। ਇਨ੍ਹਾਂ ਸਾਰੇ ਚੁਣੇ ਗਏ ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ ਵੱਲੋਂ ਉਪ-ਸਿਹਤ ਕੇਂਦਰਾਂ ਦੇ ਨਿਰਮਾਣ ਅਤੇ ਸੰਚਾਲਨ ਲਈ ਮੁਫ਼ਤ ਜ਼ਮੀਨ ਅਤੇ ਅਸਥਾਈ ਭਵਨ ਉਪਲਬਧ ਕਰਵਾਉਣ ਦੇ ਮਤੇ ਪਾਸ ਕਰਕੇ ਪਹਿਲਾਂ ਹੀ ਸਹਿਮਤੀ ਦੇ ਦਿੱਤੀ ਗਈ ਹੈ।

## ਜਨਮ ਦਿਨ ਮੁਬਾਰਕ



ਵਿਸ਼ਵਦੀਪ ਕੌਰ
ਮਾਤਾ ਵੀਰਪਾਲ ਕੌਰ ਪਿਤਾ ਕਰਨ ਸਿੰਘ, ਭੀਖੀ (ਮਾਨਸਾ)




